ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

ਨਵੰਬਰ–1998

# ਸਿੱਖ ਫੁਲਵਾੜੀ

# SIKH PHULWARI

## 1 ਤੋਂ 4 ਅਕਤੂਬਰ ਜਲੰਧਰ ਵਿਖੇ ਹੋਏ ਕੇਂਦਰੀ ਸਮਾਗਮ ਦੀਆਂ ਝਲਕੀਆਂ



ਪ੍ਰਿੰਸੀਪਲ ਹਰਿਭਜਨ ਸਿੰਘ ਜੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ



ਮਿਸ਼ਨਰੀ ਵੀਰ ਗਤਕੇ ਦੇ ਜੌਹਰ ਦਿਖਾਉਂਦੇ ਹੋਏ



ਦੀਵਾਨ ਵਿੱਚ ਜੁੜੀਆਂ ਸੰਗਤਾਂ



ਲੰਗਰ ਛਕ ਰਹੀਆਂ ਸੰਗਤਾਂ

5 ਰੁਪਏ

# ਸਿੱਖ ਫੁਲਵਾੜੀ

ਹਿੰਦੀ ਵਿੱਚ ਵੀ ਮਿਲਦਾ ਹੈ।

ਸਾਲ 19 ਨਵੰਬਰ 1998 ਅੰਕ 4



ਮੁੱਖ ਸੰਪਾਦਕ — ਪ੍ਰਿੰ: ਹਰਿਭਜਨ ਸਿੰਘ, ਲੁਧਿਆਣਾ

ਸੰਪਾਦਕ — ਸ. ਹਰਜੀਤ ਸਿੰਘ (ਐਮ. ਏ.), ਜਲੰਧਰ



ਸਿੱਖ ਫੁਲਵਾੜੀ ਡਾਇਰੈਕਟਰ, ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਭ ਸਕੂਲਾਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਤੇ ਲਾਇਬਰੇਰੀਆਂ ਲਈ ਪੱਤਰ ਨੰਬਰ 332813-7-1981 ਰਾਹੀਂ ਪ੍ਰਵਾਨਿਤ ਹੈ।

**ਚੰਦਾ ਭੇਜਣ ਦਾ ਪਤਾ :**
ਸਿੱਖ ਫੁਲਵਾੜੀ, 1051, ਕੂਚਾ 14, ਫ਼ੀਲਡ ਗੰਜ, ਲੁਧਿਆਣਾ-8
ਫ਼ੋਨ : 663452, ਫੈਕਸ : 0161-663452

**ਸਬ ਆਫ਼ਿਸ :** A-143, ਫ਼ਤਹਿ ਨਗਰ, ਨਵੀਂ ਦਿੱਲੀ — 18
ਫ਼ੋਨ : 5135677

**ਜਲੰਧਰ ਆਫ਼ਿਸ :** W. G. 578, ਸੂਰਾਜ ਗੰਜ, ਜਲੰਧਰ।
ਫ਼ੋਨ : 236947

**ਸਾਲਾਨਾ ਚੰਦਾ :** ਦੇਸ਼ : 50 ਰੁਪਏ, ਵਿਦੇਸ਼ : 500 ਰੁਪਏ

**ਲਾਈਫ ਮੈਂਬਰਸ਼ਿਪ :** ਦੇਸ਼ : 500 ਰੁਪਏ, ਵਿਦੇਸ਼ : 5000 ਰੁਪਏ,

ਇਕ ਕਾਪੀ : 5 ਰੁਪਏ


## ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

1. ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ ...... 4 ਨਵੰਬਰ
2. ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ . 22 ਨਵੰਬਰ
3. ਸ਼ਹੀਦੀ ਗੁਰੂ ਤੇਗ ਬਹਾਦਰ ਜੀ ....... 24 ਨਵੰਬਰ

## ਤੱਤਕਰਾ


- ਪਾਠਕ ਲਿਖਦੇ ਹਨ ........ 2
- ਸਵਾਲ ? ਜਵਾਬ ........ 4
- ਵੀਰੋ ਕਾਹਤੋਂ ਕੇਸ ਕਟਾਉ (ਕਵਿਤਾ) ........ 7
- ਗੁਰੂ ਨਾਨਕ ਮਾਰਗ ਤੇ ਅਸੀਂ (ਸੰਪਾਦਕੀ) ........ 8
- ਬਚਨ ਗੁਰੂ ਤੇਗ ਬਹਾਦਰ ਜੀ ਦੇ ........ 12
- ਸੱਚੇ ਸਿੱਖ ਸਤਿਗੁਰੂ ਦੇ (ਕਵਿਤਾ) ........ 15
- ਕਿਉਂ ਜਾਂਦੀਆਂ ਨੇ ਔਰਤਾਂ ਪਖੰਡੀ ਸਾਧੂਆਂ ਦੇ ਡੇਰਿਆਂ 'ਤੇ ........ 16
- ਮੋਹ ........ 17
- ਇਨਾਮੀ ਪ੍ਰਤੀਯੋਗਤਾ ਨਵੰਬਰ 1998 ........ 18
- ਸਿੱਖ ਮਿਸ਼ਨਰੀ ਕਾਲਜ ਦਾ ਕੇਂਦਰੀ ਸਮਾਗਮ (ਇਕ ਰਿਪੋਰਟ) ........ 19
- ਸਰਕਲਾਂ ਦੀਆਂ ਸਰਗਰਮੀਆਂ ........ 21
- ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਤਾ ਸਤੰਬਰ 1998 ਦਾ ਸਹੀ ਹੱਲ ........ 22
- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ........ 23
- ਗੁਰੂ ਨਾਨਕ ਤੇ ਮਨੁੱਖੀ ਅਧਿਕਾਰ ........ 25
- ਕੇਸਾਂ ਬਿਨਾਂ ਜ਼ੀਰੋ ........ 28
- ਆਪਿ ਜਪਹੁ ਅਵਰਾ ਨਾਮੁ ਜਪਾਵਹੁ ........ 31
- ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਹੀ ਸੰਸਾਰ ਅਮਨ ਦਾ ਜ਼ਾਮਨ ਬਣ ਸਕਦਾ ਹੈ ........ 35
- ਭਾਈ ਭੂਮੀਆਂ ........ 38
- ਵਰ-ਰਿਸ਼ਤੇ ਦੀ ਲੋੜ ........ 40
- ਇਨਾਮੀ ਪ੍ਰਤੀਯੋਗਤਾ ਸਤੰਬਰ 1998 ਦੇ ਇਨਾਮ ਜੇਤੂ ... 40


*ਸੁਹਿਰਦ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਸਾਫ ਅਤੇ ਸਪੱਸ਼ਟ ਅੱਖਰਾਂ ਵਿਚ ਲਿਖ ਕੇ ਭੇਜਣ। ਗੁਰਬਾਣੀ ਦੀਆਂ ਪੰਕਤੀਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਜ਼ਰੂਰ ਲਿਖਣਾ ਚਾਹੀਦਾ ਹੈ।*

**ਪਾਠਕ ਜੀ ! ਸਿੱਖ ਫੁਲਵਾੜੀ ਦੇ ਲਾਈਫ ਮੈਂਬਰ ਬਣੋ।**

# ਪਾਠਕ ਲਿਖਦੇ ਹਨ

### *ਜ਼ਿੰਮੇਵਾਰ ਕੌਣ ?*

ਮੈਂ ਆਪ ਜੀ ਦਾ ਸਿੱਖ ਫੁਲਵਾੜੀ ਮੈਗਜ਼ੀਨ ਪਿਛਲੇ ਸਾਲ ਤੋਂ ਪੜ੍ਹ ਰਿਹਾ ਹਾਂ ਜੋ ਤੁਹਾਡਾ ਬਹੁਤ ਵੱਡਾ ਯੋਗਦਾਨ ਹੈ। ਕਿਉਂਕਿ ਇਨਾਂ ਸਸਤਾ ਸਿੱਖ ਲਿਟਰੇਚਰ ਹੋਰ ਕੋਈ ਸੰਸਥਾ ਨਹੀਂ ਛਾਪ ਰਹੀ। ਪੱਛਮੀ ਸਭਿਅਤਾ ਸਾਡੇ ਤੇ ਆਪਣਾ ਪੂਰਾ ਜਾਲ ਪਾ ਰਹੀ ਹੈ ਸਾਡੀ ਨੌਜਵਾਨ ਪੀੜ੍ਹੀ ਪੱਛਮੀ ਕਲਚਰ ਦੇ ਪ੍ਰਭਾਵ ਹੇਠਾਂ ਆ ਚੁੱਕੀ ਹੈ। ਅਸੀਂ ਆਪਣਾ ਵਡਮੁੱਲਾ ਵਿਰਸਾ ਭੁੱਲ ਕੇ ਗਲਤ ਰਾਹ ਤੇ ਜਾ ਰਹੇ ਹਾਂ। ਸਾਨੂੰ ਪ੍ਰਚਾਰ ਦੀ ਲੋੜ ਹੈ, ਪ੍ਰੇਰਨਾ ਦੀ ਲੋੜ ਹੈ। ਸਾਡਾ ਨੌਜੁਆਨ ਵਰਗ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ, ਰੋਮਾਂ ਦੀ ਬੇਅਦਬੀ ਕਰਵਾ ਰਿਹਾ ਹੈ, ਇਸ ਸਭ ਦਾ ਜ਼ੁੰਮੇਵਾਰ ਕੌਣ? ਸਾਡੇ ਲੀਡਰ ਹਨ। ਕਿਉਂਕਿ ਲੀਡਰਾਂ ਨੂੰ ਸਿਆਸਤ ਚੋਂ ਨਿਕਲਣ ਦਾ ਟਾਇਮ ਨਹੀਂ ਉਹ ਧਰਮ ਪ੍ਰਚਾਰ ਕਿਵੇਂ ਕਰ ਸਕਦੇ ਹਨ ਪਰ ਅੱਜ ਲੋੜ ਹੈ ਪ੍ਰਚਾਰ ਦੀ। ਜੇ ਨੌਜਆਨ ਵਰਗ ਨੂੰ ਬਚਾਉਣਾ ਹੈ ਤਾਂ ਸਿੱਖੀ ਦਾ ਪ੍ਰਚਾਰ ਜ਼ਰੂਰੀ ਹੈ। ਸਾਡੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਕੂਲਾਂ ਵਿਚ ਇਕ ਵਿਸ਼ਾ ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਲਾਜ਼ਮੀ ਹੋਵੇ। ਮੈਂ ਅੰਤ ਵਿਚ ਆਪ ਜੀ ਦਾ ਧੰਨਵਾਦ ਕਰਦਾ ਹਾਂ ਜੋ ਕਿ ਸਿੱਖੀ ਦੀ ਚੜ੍ਹਦੀ ਕਲਾ ਲਈ ਆਪ ਸੰਘਰਸ਼ ਕਰ ਰਹੇ ਹੋ। ਪ੍ਰਮਾਤਮਾ ਤੁਹਾਨੂੰ ਬਲ ਬਖਸ਼ੇ।

*— ਸ: ਭਜਨ ਸਿੰਘ*

### *ਸ਼ਲਾਘਾਯੋਗ ਕਦਮ*

ਸਿੰਘ ਸਭਾ ਲਹਿਰ ਦੌਰਾਨ ਪੰਥ ਦਰਦੀਆਂ ਨੇ ਸਿੱਖ ਵਿਦਿਆਰਥੀਆਂ ਦੇ ਅਕਾਦਮਿਕ ਮਿਆਰ ਉੱਚਾ ਚੁੱਕਣ ਦੇ ਨਾਲ ਨਾਲ ਧਾਰਮਿਕ ਸੋਚ ਵੀ ਵਧਾਉਣ ਲਈ ਲਗਭਗ ਇਕ ਸਦੀ ਪਹਿਲਾਂ ਖਾਲਸਾ ਕਾਲਜ ਅੰਮ੍ਰਿਤਸਰ ਦਾ ਨਿਰਮਾਣ ਕੀਤਾ ਸੀ। ਬੇਸ਼ਕ ਇਸ ਸੰਸਥਾ ਨੂੰ ਚਲਾਉਣ ਲਈ ਸ਼ੁਰੂ ਸ਼ੁਰੂ ਵਿਚ ਕਈ ਮੁਸ਼ਕਲਾਂ ਵੀ ਆਈਆਂ ਅਤੇ ਪ੍ਰਬੰਧਕਾਂ ਨੂੰ ਸਿੱਖ ਰਜਵਾੜਿਆਂ ਸਾਹਮਣੇ ਮਾਇਕ ਸਹਾਇਤਾ ਲਈ ਝੋਲੀਆਂ ਵੀ ਅੱਡਣੀਆਂ ਪਈਆਂ। ਇਸ ਸੰਸਥਾ ਵਿਚ ਦਾਖਲਾ ਲੈਣ ਵਾਲੇ ਹਰੇਕ ਸਿੱਖ ਵਿਦਿਆਰਥੀ ਲਈ ਸਾਬਤ ਸੂਰਤ ਹੋਣਾ ਲਾਜ਼ਮੀ ਸੀ ਅਤੇ ਉਹਨਾਂ ਲਈ ਸਹਿਜ ਪਾਠ ਕਰਨਾ ਵੀ ਜ਼ਰੂਰੀ ਸੀ। ਪ੍ਰੰਤੂ ਪਤਿਤਪੁਣੇ ਦੀ ਲਹਿਰ ਨੇ ਇਸ ਸੰਸਥਾ ਨੂੰ ਵੀ ਨਹੀਂ ਬਖਸ਼ਿਆ। ਕੁਝ ਸਮਾਂ ਪਹਿਲਾਂ ਇਸ ਸੰਸਥਾ ਬਾਰੇ ਇਕ ਰਿਪੋਰਟ ਛਪੀ ਸੀ ਕਿ ਇਸ ਸਿੱਖ ਸੰਸਥਾ ਵਿਚ ਜਿਥੇ ਕਦੀ ਸਾਬਤ-ਸੂਰਤ ਭੰਨਣ ਵਾਲਿਆਂ ਨੂੰ ਦਾਖਲ ਨਹੀਂ ਸੀ ਕੀਤਾ ਜਾਂਦਾ, ਹੁਣ 80% ਸਿੱਖ ਵਿਦਿਆਰਥੀ ਕਿਸੇ ਨਾ ਕਿਸੇ ਰੂਪ ਵਿਚ ਪਤਿਤ ਹਨ। ਇਸ ਰਿਪੋਰਟ ਦੀ ਕਈ ਵਾਰ ਪੰਥਕ ਸਫਾਂ ਵਿਚ ਅਤੇ ਗੁਰਮਤਿ ਸਮਾਗਮਾਂ ਵਿਚ ਚਰਚਾ ਹੁੰਦੀ ਰਹੀ।

ਇਹ ਪਤਿਤਪੁਣੇ ਦੀ ਦਰ ਸਿਰਫ ਇਕ ਖਾਲਸਾ ਕਾਲਜ ਦੀ ਹੀ ਨਹੀਂ ਹੈ ਬਲਕਿ ਪੰਜਾਬ ਵਿਚ ਚੱਲ ਰਹੇ ਸਮੂਹ ਖਾਲਸਾ ਕਾਲਜਾਂ ਜਾਂ ਗੁਰੂ ਸਾਹਿਬਾਨਾਂ ਜਾਂ ਸ਼ਹੀਦ ਸਿੰਘਾਂ ਦੇ ਨਾਂ ਤੇ ਚੱਲ ਰਹੇ ਅਨੇਕ ਵਿਦਿਅਕ ਅਦਾਰਿਆਂ ਦੀ ਇਸ ਤੋਂ ਵੀ ਵਧੇਰੇ ਹੈ। ਸਪਸ਼ਟ ਹੈ ਕਿ ਇਹਨਾਂ ਕਾਲਜਾਂ ਵਿਚ ਵਿਦਿਆ ਤਾਂ ਹੈ ਪ੍ਰੰਤੂ ਜੋ ਇਹਨਾਂ ਦਾ ਦੂਸਰਾ ਮਕਸਦ ਵਿਦਿਆਰਥੀਆਂ ਵਿਚ ਧਾਰਮਿਕ ਜਜ਼ਬਾ ਪੈਦਾ ਕਰਨਾ ਵੀ ਸੀ ਉਸ ਤੋਂ ਇਹ ਕਾਲਜ ਬਿਲਕੁਲ ਸੱਖਣੇ ਹੋ ਗਏ ਹਨ।

1876 ਵਿਚ ਅੰਮ੍ਰਿਤਸਰ ਦੀ ਧਰਤੀ ਤੇ ਚਾਰ ਸਿੱਖ ਨੌਜਵਾਨਾਂ ਦੇ ਇਸਾਈ ਮੱਤ ਧਾਰਨ ਕਰਨ ਦੇ ਐਲਾਨ ਨੇ ਪੰਥਕ ਹਲਕਿਆਂ ਵਿਚ ਹਲਚਲ ਪੈਦਾ ਕਰ ਦਿਤੀ ਸੀ ਅਤੇ ਸਿੰਘ ਸਭਾ ਲਹਿਰ ਦੀ ਨੀਂਹ ਰੱਖੀ ਗਈ ਸੀ। ਅੱਜ ਚਾਰ ਨਹੀਂ ਬਲਕਿ ਅਣਗਿਣਤ ਸਿੱਖ ਬੱਚੇ ਸਿੱਖ ਧਰਮ ਨੂੰ ਤਿਲਾਂਜਲੀ ਦੇ ਚੁੱਕੇ ਹਨ ਅਤੇ ਦੇ ਰਹੇ ਹਨ। ਸ਼ਾਇਦ ਅੱਜ ਫਿਰ ਇਸ ਦੁਖ ਨੂੰ ਪੰਥ ਦਰਦੀਆਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਹੈ ਅਤੇ ਇਸਦੀ ਪਹਿਲ ਵੀ ਖਾਲਸਾ ਕਾਲਜ ਅੰਮ੍ਰਿਤਸਰ ਨੇ ਹੀ ਸ਼ੁਰੂ ਕੀਤੀ ਹੈ।

1998-99 ਦੇ ਅਕਾਦਮਿਕ ਵਰ੍ਹੇ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ ਨੇ ਕੁਝ ਮਤੇ ਪਾਸ ਕੀਤੇ ਹਨ ਜਿਨ੍ਹਾਂ ਵਿਚੋਂ ਪਹਿਲਾ ਇਹ ਹੈ ਕਿ ਕਾਲਜ ਵਿਚ ਦਾਖਲਾ ਲੈਣ ਵਾਲੇ ਉਹ ਸਾਰੇ ਵਿਦਿਆਰਥੀ ਜੋ ਸਿੱਖ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਨ ਅਤੇ ਆਪਣੇ ਨਾਮ ਨਾਲ 'ਸਿੰਘ' ਸ਼ਬਦ ਦੀ ਵਰਤੋਂ ਕਰਦੇ ਹਨ ਰੋਮਾਂ ਦੀ ਬੇਅਦਬੀ ਨਹੀਂ ਕਰਨਗੇ। 'ਕਲੀਨ ਸ਼ੇਵ' ਸਿੱਖ ਵਿਦਿਆਰਥੀ ਨੂੰ ਕਾਲਜ ਵਿਚ ਦਾਖਲਾ ਨਹੀਂ ਦਿਤਾ ਜਾਵੇਗਾ। ਦੂਸਰਾ ਮਤਾ ਇਹ ਕਿ 1999 ਤੋਂ ਗਵਰਨਿੰਗ ਕੌਂਸਲ ਦੇ ਸਮੂਹ ਮੈਂਬਰ ਜਿਨ੍ਹਾਂ ਦੀ ਗਿਣਤੀ ਇਕ ਸੌ ਹੈ ਬਕਾਇਦਾ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਉਪਰੋਕਤ ਮਤੇ ਪਾਸ ਹੋਣ ਦੀ ਦੇਰ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਅਤੇ ਕਈ ਹੋਰ ਗੁਰੂਆਂ ਦੇ ਨਾਵਾਂ, ਖਾਲਸਾ ਸੰਸਥਾਵਾਂ, ਚੀਫ਼ ਖਾਲਸਾ ਸੰਸਥਾਵਾਂ ਆਦਿ ਨੇ ਵੀ ਇਹ ਮਤੇ ਆਪਣੇ ਆਪਣੇ ਸਕੂਲਾਂ ਕਾਲਜਾਂ ਵਿਚ ਸਖਤੀ ਨਾਲ ਲਾਗੂ ਕਰਨੇ ਸ਼ੁਰੂ ਕਰ ਦਿਤੇ ਹਨ। ਇਨ੍ਹਾਂ ਮਤਿਆਂ ਨਾਲ ਪੰਥ ਦਰਦੀਆਂ ਦੇ ਹੌਂਸਲੇ ਬੁਲੰਦ ਹੋਏ ਹਨ। ਉਹਨਾਂ ਨੇ ਉਹਨਾਂ ਸਕੂਲਾਂ ਅਤੇ ਕਾਲਜਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਪਤਿਤ ਪੁਣੇ ਨੂੰ ਠੱਲ ਪਾਉਣ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਸਮੂਹ ਖਾਲਸਾ ਕਾਲਜ, ਖਾਲਸਾ ਸਕੂਲ, ਗੁਰੂ ਸਾਹਿਬਾਨਾਂ, ਸ਼ਹੀਦਾਂ ਦੇ ਨਾਂ ਤੇ ਖੁਲ੍ਹੇ ਸਕੂਲ ਵੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਸੇਧ ਲੈ ਕੇ ਮਤੇ ਪਾਸ ਕਰਨ ਅਤੇ ਸਖਤੀ ਨਾਲ ਲਾਗੂ ਕਰਨ।

*— ਸ: ਅਜੀਤ ਸਿੰਘ, ਅੰਮ੍ਰਿਤਸਰ*

### *ਗੁਰ-ਮਰਯਾਦਾ ਦੀ ਅਣਦੇਖੀ*

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਪ੍ਰਭੂ ਦੇ ਲੜ ਲਾਉਣ, ਸਿੱਖ ਵੀਚਾਰਧਾਰਾ ਦਾ ਸੰਚਾਰ ਕਰਨ, ਗੁਰ-ਉਪਦੇਸ਼ਾਂ ਦੀ ਅਮਲੀ ਸਿਖਿਆ ਦੇਣ, ਸਮਾਜ ਸੇਵਾ ਦੀ ਜਾਚ ਸਿਖਾਉਣ, ਸਮਾਜਿਕ ਸਮਸਿਆਵਾਂ ਨੂੰ ਸੁਲਝਾਉਣ, ਜਾਤ-ਪਾਤ ਤੇ ਉਚ-ਨੀਚ ਦੀ ਭਾਵਨਾ ਨੂੰ ਮਨੁਖਾਂ ਅੰਦਰੋਂ ਖਤਮ ਕਰਕੇ ਸਰਬ-ਸਾਂਝੀਵਾਲਤਾ ਦ੍ਰਿੜ ਕਰਾਉਣ ਲਈ ਸੰਗਤਾਂ/ਧਰਮ ਸ਼ਾਲਾਵਾਂ ਥਾਪੀਆਂ ਸਨ, ਜਿਨ੍ਹਾਂ ਨੂੰ ਮਗਰੋਂ ਗੁਰਦੁਆਰੇ ਕਿਹਾ ਜਾਣ ਲਗ ਪਿਆ। ਗੁਰਦਵਾਰੇ ਸਿੱਖ ਧਰਮ ਦੇ ਪ੍ਰਚਾਰ ਦੇ ਸੋਮੇ ਅਤੇ ਸਿੱਖ-ਜੀਵਨ ਜਾਚ ਦੇ ਸਿਖਲਾਈ ਕੇਂਦਰ ਬਣੇ ਰਹੇ ਹਨ।

ਪਰ ਅੱਜ ਗੁਰਦੁਆਰਾ-ਪ੍ਰਬੰਧ ਵੱਲੋਂ ਖੁੱਲ੍ਹ ਮਿਲਣ ਤੇ ਲੋਕੀਂ ਜਾਣੇ-ਅਣਜਾਣੇ ਅਜਿਹੇ ਮਨਮਤੀ ਕਰਮ ਕਰਦੇ ਹਨ ਜਿਸ ਨਾਲ ਗੁਰੂ ਘਰ ਦੇ ਸਾਫ ਤੇ ਸੁੱਥਰੇ ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ।

ਗੁਰੂ-ਘਰ ਵਿਚ ਸਿਆਸੀ ਇਕੱਠ, ਬਰਸੀਆਂ, ਲੜਾਈ ਝਗੜੇ ਵਾਲਿਆਂ ਦੇ ਇਕੱਠ, ਸਿੱਖ ਰਹਿਤ ਮਰਯਾਦਾ ਦੇ ਉਲਟ ਹੋਰ ਕਈ ਕਰਮ ਹੋਈ ਜਾ ਰਹੇ ਹਨ। ਲੋਕ ਗੁਰਮਤਿ ਅਸੂਲਾਂ ਨੂੰ ਛਿਕੇ ਟੰਗ ਕੇ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ-ਦੂਜੇ ਦੀ ਉਸਤਤ ਦੇ ਪੁੱਲ ਬੰਨ੍ਹ ਕੇ ਫੋਕੀ ਤੇ ਅਧੂਰੀ ਚਾਪਲੂਸੀ ਵੀ ਕਰਦੇ ਹਨ। ਇਸ ਤਰ੍ਹਾਂ ਗੁਰੂ-ਘਰ ਦੀ ਬੇਅਦਬੀ ਕੀਤੀ ਜਾਂਦੀ ਹੈ।

ਮੁੰਡੇ ਕੁੜੀ ਦੇ ਰਿਸ਼ਤੇ ਨਾਤੇ ਵਾਲੇ ਤਾਂ ਗੁਰੂ ਸਾਹਿਬ ਵੱਲ ਪਿੱਠ-ਕਰਕੇ ਫੋਟੋਆਂ ਵੀ ਖਿਚਾਉਂਦੇ ਹਨ। ਬੀਬੀਆਂ ਨੰਗੇ ਸਿਰ ਫਿਰਦੀਆਂ ਹਨ। ਮੁੰਡੇ ਕੁੜੀ ਨੂੰ ਹਲਦੀ ਦੇ ਤਿਲਕ ਲਗਾਏ ਜਾਂਦੇ ਹਨ ਤੇ ਹਾਰ ਪਾਏ ਜਾਂਦੇ ਹਨ। ਛੋਟੇ ਬੱਚੇ ਗੁਬਾਰੇ ਆਦਿ ਖਿਡੌਣੇ ਲਈ ਫਿਰਦੇ ਹਨ ਤੇ ਗੁਰਦੁਆਰੇ ਨੂੰ ਇਕ ਪਾਰਕ ਦਾ ਰੂਪ ਦਿੰਦੇ ਹਨ।

ਕਈ ਗੁਰਦੁਆਰਿਆਂ ਦੀਆਂ ਦੀਵਾਰਾਂ ਤੇ ਅਸ਼ਲੀਲ ਇਸ਼ਤਿਹਾਰ ਲੱਗੇ ਹੋਏ ਵੇਖੇ ਜਾ ਸਕਦੇ ਹਨ। ਅਨਮਤੀਆਂ ਦੇ ਇਸ਼ਤਿਹਾਰ ਵੀ ਗੁਰਦੁਆਰੇ ਦੇ ਗੇਟ ਤੇ ਹੁੰਦੇ ਹਨ। ਸਪੀਕਰਾਂ ਦੀ ਆਵਾਜ਼ ਲੋੜ ਤੋਂ ਵੱਧ ਉੱਚੀ ਕੀਤੀ ਹੁੰਦੀ ਹੈ, ਜਿਸ ਕਰਕੇ ਕੁਝ ਸੁਣਾਈ ਨਹੀਂ ਦਿੰਦਾ ਅਤੇ ਉਹ ਮਰੀਜ਼ਾਂ ਤੇ ਵਿਦਿਆਰਥੀਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ।

ਗੁਰਦੁਆਰਾ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਨੂੰ ਬੇਨਤੀ ਹੈ ਕਿ ਅਜਿਹੇ ਮਨਮਤੀ ਕਰਮ ਕਰਨ ਤੋਂ ਲੋਕਾਂ ਨੂੰ ਸਖਤੀ ਨਾਲ ਰੋਕਿਆ ਜਾਵੇ। ਇਸ ਤਰ੍ਹਾਂ ਜਿਥੇ ਗੁਰੂ-ਘਰ ਦੀ ਨਿਰਾਦਰੀ ਰੁਕੇਗੀ ਉੱਥੇ ਪੰਥਕ ਰਹਿਤ ਮਰਯਾਦਾ ਤੇ ਪਹਿਰਾ ਦਿਤਾ ਜਾ ਸਕੇਗਾ।

— ਸ: ਧਰਮ ਸਿੰਘ, ਰੋਪੜ

### *ਮਿਸ਼ਨਰੀ ਐਸਾ ਹੋਵੇ*

ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਸੰਸਕਾਰ (ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਮ੍ਰਿਤਕ ਸੰਸਕਾਰ, ਅਨੰਦ ਸੰਸਕਾਰ) ਇੰਨੇ ਆਦਰਸ਼ਕ, ਘੱਟ ਖਰਚੀਲੇ ਅਤੇ ਸਾਦਾ ਹਨ ਕਿ ਹਰ ਮਨੁੱਖ ਦੀ ਪਹੁੰਚ ਵਿਚ ਹਨ ਪਰ ਪ੍ਰਚਾਰ ਦੀ ਘਾਟ ਕਾਰਨ ਇਹ ਵੀ ਲੋਕਾਂ ਦੀ ਪਹੁੰਚ ਤੋਂ ਬਾਹਰ ਅਤੇ ਕਾਫੀ ਦੁਖਦਾਇਕ ਹੋ ਰਹੇ ਹਨ। ਲੋਕ ਵੀ ਦੁਖੀ ਹੋ ਉਠਦੇ ਹਨ, ਪਰ ਲੋਕ ਲਾਜ ਰੱਖਣ ਕਾਰਨ ਇਹਨਾਂ ਨੂੰ ਸਾਦੇ ਢੰਗ ਨਾਲ ਕਰਨ ਲਈ ਰਾਜ਼ੀ ਵੀ ਨਹੀਂ ਹੁੰਦੇ। ਸਿੱਖੀ ਦੇ ਪ੍ਰਚਾਰ ਲਈ ਨਿਕਲੇ ਵੀਰਾਂ ਨੂੰ ਅਕਸਰ ਲੋਕ ਕਹਿੰਦੇ ਹਨ ਕਿ ਜਦੋਂ ਤੁਸੀਂ ਇਹ ਸੰਸਕਾਰ ਕਰੋਗੇ ਤਾਂ ਦੇਖਾਂਗੇ ਕਿ ਤੁਸੀਂ ਪੰਥਕ ਮਰਯਾਦਾ ਅਨੁਸਾਰ ਹੀ ਕਰਦੇ ਹੋ ?

ਪਿਛਲੇ ਦਿਨੀ ਗੁਰਮਤਿ ਤੇ ਪਹਿਰਾ ਦੇਣ ਵਾਲੇ ਸਰਕਲ ਖਾਲਸੜਾ ਦੇ ਵੀਰ ਬੇਅੰਤ ਸਿੰਘ ਮਿਸ਼ਨਰੀ ਦੇ ਪਿਤਾ ਜੀ ਚੜ੍ਹਾਈ ਕਰ ਗਏ। ਉਪਰੰਤ ਮਿਸ਼ਨਰੀ ਵੀਰ ਨੇ ਗੁਰਮਤਿ ਮਰਯਾਦਾ ਨਿਭਾਈ। ਨਾ ਢਾਹ ਮਾਰੀ, ਨਾ ਉਹਨਾਂ ਨੂੰ ਮੰਜੇ ਤੋਂ ਥੱਲੇ ਲਾਹਿਆ, ਨਾ ਦੀਵਾ ਬੱਤੀ ਕੀਤੀ, ਨਾ ਅਰਥੀ ਘੁਮਾਈ, ਨਾ ਭਾਂਡਾ (ਗਾਗਰ) ਤੇੜੀ, ਅਤੇ ਸੰਸਕਾਰ ਤੋਂ ਉਪਰੰਤ ਨਾ ਹੀ ਫੁਲ ਚੁੱਗੇ ਸਗੋਂ ਸਾਰੀ ਰਾਖ ਇਕਠੀ ਕਰਕੇ ਨਜ਼ਦੀਕ ਹੀ ਜਲ ਪਰਵਾਹ ਕੀਤੇ। ਇਸ ਨਾਲ ਸਿੱਖਾਂ ਵਿਚ ਆਪਣੇ ਮ੍ਰਿਤਕ ਸੰਬੰਧੀਆਂ ਦੇ ਫੁੱਲ (ਹੱਡੀਆਂ) ਹਰਦਵਾਰ, ਕੀਰਤਪੁਰ ਜਾਂ ਕਿਸੇ ਗੋਇੰਦਵਾਲ ਘਾਟ 'ਚ ਸੁੱਟਣ ਦੇ ਵਹਿਮਾਂ ਭਰਮਾਂ ਤੇ ਅਗਿਆਨਤਾ 'ਚ ਫਿਰ ਤੋਂ ਫਸਣ ਦੀ ਪ੍ਰਵਿਰਤੀ ਦੇ ਵਿਰੋਧ ਵਿਚ ਪਹਿਲ ਕੀਤੀ। ਜਿਸ ਵੇਲੇ ਉਹਨਾਂ ਦੀ ਮ੍ਰਿਤਕ ਦੇਹ ਦਾ ਸੰਸਕਾਰ ਕਰਨ ਲਈ ਜਾ ਰਹੇ ਸਨ ਰਸਤੇ ਵਿਚ ਸਾਰੇ ਮਿਲ ਕੇ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਉਪਰੰਤ ਘਰ ਵਿਚ ਸਹਿਜ ਪਾਠ ਆਰੰਭ ਕੀਤਾ ਗਿਆ ਜੋ ਸਾਰੇ ਪਰਿਵਾਰ ਤੇ ਮਿਸ਼ਨਰੀ ਵੀਰਾਂ, ਬੀਬੀਆਂ ਨੇ ਰਲਕੇ ਭੋਗ ਪਾਇਆ। ਭੋਗ ਵਾਲੇ ਦਿਨ ਵੱਖਰਾ ਪੰਡਾਲ ਸਜਾ ਕੇ ਗੁਰਮਤਿ ਸਮਾਗਮ ਦਾ ਰੂਪ ਦਿਤਾ ਗਿਆ ਜਿਥੇ ਕੀਰਤਨ ਦੇ ਨਾਲ-ਨਾਲ ਮਾਸਟਰ ਅਵਤਾਰ ਸਿੰਘ ਜੀ ਸੋਹਲ ਨੇ ਸੰਗਤਾਂ ਨੂੰ ਮੌਤ ਦੇ ਸੰਬੰਧ ਵਿਚ ਗੁਰਮਤਿ ਦੇ ਉਪਦੇਸ਼ ਦਿਤੇ ਤੇ ਝੂਠੇ ਰੀਤੀ ਰਿਵਾਜਾਂ ਤੋਂ ਦੂਰ ਰਹਿਣ ਲਈ ਕਿਹਾ ਅਤੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਨਣ ਦੀ ਪ੍ਰੇਰਣਾ ਕੀਤੀ। ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਿਆ ਅਤੇ ਪਰਿਵਾਰ ਨੇ ਕੋਈ ਮੰਜਾ ਬਿਸਤਰਾ ਜਾਂ ਭਾਂਡੇ ਵਗੈਰਾ ਕਿਸੇ ਗ੍ਰੰਥੀ ਜਾਂ ਹੋਰ ਕਿਸੇ ਨੂੰ ਨਹੀਂ ਦਿਤੇ। ਅੱਜ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਵੀ ਅਜਿਹੇ ਵੀਰਾਂ ਤੋਂ ਪ੍ਰੇਰਨਾ ਲਈਏ ਅਤੇ ਆਪਣਾ ਜੀਵਨ ਗੁਰਮਤਿ ਅਨੁਸਾਰ ਬਤੀਤ ਕਰੀਏ।

*— ਸ: ਸੰਦੀਪ ਸਿੰਘ, ਖਾਲੜਾ*

### *ਸੁਖਣਾ ਜਾਂ ਸੌਦਾ*

ਸੁਖਣਾ ਜਾਂ ਮੰਨਤ ਦਾ ਸੰਬੰਧ ਵੀ ਵਰ ਨਾਲ ਹੈ ਕਿ ਦੇਵੀ ਦੇਵਤੇ ਜਾਂ ਇਸ਼ਟ ਨੂੰ ਮਨ ਇਛਤ ਵਰ ਦੇਣ ਲਈ ਖੁਸ਼ ਕਰਨ ਦੇ ਮਨੋਰਥ ਨਾਲ ਕੋਈ ਭੇਟਾ ਚੜ੍ਹਾਉਣੀ। ਇਹ ਇਕ ਕਿਸਮ ਦੀ ਰਿਸ਼ਵਤ ਹੀ ਹੈ। ਗੁਰਮਤਿ ਵਿਚ ਇਸਦੀ ਮਨਾਹੀ ਹੈ। ਭਾਈ ਦਯਾ ਸਿੰਘ ਜੀ ਰਹਿਤਨਾਮੇ ਵਿੱਚ ਲਿਖਦੇ ਹਨ। 'ਗੁਰ ਕਾ ਸਿੱਖ-ਮਦ ਬੁਤ ਤੀਰਥ, ਦੇਵੀ, ਦੇਵਤਾ ਬਰਤ, ਅਰਚਾ, ਮੰਤ੍ਰ, ਸੌਖਣਾ, ਤਰਪਨ, ਕਿਤੇ ਵਲ ਹਿਤ ਦੇਵੇ ਨਾਹੀ।'

ਪਰ ਇਸ ਦੇ ਬਾਵਜੂਦ ਸਿੱਖ ਵੀ ਇਹ ਸੌਦੇਬਾਜ਼ੀ ਗੁਰੂ ਘਰ ਵਿਚ ਆਮ ਹੀ ਕਰਦੇ ਹਨ। ਸਿੱਖ ਭੀ ਅਗਿਆਨਤਾ ਕਾਰਨ ਅਰਦਾਸਾਂ ਕਰਦੇ ਦੇਖੇ ਜਾ ਸਕਦੇ ਹਨ—ਜੇ ਮੇਰਾ ਅਮਕਾ ਕੰਮ ਗੁਰੂ ਕਰ ਦੇਵੇਗਾ ਤਾਂ ਇਤਨੇ ਰੁਪਏ ਦਾ ਕੜ੍ਹਾਹ ਪ੍ਰਸ਼ਾਦ ਕਰਾਵਾਂਗਾ। ਅਖੰਡ ਪਾਠ ਅਰੰਭ ਕਰਾਵਾਂਗੇ। ਲੰਗਰ ਲਵਾਂਵਾਗਾਂ ਆਦਿ। ਸਾਡੇ ਗਰੰਥੀ ਵੀ ਲਾਲਚ ਵੱਸ ਐਸੀਆਂ ਅਰਦਾਸਾਂ ਕਰਦੇ ਹਨ। ਕੀ ਪਰਮਾਤਮਾ ਲਾਲਚੀ ਹੈ? ਕੀ ਉਸ ਨੂੰ ਮਜਬੂਰ ਕੀਤਾ ਜਾ ਸਕਦਾ ਹੈ? ਸਾਡੇ ਗ੍ਰੰਥੀ ਤੇ ਸਾਥੀ ਇਸ ਅੰਧ ਵਿਸ਼ਵਾਸ ਦਾ ਪੂਰਾ ਲਾਭ ਉਠਾ ਰਹੇ ਹਨ। ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ ਜੇਕਰ ਇਹ ਵਿਸ਼ਵਾਸ ਨਾ ਰਹੇ ਤਾਂ ਧਰਮ ਦੀ ਲੋੜ ਹੀ ਕੀ ਹੈ? ਅਸੀਂ ਕਹਿੰਦੇ ਹਾਂ ਕਿ ਇਹ ਮਾਇਆਵਾਦ ਹੈ ਤੇ ਧਰਮ ਦਾ ਵਿਰੋਧ ਹੈ। ਧਰਮ ਤਾਂ ਉੱਚੇ ਸੁੱਚੇ ਜੀਵਨ ਦਾ ਨਾਂ ਹੈ।

— ਸ: ਜਸਬੀਰ ਸਿੰਘ, ਅੰਮ੍ਰਿਤਸਰ

# ਸਵਾਲ ? ਜਵਾਬ

**ਸਵਾਲ :** ਗੁਰੂ ਨਾਨਕ ਦੇਵ ਜੀ ਵਲੋਂ ਉਚਾਰਨ ਕੀਤੇ ਗਏ ਹੇਠ ਦਿੱਤੇ ਸਲੋਕ ਦੇ ਅਰਥ ਸਪਸ਼ਟ ਕਰੋ ਜੀ।

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ,ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ, ਝੂਠੇ ਅਮਲ ਕਰੇਹੁ ॥੧॥

*— ਬੀਬੀ ਜਸਪ੍ਰੀਤ ਕੌਰ, ਅੰਬਾਲਾ*

**ਜਵਾਬ :** ਇਹ ਸਲੋਕ ਗੁਰੂ ਨਾਨਕ ਦੇਵ ਜੀ ਵਲੋਂ ਉਚਾਰਣ ਕੀਤੀ ਗਈ 'ਵਾਰ ਮਾਝ ਕੀ' ਦੀ ਛੇਵੀਂ ਪਉੜੀ ਨਾਲ ਆਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪੦ ਤੇ ਦਰਜ ਹੈ। ਇਸ ਦੇ ਅਰਥ ਹਨ—

ਜੇ ਜਾਮੇ (ਕਪੜੇ) ਨੂੰ ਲਹੂ ਲੱਗ ਜਾਵੇ, ਤਾਂ ਜਾਮਾ ਪਵਿੱਤਰ ਨਹੀਂ ਰਹਿੰਦਾ, ਪਲੀਤ ਹੋ ਜਾਂਦਾ ਹੈ (ਤੇ ਨਿਮਾਜ਼ ਪਲੀਤ ਕਪੜੇ ਨਾਲ ਪੜ੍ਹੀ ਨਹੀਂ ਜਾ ਸਕਦੀ), ਪਰ ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ ਧੱਕਾ ਕਰਕੇ ਹਰਾਮ ਦੀ ਕਮਾਈ ਖਾਂਦੇ ਹਨ) ਉਨ੍ਹਾਂ ਦਾ ਮਨ ਕਿਵੇਂ ਨਿਰਮਲ (ਸਾਫ) ਰਹਿ ਸਕਦਾ ਹੈ (ਪਲੀਤ ਮਨ ਨਾਲ ਪੜ੍ਹੀ ਨਮਾਜ਼ ਕਿਵੇਂ ਕਬੂਲ ਹੈ?)

ਹੇ ਨਾਨਕ! ਰਬ ਦਾ ਨਾਮ ਮੂੰਹੋਂ ਸਾਫ ਦਿਲ ਨਾਲ ਲੈ (ਇਸ ਤੋਂ ਬਿਨ੍ਹਾਂ) ਹੋਰ ਕੰਮ ਦੁਨੀਆਂ ਵਾਲੇ ਵਿਖਾਵੇ ਹਨ। ਇਹ ਤਾਂ ਤੁਸੀਂ ਕੂੜੇ ਕੰਮ ਹੀ ਕਰਦੇ ਹੋ।

ਸਪਸ਼ਟ ਹੈ ਕਿ ਪ੍ਰਭੂ-ਭਗਤ ਬਣਨ ਲਈ ਦੂਜਿਆਂ ਦਾ ਹੱਕ ਮਾਰਨ ਵਾਲੀ, ਮਲਿਕ ਭਾਗੋ ਵਾਲੀ ਬਿਰਤੀ, ਤਿਆਗਣੀ ਪਵੇਗੀ ਅਤੇ ਪ੍ਰਭੂ ਦਾ ਨਾਮ ਸਿਮਰਨ ਲਈ ਹਿਰਦੇ ਦਾ ਪਾਕ-ਪਵਿੱਤਰ ਹੋਣਾ ਅਤੀ ਜ਼ਰੂਰੀ ਹੈ।

**ਸਵਾਲ :** ਹੇਠ ਲਿਖੇ ਪਦ ਦੇ ਅਰਥ ਦੱਸੋ ਜੀ—

ਬੇਦ ਪੁਰਾਨ ਸਿੰਮ੍ਰਿਤ ਮਹਿ ਦੇਖੁ ॥
ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥
ਆਪਿ ਅਡੋਲੁ ਨ ਕਬਹੂ ਡੋਲੈ ॥
ਸਰਬ ਕਲਾ ਕਰਿ ਖੇਲੈ ਖੇਲ ॥
ਮੋਲਿ ਨ ਪਾਈਐ ਗੁਣਹ ਅਮੋਲ ॥
ਸਰਬ ਜੋਤਿ ਮਹਿ ਜਾ ਕੀ ਜੋਤਿ ॥
ਧਾਰਿ ਰਹਿਓ ਸੁਆਮੀ ਓਤਿ ਪੋਤਿ ॥
ਗੁਰ ਪਰਸਾਦਿ ਭਰਮ ਕਾ ਨਾਸੁ ॥
ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥ (ਪੰਨਾ ੨੯੪)

*— ਬੀਬੀ ਦਲਜੀਤ ਕੌਰ, ਦਿੱਲੀ*

**ਜਵਾਬ :** ਗੁਰੂ ਅਰਜੁਨ ਦੇਵ ਜੀ ਵੱਲੋਂ ਉਚਾਰਣ ਕੀਤੀ ਗਈ ਬਾਣੀ 'ਸੁਖਮਨੀ ਸਾਹਿਬ' ਦੀ 23ਵੀਂ ਅਸ਼ਟਪਦੀ ਦਾ ਇਹ ਤੀਜਾ ਪਦਾ ਹੈ। ਇਸ ਵਿਚ ਪ੍ਰਭੂ ਦੀ ਸਰਬ ਵਿਆਪਕਤਾ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸਮਝਾਇਆ ਗਿਆ ਹੈ ਕਿ ਹਰੇਕ ਜੀਵ-ਜੰਤ ਦੇ ਅੰਦਰ ਪ੍ਰਭੂ ਦੀ ਜੋਤਿ ਹੀ ਪ੍ਰਕਾਸ਼ਮਾਨ ਹੈ। ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ। ਅਰਥ ਇਸ ਪ੍ਰਕਾਰ ਹਨ :

ਪਦ ਅਰਥ : ਸਸੀਅਰੁ -ਚੰਦ੍ਰਮਾ। ਸੂਰ - ਸੂਰਜ। ਨਖਤ੍ਰ-ਤਾਰੇ। ਸਭ ਕੋ - ਹਰੇਕ ਜੀਵ। ਕਲਾ - ਤਾਕਤਾਂ। ਮੋਲਿ - ਮੁੱਲ ਤੋਂ। ਗੁਣਹ ਅਮੋਲ - ਅਮੋਲਕ ਗੁਣਾਂ ਵਾਲਾ ਹੈ। ਧਾਰਿ ਰਹਿਓ-ਆਸਰਾ ਦੇ ਰਿਹਾ ਹੈ। ਓਤਿ ਪੋਤਿ - ਤਾਣੇ ਪੇਟੇ ਵਾਂਗ। ਬਿਸ੍ਵਾਸੁ - ਯਕੀਨ।

ਅਰਥ : ਵੇਦਾਂ, ਪੁਰਾਣਾਂ ਅਤੇ ਸਿਮਰਤੀਆਂ ਵਿੱਚ (ਉਸ ਪ੍ਰਭੂ ਨੂੰ) ਤੱਕੋ। ਚੰਦ੍ਰਮਾ, ਸੂਰਜ, ਤਾਰਿਆਂ ਵਿੱਚ ਵੀ ਇਕ ਉਹੀ ਹੈ। ਹਰੇਕ ਜੀਵ ਅਕਾਲਪੁਰਖ ਦੀ ਹੀ ਬੋਲੀ ਬੋਲਦਾ ਹੈ, ਭਾਵ ਸਭ ਵਿਚ ਉਸ ਦੀ ਹੀ ਜੋਤ ਹੈ (ਪਰ ਸਭ ਵਿਚ ਹੁੰਦਿਆਂ ਵੀ) ਉਹ ਆਪ ਅਡੋਲ ਹੈ, ਕਦੇ ਡੋਲਦਾ ਨਹੀਂ।

ਸਾਰੀਆਂ ਤਾਕਤਾਂ ਰਚ ਕੇ (ਜਗਤ ਦੀਆਂ) ਖੇਡਾਂ ਖੇਡ ਰਿਹਾ ਹੈ, (ਪਰ ਉਹ) ਕਿਸੇ ਮੁੱਲ ਤੋਂ ਨਹੀਂ ਮਿਲਦਾ (ਕਿਉਂਕਿ ਉਹ) ਅਮੋਲਕ ਗੁਣਾਂ ਵਾਲਾ ਹੈ।

ਜਿਸ ਪ੍ਰਭੂ ਦੀ ਜੋਤਿ ਸਾਰੀਆਂ ਜੋਤਾਂ ਵਿੱਚ (ਜਗ ਰਹੀ ਹੈ) ਉਹ ਮਾਲਕ ਤਾਣੇ ਪੇਟੇ ਵਾਂਗ (ਸਭ ਜੀਵਾਂ ਵਿਚ ਮਿਲਕੇ ਉਨਾਂ ਨੂੰ) ਆਸਰਾ ਦੇ ਰਿਹਾ ਹੈ।

(ਪਰ) ਹੇ ਨਾਨਕ! (ਅਕਾਲ ਪੁਰਖ ਦੀ ਇਸ ਸਰਬ-ਵਿਆਪਕ ਹਸਤੀ ਦਾ) ਇਹ ਯਕੀਨ ਉਨ੍ਹਾਂ ਮਨੁੱਖਾਂ ਦੇ ਅੰਦਰ ਬਣਦਾ ਹੈ ਜਿਨ੍ਹਾਂ ਦਾ ਭਰਮ ਗੁਰੂ ਦੀ ਕਿਰਪਾ ਨਾਲ ਮਿਟ ਜਾਂਦਾ ਹੈ।

**ਸਵਾਲ :** ਗੁਰੂ ਗ੍ਰੰਥ ਵਿਚ ਆਏ ਹੇਠ ਲਿਖੇ ਸ਼ਬਦਾਂ/ਅੰਕਾਂ ਦੇ ਉਚਾਰਣ ਬਾਰੇ ਦੱਸੋ ਜੀ—

(ੳ) ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ *(ਪੰਨਾ ੧੪)*

(ਅ) ਜੁਮਲਾ *(ਪੰਨਾ ੨੪੨)*

(ੲ) ਏਹੁ ਸਲੋਕੁ ਆਦਿ ਅੰਤਿ ਪੜਣਾ ॥ *(ਪੰਨਾ ੨੬੨)*

(ਸ) ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫ *(ਪੰਨਾ ੪੭੯)*

(ਹ) ਬਾਈਸ ਚਉਪਦੇ ਤਥਾ ਪੰਚਪਦੇ..... *(ਪੰਨਾ ੪੮੧)*

(ਕ) ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕ ਤੁਕਾ ੧ *(ਪੰਨਾ ੪੮੧)*

*— ਸ: ਸੁਖਵਿੰਦਰ ਸਿੰਘ, ਮਮਦੋਟ ਜ਼ਿਲਾ ਫਿਰੋਜ਼ਪੁਰ*

ਜਵਾਬ : (ੳ) ਉਚਾਰਣ : ਰਾਗੁ ਸਿਰੀ ਰਾਗੁ ਮਹਲਾ ਪਹਿਲਾ ਘਰ ਪਹਿਲਾ। ਇਥੇ ਅੰਕ ੧ ਨਾਲ ਪਹਿਲਾ ਲਿਖਣ ਤੋਂ ਭਾਵ ਹੈ ਕਿ ਅੰਕ ੧ ਨੂੰ ਇਕ ਨਹੀਂ ਸਗੋਂ ਪਹਿਲਾ ਪੜ੍ਹਨਾ ਹੈ। ਇਸੇ ਤਰ੍ਹਾਂ ੨ ਨੂੰ ਦੂਜਾ, ੩ ਨੂੰ ਤੀਜਾ, ੪ ਨੂੰ ਚੌਥਾ ਆਦਿ ਪੜ੍ਹਨਾ ਹੈ।

(ਅ) ਜੁਮਲਾ-ਸ਼ਬਦ ਦਾ ਅਰਥ ਜੋੜ ਹੈ। ਪੰਨਾ ੨੪੨ ਤੇ ਲਿਖੇ ਇਸ ਜੁਮਲਾ ਸ਼ਬਦ ਨੂੰ ਇਉਂ ਲਿਖਿਆ ਹੈ, ੮॥੩॥੧੫॥੪੪॥ ਜੁਮਲਾ। ਇਥੇ ਅਸ਼ਟਪਦੀਆਂ ਦੇ ਕੁਲ ਜੋੜ ਦੇ ਸੂਚਕ ਵਜੋਂ ਸ਼ਬਦ ਜੁਮਲਾ ਲਿਖਿਆ ਹੈ, ਜਿਥੇ ਵੀ ਅੰਕਾਂ ਦੇ ਜੋੜ ਤੋਂ ਬਾਦ ਇਸ ਤਰ੍ਹਾਂ ਅੱਖਰਾਂ ਵਿਚ ਲਿਖਿਆ 'ਸ਼ਬਦ' ਆਉਂਦਾ ਹੈ, ਉਚਾਰਣ ਵਿਚ ਨਹੀਂ ਆਵੇਗਾ।

(ੲ) "ਏਹੁ ਸਲੋਕੁ ਆਦਿ ਅੰਤਿ ਪੜਣਾ॥" ਰਾਗ ਗਉੜੀ ਅੰਦਰ 'ਬਾਵਨ ਅਖਰੀ' ਬਾਣੀ ਦੇ ਅਖੀਰ ਵਿਚ ਅੰਕ ਤੋਂ ਬਾਦ ਆਇਆ ਹੈ, ਇਸ ਦਾ ਉਚਾਰਣ ਨਹੀਂ ਕਰਨਾ, ਇਸ ਰਾਹੀਂ ਇਹ ਹਦਾਇਤ ਹੈ ਕਿ ਇਸ ਬਾਣੀ ਦੇ ਆਰੰਭ ਅਤੇ ਅੰਤ ਵਿਚ ਦਰਜ ਸਲੋਕ॥ ਗੁਰਦੇਵ ਮਾਤਾ....॥ 'ਬਾਵਨ ਅਖਰੀ' ਦੇ ਸ਼ੁਰੂ ਵਿਚ ਵੀ ਪੜ੍ਹਨਾ ਹੈ ਤੇ ਅਖੀਰ ਵਿਚ ਵੀ ਪੜ੍ਹਨਾ ਹੈ।

(ਸ) ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯॥ ਦੁਤੁਕੇ ੫॥ ਦਾ ਉਚਾਰਣ ਪੰਚਪਦੇ ਨੌਂ, ਦੁਤੁਕੇ ਪੰਜ ਹੋਵੇਗਾ। ਇਸ ਦਾ ਭਾਵ ਹੈ ਕਿ ਇਸ ਸਿਰਲੇਖ ਹੇਠ ਅਗੋਂ ਪੰਚਪਦੇ ਨੌਂ ਅਤੇ ਦੁਤੁਕੇ ਪੰਜ ਆਉਣਗੇ।

(ਹ) ਇਥੇ ਅੱਖਰ ਜਾਂ ਸ਼ਬਦ ਵਿਧੀ ਅੰਕ ਵਿਧੀ ਦੁਆਰਾ ਗਿਣਤੀ ਨੂੰ ਵਧੇਰੇ ਸਪਸ਼ਟ ਕਰਨ ਹਿਤ ਦਿਤੀ ਗਈ ਹੈ, ਕਿਉਂਕਿ ਇਹ ਸ਼ਬਦ ਅੰਕ ਦੇ ਜੋੜ ਤੋਂ ਬਾਦ ਆਉਂਦੇ ਹਨ, ਇਸ ਲਈ ਉਚਾਰਣ ਵਿਚ ਨਹੀਂ ਆਉਣਗੇ। ਇਹਨਾਂ ਦਾ ਭਾਵ ਹੈ ਕਿ ਰਾਗ ਆਸਾ ਵਿਚ ਦਰਜ ਭਗਤ ਕਬੀਰ ਜੀ ਦੀ ਬਾਣੀ ਵਿਚ ਇਥੋਂ ਤਕ ਕਬੀਰ ਜੀ ਦੇ ਚਉਪਦੇ ਅਤੇ ਪੰਚਪਦੇ ਵਾਲੇ ਸ਼ਬਦਾਂ ਦੀ ਕੁਲ ਗਿਣਤੀ ੨੨ ਹੋ ਗਈ ਹੈ।

(ਕ) ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ਅੱਠ, ਦੁਤੁਕੇ ਸੱਤ, ਇਕਤੁਕਾ ਇਕ ਉਚਾਰਣ ਹੋਵੇਗਾ, ਇਹ ਅੰਕ ਉਚਾਰਣ ਵਿਚ ਜ਼ਰੂਰ ਆਉਣਗੇ ਕਿਉਂਕਿ ਇਹ ਸਿਰਲੇਖ ਨਾਲ ਆਏ ਹਨ। ਇਹਨਾਂ ਦਾ ਭਾਵ ਹੈ ਕਿ ਇਸ ਤੋਂ ਅੱਗੇ ਰਾਗ ਆਸਾ ਵਿਚ ਭਗਤ ਕਬੀਰ ਜੀ ਦੀ ਬਾਣੀ ਵਿਚ ਤਿੰਨ ਪਦਿਆਂ ਵਾਲੇ ਅੱਠ, ਦੋ ਤੁਕਾਂ ਵਾਲੇ ਸੱਤ ਅਤੇ ਇਕ ਤੁਕ ਵਾਲਾ ਇਕ ਸ਼ਬਦ ਆਵੇਗਾ।

ਸਵਾਲ : ਕੀ ਕੱਟੀ ਦਾਹੜੀ ਵਾਲਾ ਸਿੱਖ ਸੰਗਤ ਵਿਚ ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠ ਕੇ ਸੰਗਤ ਨੂੰ ਵਾਕ ਸੁਣਾ ਸਕਦਾ ਹੈ ? — *ਸ: ਭੁਪਿੰਦਰ ਸਿੰਘ, ਕਰਨਾਲ*

ਜਵਾਬ : ਸੰਗਤ ਵਿਚ ਕਥਾ, ਕੀਰਤਨ, ਲੈਕਚਰ, ਉਪਦੇਸ਼, ਵਾਕ ਲੈਣ ਦਾ ਅਧਿਕਾਰ ਕੇਵਲ ਸਿੱਖ ਨੂੰ ਹੀ ਹੈ, ਕਿਉਂਕਿ ਜੋ ਆਪ ਹੀ ਸਿੱਖੀ ਵਿਚ ਪੂਰਾ ਨਹੀਂ ਉਹ ਹੋਰਨਾਂ ਨੂੰ ਸਿੱਖੀ ਧਾਰਨ ਕਰਨ ਲਈ ਕਿਵੇਂ ਪ੍ਰੇਰ ਸਕਦਾ ਹੈ ? ਕੇਸਾਂ ਦਾੜੀ ਦੀ ਬੇਅਦਬੀ ਕਰਨ ਵਾਲਾ ਪਤਿਤ (ਭਾਵ ਸਿੱਖੀ ਤੋਂ ਖਾਰਜ ਕੀਤਾ ਹੋਇਆ) ਹੈ, ਇਸ ਲਈ ਜਿੰਨਾਂ ਚਿਰ ਉਹ ਪੰਜਾਂ ਪਿਆਰਿਆਂ ਪਾਸ ਪੇਸ਼ ਹੋ ਕੇ, ਭੁਲ ਬਖਸ਼ਾ ਕੇ ਦੁਬਾਰਾ ਅੰਮ੍ਰਿਤ ਨਹੀਂ ਛੱਕ ਲੈਂਦਾ ਤੇ ਤਿਆਰ-ਬਰ-ਤਿਆਰ ਨਹੀਂ ਹੁੰਦਾ ਉਨ੍ਹਾਂ ਚਿਰ ਉਹ ਇਹ ਸੇਵਾ ਸੰਗਤ ਵਿਚ ਨਹੀਂ ਨਿਭਾਅ ਸਕਦਾ।

**ਸਵਾਲ : ਲੰਗਰ ਵਿਚ ਮਸਰਾਂ ਦੀ ਦਾਲ ਕਿਉਂ ਨਹੀਂ ਬਣਾਈ ਜਾਂਦੀ ?** — *ਸ: ਇਕਬਾਲ ਸਿੰਘ, ਲੁਧਿਆਣਾ*

**ਜਵਾਬ : ਐਸੀ ਕੋਈ ਪਾਬੰਦੀ ਨਹੀਂ ਹੈ। ਲੰਗਰ ਵਿਚ ਕੋਈ ਵੀ ਦਾਲ ਬਣਾਈ ਜਾ ਸਕਦੀ ਹੈ। ਮੂੰਗੀ ਮਸਰਾਂ ਦੀ ਦਾਲ ਅਸੀਂ ਕਈ ਲੰਗਰਾਂ ਵਿਚ ਬਣਦੀ ਵੇਖੀ ਹੈ।**

**ਸਵਾਲ : ਗੁਰਬਾਣੀ ਵਿਚ ਸ਼ਬਦ 'ਭਗਤਿ' ਆਉਂਦਾ ਹੈ। ਇਸ ਦਾ ਉਚਾਰ ਭਗਤ ਕਰਨਾ ਹੈ ਜਾਂ ਭਗਤੀ।**

— *ਸ: ਲਖਬੰਸ ਸਿੰਘ, ਪਿੰਡ ਬੰਬੀਹਾਂ*

**ਜਵਾਬ : ਭਗਤਿ ਦਾ ਅਰਥ ਹੈ ਭਗਤੀ ਪਰ ਉਚਾਰਣ ਹੈ ਭਗਤ! ਜਿਵੇਂ :**

**ਤੇਰੀ ਭਗਤਿ, ਤੇਰੀ ਭਗਤਿ ਭੰਡਾਰ ਜੀ,**
**ਭਰੇ ਬਿਅੰਤ ਬੇਅੰਤਾ॥**

**ਜਦੋਂ ਸ਼ਬਦ 'ਭਗਤ' ਆਉਂਦਾ ਹੈ ਉਸਦਾ ਅਰਥ ਹੈ ਭਗਤੀ ਕਰਨ ਵਾਲੇ ਭਗਤ। ਉਚਾਰਨ ਭਗਤ ਕਰਨਾ ਹੈ। ਜਿਵੇਂ:**

**ਤੇਰੇ ਭਗਤ, ਤੇਰੇ ਭਗਤ ਸਲਾਹਨਿ ਤੁਧ ਜੀ,**
**ਹਰਿ ਅਨਿਕ ਅਨੇਕ ਅਨੰਤਾ॥**

**ਭਗਤਿ ਇਕ ਵਚਨ ਇਸਤ੍ਰੀ ਲਿੰਗ ਨਾਂਵ ਹੈ ਹੈ ਪਰ ਭਗਤ ਪੁਲਿੰਗ ਨਾਂਵ ਹੈ।**

**ਸਵਾਲ : ਕਾਰ ਸੇਵਾ ਵਾਲੇ ਬਾਬਿਆਂ ਦੀ ਸ਼ਰਧਾ ਤੇ ਸੇਵਾ ਭਾਵਨਾ ਦੀ ਬਿਰਤੀ ਅਤੇ ਪੜ੍ਹੇ ਲਿਖੇ ਗੁਰਸਿੱਖ ਵੀਚਾਰਵਾਨਾਂ ਦੀ ਲਿਆਕਤ ਤੇ ਦਿਮਾਗੀ ਸੋਚ ਨੂੰ ਜੇ ਇਕੱਠਿਆਂ ਕਰ ਦਿਤਾ ਜਾਵੇ ਤਾਂ......। ਗੁਰਦੁਆਰਿਆਂ ਦੀਆਂ ਬਿਲਡਿੰਗਾਂ ਉਪਰ ਜੋ ਪਾਣੀ ਦੀ ਤਰ੍ਹਾਂ ਪੈਸਾ ਵਹਾਇਆ ਜਾ ਰਿਹਾ ਹੈ ਜੇ ਉਸ ਨੂੰ ਸਿੱਖੀ ਸਕੂਲਾਂ, ਧਰਮ ਪ੍ਰਚਾਰ ਤੇ ਲਿਟਰੇਚਰ ਤੇ ਖਰਚ ਕੀਤਾ ਜਾਵੇ ਤਾਂ ਕਿੰਨੀ ਜਾਗ੍ਰਤੀ ਆ ਸਕਦੀ ਹੈ। ਕੀ ਸ਼ਰਧਾ ਤੇ ਗਿਆਨ ਦਾ ਸੁਮੇਲ ਹੋਣਾ ਜ਼ਰੂਰੀ ਨਹੀਂ ?**

— *ਸ: ਅਵਤਾਰ ਸਿੰਘ, ਫਤਹਿ ਨੰਗਲ*

ਜਵਾਬ : ਅਸੀਂ ਆਪ ਜੀ ਦੇ ਵੀਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਜੀ। ਜਿਥੇ ਗੁਰਦੁਆਰੇ ਸੁੰਦਰ ਤੇ ਪੱਕੇ ਹੋਣ ਉਥੇ ਉਹਨਾਂ ਵਿਚ ਜੁੜਣ ਵਾਲੀ ਸੰਗਤ ਵੀ ਸਿੱਖੀ ਗੁਣਾਂ ਨਾਲ ਸ਼ਿੰਗਾਰੀ ਹੋਈ ਤੇ ਗੁਰਮਤਿ ਵੀਚਾਰਧਾਰਾ ਵਿਚ ਪਰਪੱਕ ਹੋਵੇ।

ਅੱਜ ਗੁਰਦੁਆਰੇ ਤਾਂ ਬਹੁਤ ਪੱਕੇ ਹਨ ਪਰ ਸੰਗਤ ਜੁੜਦੀ ਨਹੀਂ ਤੇ ਗੁਰਮਤਿ ਵਿਚਾਰਧਾਰਾ ਦੀ ਥਾਂ ਬ੍ਰਾਹਮਣੀ ਵੀਚਾਰਧਾਰਾ ਦਾ ਬੋਲਬਾਲਾ ਹੈ। ਇਸਦਾ ਮੂਲ ਕਾਰਨ ਗਿਆਨ ਤੋਂ ਸਖਣੀ ਸ਼ਰਧਾ ਹੈ। ਅੰਨੀ ਸ਼ਰਧਾ ਨੂੰ ਗਿਆਨ ਤੇ ਬਿਬੇਕ-ਵੀਚਾਰ ਦੀਆਂ ਅੱਖਾਂ ਲਾਉਣੀਆਂ ਜ਼ਰੂਰੀ ਹਨ।

**ਸਵਾਲ :** ਮੈਂ ਹਰ ਰੋਜ਼ ਪਾਠ ਕਰਦਾ ਹਾਂ ਪਰ ਅੰਮ੍ਰਿਤ ਨਹੀਂ ਛਕਿਆ। ਕੀ ਬਿਨਾਂ ਅੰਮ੍ਰਿਤ ਛਕੇ ਕੀਤਾ ਪਾਠ ਨਿਸਫਲ ਹੈ ? — *ਸ੍ਰ: ਹਰਵਿੰਦਰ ਸਿੰਘ, ਅਨੰਦਪੁਰ ਸਾਹਿਬ*

**ਜਵਾਬ :** ਗੁਰਬਾਣੀ ਦਾ ਪਾਠ ਕਰਨਾ ਗੁਰੂ ਜੀ ਦੇ ਹੁਕਮ ਨੂੰ ਮੰਨਣਾ ਹੈ। ਅੰਮ੍ਰਿਤ ਛਕਣਾ ਵੀ ਗੁਰੂ ਜੀ ਦਾ ਹੁਕਮ ਮੰਨਣਾ ਹੈ। ਤੁਸੀਂ ਇਕ ਹੁਕਮ ਤਾਂ ਮੰਨਿਆ ਹੈ ਪਰ ਦੂਜਾ ਹੁਕਮ ਨਹੀਂ ਮੰਨਿਆ। ਜੋ ਅੰਮ੍ਰਿਤ ਨਹੀਂ ਛਕਦਾ ਉਸ ਬਾਰੇ ਹੁਕਮ ਹੈ :

ਧਰੇ ਕੇਸ, ਪਾਹੁਲ ਬਿਨਾ, ਭੇਖੀ ਮੂੜ੍ਹਾ ਸਿੱਖ।
ਮੇਰਾ ਦਰਸਨ ਨਾਹਿ ਤਿਸ ਪਾਪੀ ਤਿਆਗੇ ਭਿਖ।

ਸੋ ਜੇ ਤੁਸੀਂ ਗੁਰਬਾਣੀ ਦਾ ਪਾਠ ਕਰਦੇ ਹੋ ਤਾਂ ਗੁਰਬਾਣੀ ਦੀ ਸਿੱਖਿਆ ਅਨੁਸਾਰ "ਨਿਗੁਰੇ ਕਾ ਹੈ ਨਾਉ ਬੁਰਾ" ਅਸੀਂ ਗੁਰੂ ਧਾਰਨ ਕਰਨਾ ਹੈ ਗੁਰੂ ਗਰੰਥ ਸਾਹਿਬ ਨੂੰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ। ਗੁਰੂ ਗਰੰਥ ਸਾਹਿਬ ਨੂੰ ਤਨ ਮਨ ਧਨ ਅਰਪ ਕੇ ਹੀ ਗੁਰੂ ਵਾਲੇ ਬਣ ਸਕੀਦਾ ਹੈ। ਉਂਜ ਪਾਠ ਕੀਤਾ ਕਦੀ ਨਿਹਫਲ ਨਹੀਂ ਜਾ ਸਕਦਾ ਜੇ ਗੁਰਬਾਣੀ ਦੀ ਸਿੱਖਿਆ ਤੇ ਅਮਲ ਵੀ ਕੀਤਾ ਜਾਵੇ।

**ਸਵਾਲ :** ਕੀ ਕਿਰਪਾਨ ਲਾਹੁਣ ਨਾਲ ਅੰਮ੍ਰਿਤ ਖੰਡਨ ਹੋ ਜਾਂਦਾ ਹੈ ? — *ਸ੍ਰ: ਮਨਜੀਤ ਸਿੰਘ, ਮਲੋਟ*

**ਜਵਾਬ :** ਅੰਮ੍ਰਿਤ ਚਾਰ ਕੁਰਹਿਤਾਂ ਵਿਚੋਂ ਕੋਈ ਇਕ ਕਰਨ ਨਾਲ ਖੰਡਨ ਹੁੰਦਾ ਹੈ। ਕਿਰਪਾਨ ਜੋ ਇਕ ਕਕਾਰ ਹੈ ਲਾਹੁਣ ਨਾਲ ਸਿੱਖ 'ਤਨਖਾਹੀਆ' ਹੋ ਜਾਂਦਾ ਹੈ। ਜਿਸ ਦੀ ਪੰਜਾਂ ਪਿਆਰਿਆਂ ਪਾਸ ਪੇਸ਼ ਹੋ ਕੇ, ਭੁਲ ਬਖਸ਼ਾ ਕੇ ਸਜਾ ਲੁਆਈ ਜਾ ਸਕਦੀ ਹੈ।

**ਸਵਾਲ :** ਕਿਰਪਾਨ ਥੱਲੇ ਪਾਉਣੀ ਚਾਹੀਦੀ ਹੈ ਜਾਂ ਉਪਰ ਦੀ ?

**ਜਵਾਬ :** ਸਿੱਖ ਰਹਿਤ ਮਰਯਾਦਾ ਅਨੁਸਾਰ ਕਿਰਪਾਨ ਧਾਰਨ ਕਰਨਾ ਜ਼ਰੂਰੀ ਹੈ। ਉਪਰ ਜਾਂ ਥਲੇ ਪਾਉਣ ਬਾਰੇ ਕੋਈ ਵਿਸ਼ੇਸ਼ ਹਦਾਇਤ ਨਹੀਂ ਕੀਤੀ ਗਈ।

**ਸਵਾਲ :** ਕਈ ਵਾਰੀ ਗੁਰਸਿੱਖ ਲੜਕੀਆਂ ਜੋ ਅੰਮ੍ਰਿਤਧਾਰੀ ਨਿਤਨੇਮੀ ਗੁਰਮਤਿ ਦੀਆਂ ਧਾਰਨੀਆਂ ਹੁੰਦੀਆਂ ਹਨ, ਦੇ ਮਾਪੇ ਉਹਨਾਂ ਦਾ ਵਿਆਹ ਅਨਮਤੀਆਂ ਨਾਲ ਜਾਂ ਬੇ-ਅੰਮ੍ਰਿਤੀਆਂ ਨਾਲ ਜਾਂ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਨਾਲ, ਸ਼ਰਾਬ ਵਿਭਚਾਰ ਕਰਨ ਵਾਲੇ ਕੁਕਰਮੀ ਲੜਕਿਆਂ ਨਾਲ ਜਬਰੀ ਕਰ ਦਿੰਦੇ ਹਨ ਤੇ ਜੇ ਪੁਛੋ ਤਾਂ ਜਵਾਬ ਦਿੰਦੇ ਹਨ ਕਿ ਰਿਸ਼ਤੇ ਲਭਦੇ ਨਹੀਂ, ਅਸੀਂ ਕੀ ਕਰੀਏ ? ਇਹੋ ਜਹੇ ਸਮੇਂ ਲੜਕੀਆਂ ਦਾ ਕੀ ਫਰਜ਼ ਬਣਦਾ ਹੈ ? — *ਸ੍ਰ: ਮਲਕੀਤ ਸਿੰਘ, ਸੰਗਰੂਰ*

**ਜਵਾਬ :** ਜੋ ਰਿਸ਼ਤਾ ਲੜਕੀ ਨੂੰ ਇਸ ਕਰਕੇ ਪਰਵਾਨ ਨਾ ਹੋਵੇ ਕਿ ਲੜਕੇ ਵਿਚ ਉਪਰੋਕਤ ਔਗੁਣ ਹਨ ਤੇ ਲੜਕਾ ਸਿੱਖੀ ਰਵਾਇਤਾਂ ਤੇ ਪੂਰਾ ਨਹੀਂ ਉਤਰਦਾ, ਉਸ ਰਿਸ਼ਤੇ ਨੂੰ ਲੜਕੀ ਵਲੋਂ ਠੁਕਰਾ ਦੇਣਾ ਹੀ ਲੜਕੀ ਦਾ ਧਰਮ ਹੈ। ਕਿਉਂਕਿ, ਐਸੇ ਮੌਕੇ ਤੇ ਚੁਪ ਰਹਿਣ ਜਾਂ ਰਿਸ਼ਤਾ ਪ੍ਰਵਾਨ ਕਰ ਲੈਣ ਦਾ ਮਤਲਬ ਜੀਵਨ ਨੂੰ ਸਦਾ ਲਈ ਦੁੱਖਾਂ ਕਸ਼ਟਾਂ ਵਿਚ ਪਾਉਣਾ ਹੈ। ਲੜਕੀ ਦੇ ਮਾਤਾ ਪਿਤਾ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਆਪਣੀਆਂ ਲੜਕੀਆਂ ਤੇ ਤਰਸ ਕਰਨ ਤੇ ਯੋਗ ਵਰ ਦੀ ਤਲਾਸ਼ ਕਰਨ ਜੋ ਸਿੱਖੀ ਵਿਚ ਪ੍ਰਪੱਕ ਹੋਣ।

**ਸਵਾਲ :** ਕੀ ਧੰਨੇ ਭਗਤ ਨੇ ਪਥਰ ਪੂਜ ਕੇ ਰੱਬ ਦੀ ਪ੍ਰਾਪਤੀ ਕੀਤੀ ਸੀ ? — *ਸ੍ਰ: ਮਨਜੀਤ ਸਿੰਘ, ਨਵੀਂ ਦਿਲੀ*

**ਜਵਾਬ :** ਧੰਨੇ ਭਗਤ ਨੇ ਪ੍ਰਭੂ ਦੀ ਭਗਤੀ ਕਰਕੇ ਹੀ ਪ੍ਰਮਾਤਮਾ ਦੀ ਪ੍ਰਾਪਤੀ ਕੀਤੀ ਸੀ। ਵੇਖੋ ਭਗਤ ਧੰਨਾ ਜੀ ਦਾ ਉਚਾਰਨ ਕੀਤਾ ਸ਼ਬਦ :

'ਭ੍ਰਮਤ ਫਿਰਤ ਬਹੁ ਜਨਮ ਬਿਲਾਨੇ' (ਪੰਨਾ ੪੮੭) ਦੀ ਅਖੀਰਲੀ ਤੁਕ :

'ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥ ਤੇ ਗੁਰੂ ਅਰਜੁਨ ਦੇਵ ਜੀ ਦਾ ਇਸ ਸ਼ਬਦ ਦੇ ਨਾਲ ਲਗਦਾ ਸ਼ਬਦ :

'ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ ਤੋਂ ਸਪਸ਼ਟ ਹੈ ਕਿ ਭਗਤ ਧੰਨਾ ਜੀ ਨੇ ਭਗਤੀ ਰਾਹੀਂ ਪ੍ਰਭੂ ਦੀ ਪ੍ਰਾਪਤੀ ਕੀਤੀ। ਭਗਤ ਧੰਨਾ ਜੀ ਦੀ ਤੇ ਗੁਰੂ ਅਰਜੁਨ ਸਾਹਿਬ ਦੀ ਆਪਣੀ ਗੁਆਹੀ ਹੁੰਦਿਆਂ ਕਿਸੇ ਮਨਘੜਤ ਕਹਾਣੀ ਤੇ ਇਤਬਾਰ ਕਰਨਾ ਅਗਿਆਨਤਾ ਹੀ ਕਹੀ ਜਾ ਸਕਦੀ ਹੈ।

**ਸਵਾਲ :** ਕੀ ਦਰਬਾਰ ਸਾਹਿਬ ਦੇ ਉਪਰ ਸੈਂਟ ਛਿੜਕਣਾ ਜ਼ਰੂਰੀ ਹੈ ?

— *ਸ੍ਰ: ਜਸਵਿੰਦਰ ਪਾਲ ਸਿੰਘ, ਅਨੰਦਪੁਰ ਸਾਹਿਬ*

**ਜਵਾਬ :** ਨਹੀਂ ਜੀ।

**ਸਵਾਲ :** ਕੀ ਅੰਮ੍ਰਿਤਧਾਰੀ ਸਿੱਖ ਨੂੰ ਵਿਆਹ ਸਮੇਂ ਮਾਈਆਂ ਲਗਾਣਾ ਜ਼ਰੂਰੀ ਹੈ ?

— *ਸ੍ਰ: ਕੁਲਵੀਰ ਸਿੰਘ, ਜੰਡਾਲੀ*

**ਜਵਾਬ :** ਨਹੀਂ ਜੀ। ਬੇਲੋੜੀਆਂ ਤੇ ਵਾਧੂ ਦੀਆਂ ਰਸਮਾਂ ਵਾਸਤੇ ਅੰਮ੍ਰਿਤਧਾਰੀ ਸਿੱਖ ਦੇ ਜੀਵਨ ਵਿਚ ਕੋਈ ਥਾਂ ਨਹੀਂ।

**ਸਵਾਲ :** ਕਈ ਸਿੱਖ ਭਰਾ ਵਿਆਹ ਸਮੇਂ ਸਿਹਰੇ ਸਿਖਿਆ ਪੜ੍ਹਦੇ ਹਨ ਕੀ ਇਹ ਠੀਕ ਗੱਲ ਹੈ ?

— *ਸ੍ਰ: ਰਾਮ ਸਿੰਘ, ਦਿੱਲੀ*

**ਜਵਾਬ :** ਸੇਹਰੇ ਪੜ੍ਹਣੇ ਠੀਕ ਨਹੀਂ, ਕਿਉਂਕਿ ਇਸ ਵਿਚ

ਬੰਦੇ ਦੀ ਫੋਕੀ ਵਡਿਆਈ ਤੋਂ ਮਨੋਕਲਪਤ ਉਸਤਤਿ ਕੀਤੀ ਗਈ ਹੁੰਦੀ ਹੈ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਬੰਦੇ ਦੀ ਸ਼ੋਭਾ ਕਰਨੀ ਮਨਮਤਿ ਹੈ। ਸਿਖਿਆ ਜੋ ਆਮ ਲੜਕੀ ਦੀਆਂ ਭੈਣਾਂ ਜਾਂ ਸਹੇਲੀਆਂ ਵਲੋਂ ਪੜ੍ਹੀ ਜਾਂਦੀ ਹੈ ਉਸ ਵਿਚ ਰੋਣਾ ਧੋਣਾ ਜ਼ਿਆਦਾ ਹੁੰਦਾ ਹੈ ਤੇ ਸਿਖਿਆ ਘਟ। ਸੋ ਸਿਖਿਆ ਉਹੀ ਹੈ ਜੋ ਗਰੰਥੀ ਸਿੰਘ ਜਾਂ ਪ੍ਰਚਾਰਕ ਸਿੰਘ ਗੁਰਮਤਿ ਦੇ ਅਧਾਰ ਤੇ ਗੁਰਬਾਣੀ ਵਿਚੋਂ ਦੇਂਦਾ ਹੈ।

**ਸਵਾਲ : ਕੀ ਅੰਮ੍ਰਿਤਧਾਰੀ ਸਿੰਘ ਹੋਟਲ ਜਾਂ ਢਾਬੇ ਤੇ ਸਫਰ ਸਮੇਂ ਰੋਟੀ ਖਾ ਸਕਦਾ ਹੈ ?**

**ਜਵਾਬ :** ਜੇ ਸਿੱਖੀ ਤੋਂ ਬਿਵਰਜਤ ਕੋਈ ਚੀਜ਼ ਹੋਟਲ ਵਿਚ ਨਾ ਵਰਤੀ ਜਾਂਦੀ ਹੋਵੇ ਤੇ ਪੂਰਨ ਸਫਾਈ ਹੋਵੇ ਤਾਂ ਰੋਟੀ ਖਾਣ ਵਿਚ ਕੋਈ ਹਰਜ ਨਹੀਂ।

**ਸਵਾਲ : ਸੰਗਤ ਵਿਚ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਉਣ ਦੀ ਸੇਵਾ ਕੀ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਹੀ ਕਰ ਸਕਦੀਆਂ ਹਨ ?**

*— ਸ: ਮਹਿਮਾ ਸਿੰਘ ਜੀ, ਗੰਗਾਨਗਰ*

**ਜਵਾਬ :** ਚੰਗਾ ਤਾਂ ਇਹ ਹੈ ਕਿ ਅੰਮ੍ਰਿਤਧਾਰੀ ਹੀ ਇਹ ਸੇਵਾ ਨਿਭਾਉਣ ਪਰ ਜੇ ਕਿਸੇ ਸੰਗਤ ਵਿਚ ਅੰਮ੍ਰਿਤਧਾਰੀ ਨਾ ਹੀ ਮਿਲਣ ਤਾਂ ਮਜਬੂਰੀ ਦੀ ਹਾਲਤ ਵਿਚ ਇਹ ਸੇਵਾ ਦੂਸਰੇ ਸਿੱਖ ਵੀ ਕਰ ਸਕਦੇ ਹਨ ਪਰ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਵਾਲੇ ਜਾਂ ਹੋਰ ਕੁਰਹਿਤ ਕਰਨ ਵਾਲੇ ਨੂੰ ਸੇਵਾ ਨਹੀਂ ਦਿਤੀ ਜਾ ਸਕਦੀ।

**ਸਵਾਲ : ਕੀ ਅੰਮ੍ਰਿਤਧਾਰੀ ਲੜਕੀ ਲਈ ਨਕਲੀ ਵਾਲ ਲਗਾਉਣਾ ਠੀਕ ਹੈ ?**

**ਜਵਾਬ :** ਨਹੀਂ ਜੀ! ਮਨਮਤਿ ਹੈ। ❑❑❑

## ਗੁਮਟਾਲਾ ਵਿਖੇ ਕਾਲਜ ਦਾ ਦਫ਼ਤਰ

ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਦੇ ਗੁਮਟਾਲਾ ਸਰਕਲ ਦਾ ਦਫਤਰ ਹੇਠ ਲਿਖੇ ਪਤੇ ਤੇ ਬਣਾਇਆ ਗਿਆ ਹੈ:

ਸਰਕਲ: ਸਿੱਖ ਮਿਸ਼ਨਰੀ ਕਾਲਜ (ਰਜਿ:)<br>
C/o ਔ: ਕੋ: ਡਰੈੱਸ ਮੇਕਰ,<br>
ਅਜਨਾਲਾ ਰੋਡ, ਗੁਮਟਾਲਾ, ਜ਼ਿਲਾ ਅੰਮ੍ਰਿਤਸਰ।<br>
ਫੋਨ : (ਘਰ) 506488

ਇਸ ਦਫਤਰ ਵਿਖੇ 'ਸਿੱਖ ਫੁਲਵਾੜੀ' ਦੇ ਚੰਦੇ ਅਤੇ ਦੋ ਸਾਲਾ ਕੋਰਸ ਦੀ ਫੀਸ ਜਾਂ ਪ੍ਰਚਾਰ ਲਈ ਸਹਾਇਤਾ ਜਮ੍ਹਾਂ ਕਰਾਈ ਜਾ ਸਕਦੀ ਹੈ ਅਤੇ ਕਾਲਜ ਦਾ ਛਪਿਆ ਲਿਟਰੇਚਰ ਅਤੇ ਫ੍ਰੀ-ਲਿਟਰੇਚਰ ਪ੍ਰਾਪਤ ਕੀਤਾ ਜਾ ਸਕਦਾ ਹੈ। ਕਾਲਜ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕਰੋ ਜੀ।

# ਵੀਰੋ ਕਾਹਤੋਂ ਕੇਸ ਕਟਾਉ

*— ਹਰਭਜਨ ਸਿੰਘ ਭਜਨ, ਗੁਰਦਾਸਪੁਰ*

ਕੇਸਾਂ ਨਾਲ ਸਿੱਖੀ ਹੈ, ਬਾਬੇ ਨਾਨਕ ਨੇ ਫੁਰਮਾਇਆ,<br>
ਸਾਬਤ ਸੂਰਤ ਭੰਨਿਓ ਨਾ, ਸਭ ਨੂੰ ਹੁਕਮ ਸੁਣਾਇਆ।<br>
ਕੀਤੇ ਬਚਨ ਜੋ ਗੁਰੂਆਂ ਨੇ, ਤੁਸੀਂ ਉਸਤੇ ਫੁੱਲ ਚੜ੍ਹਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਸਭ ਦਾਨੇ ਕਹਿੰਦੇ ਨੇ, ਬੰਦਾ ਹੈ ਕੇਸਾਂ ਨਾਲ ਫੱਬਦਾ।<br>
ਸਾਡਾ ਪੁਰਾਤਨ ਵਿਰਸਾ ਜੋ, ਸਾਰਾ ਕੇਸਾਂ ਵਾਲਾ ਲੱਭਦਾ।<br>
ਇਸ ਦਾਤ ਅਮੋਲਕ ਨੂੰ, ਨਾ ਪੈਰਾਂ ਵਿਚ ਰੁਲਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਪੀਰ ਪੈਗੰਬਰ ਸਾਰਿਆਂ ਦੇ, ਹੈਸੀ ਸੋਹਣੇ ਕੇਸ ਸੁਹਾਉਂਦੇ।<br>
ਉਹ ਕੇਸ ਕਟਾਉਂਦੇ ਨਹੀਂ, ਜੋ ਰੱਬ ਦੇ ਭਗਤ ਕਹਾਉਂਦੇ।<br>
ਇਹ ਰੁਤਬਾ ਸਰਦਾਰੀ ਦਾ, ਨਾ ਕੌਡੀਆਂ ਭਾਅ ਗਵਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਸਾਬਤ ਸੂਰਤ ਸੋਹਣੀ ਏ, ਪ੍ਰਮੇਸ਼ਰ ਆਪ ਬਣਾਈ।<br>
ਇਸ ਦਾਤ ਅਮੋਲਕ ਨੂੰ ਵੀਰੋ, ਕਾਹਤੋਂ ਜਾਉ ਲੁਟਾਈ।<br>
ਜੇ ਸਰਦਾਰ ਕਹਾਉਣਾ ਏ, ਸਿਰ ਸੋਹਣੀ ਦਸਤਾਰ ਸਜਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਸਿੰਘ ਜਿੰਦਾਂ ਵਾਰ ਗਏ, ਪਰ ਨਹੀਉਂ ਕੇਸ ਕਟਾਏ।<br>
ਸੀ ਨਾਹਰਾ ਸਿੰਘਾਂ ਦਾ, ਸਾਡਾ ਸਿੱਖੀ ਸਿਦਕ ਨਾ ਜਾਏ।<br>
ਕੋਲੋਂ ਦੇ ਕੇ ਪੈਸਿਆਂ ਨੂੰ, ਪਏ ਬੋਦੇ ਅੱਜ ਬਣਾਉ।<br>
ਪੁੱਤ ਹੋ ਕੇ ਸਿੱਖਾਂ ਦੇ, ਵੀਰੋ ਕਾਹਤੋਂ ਕੇਸ ਕਟਾਉ।<br>
ਵਿੱਚ ਪੈ ਕੇ ਫੈਸ਼ਨਾਂ ਦੇ, ਬਹੁਤੇ ਜਾਂਦੇ ਕੇਸ ਕਟਾਈ।<br>
ਉਹ ਸ਼ੋਭਾ ਪਾਉਂਦੇ ਨੇ, ਜਿਹੜੇ ਮੰਨਦੇ ਹੁਕਮ ਰਜਾਈ।<br>
ਇਕ ਬੇਨਤੀ ਭੈਣਾਂ ਨੂੰ ਨਾ ਭਰਵੱਟੇ ਤੁਸੀਂ ਕਟਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਕਿਹਾ ਕਲਗੀਧਰ ਨੇ ਜੋ, ਨਾ ਕਦੇ ਵੀ ਮਨੋਂ ਭੁਲਾਈਏ।<br>
ਅੰਮ੍ਰਿਤ ਛੱਕ ਕੇ ਗੁਰਬਾਣੀ ਪੜ੍ਹੀਏ, ਜੀਵਨ ਸਫਲ ਬਣਾਈਏ।<br>
ਹੋ ਕੇ ਮਰਦ ਸੂਰਮੇ ਜੀ, ਨਾ ਟੋਪਸ ਕੰਨਾਂ ਵਿੱਚ ਪਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਚੰਗੇ ਮਾੜੇ ਕਰਮਾਂ ਦਾ, ਅੰਤ ਪਵੇਗਾ ਲੇਖਾ ਦੇਣਾ।<br>
ਇਹ ਹੁਸਨ ਜਵਾਨੀ ਨੇ, ਵੀਰੋ ਸਦਾ ਨਹੀਂ ਏਥੇ ਰਹਿਣਾ।<br>
ਤਾਰੂ ਸਿੰਘ ਵਾਂਗਰਾਂ ਜੀ, ਸਿੱਖੀ ਸਿਦਕ ਨਿਭਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ।<br>
ਸੁਣੋ ਕੌਮੀ ਲੀਡਰੋ ਭਈ, ਆਉ ਰਲ ਮਿਲ ਫਰਜ ਨਿਭਾਈਏ,<br>
ਸਮਝਾਉ ਪੁੱਤਾਂ ਧੀਆਂ ਨੂੰ, ਇਹ ਸਿੱਖੀ ਸ਼ਾਨ ਬਚਾਈਏ।<br>
'ਭਜਨ' ਕਹੇ ਬੂਟਾ ਸਿੱਖੀ ਦਾ, ਨਾ ਹੱਥੀਂ ਕਤਲ ਕਰਾਉ।<br>
ਪੁੱਤ ਹੋ ਕੇ ਸਿੱਖਾਂ ਦੇ ਵੀਰੋ, ਕਾਹਤੋਂ ਕੇਸ ਕਟਾਉ। ❑❑

ਸੰਪਾਦਕੀ

# ਗੁਰੂ ਨਾਨਕ ਮਾਰਗ ਤੇ ਅਸੀਂ

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਅਮਲੀ ਜੀਵਨ (ਮਨੁੱਖ ਦੀ ਕਰਨੀ) ਉਤੇ ਬਹੁਤ ਜ਼ੋਰ ਦਿਤਾ ਹੈ। ਆਪ ਦੇ ਵਿਚਾਰਾਂ ਵਿਚ ਉਹ ਬੰਦੇ ਸੱਚੇ ਧਰਮੀ ਨਹੀਂ ਹਨ, ਜਿਹੜੇ ਕੇਵਲ ਧਰਮ-ਸਿਧਾਂਤਾਂ ਦੀ ਚਰਚਾ ਕਰਦੇ ਰਹਿੰਦੇ ਹਨ, ਜਾਂ ਕੁਝ ਰੀਤਾਂ, ਰਸਮਾਂ ਨਿਭਾਉਣ ਨੂੰ ਹੀ ਧਰਮ ਸਮਝ ਬੈਠਦੇ ਹਨ, ਸਗੋਂ ਸੱਚੇ ਧਰਮੀ ਤਾਂ ਉਹ ਹਨ ਜਿਹੜੇ ਮਨ ਦੀ ਮੱਤ ਨੂੰ ਤਿਆਗ ਕੇ, ਮਨ ਨੂੰ ਵਿਕਾਰਾਂ ਅਤੇ ਮਾਇਆ ਵਲੋਂ ਮੋੜ ਕੇ ਗੁਰੂ ਉਪਦੇਸ਼ਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਦੇ ਹਨ।

ਧਰਮ ਦੇ ਨਾਮ ਉਤੇ ਫੈਲਾਏ ਗਏ ਅੰਧ ਵਿਸ਼ਵਾਸਾਂ, ਪਖੰਡਾਂ, ਫ਼ਜ਼ੂਲ ਦੇ ਕਰਮ-ਕਾਂਡਾਂ ਅਤੇ ਧਾਰਮਿਕ ਭੇਖਾਂ ਦਾ ਸਤਿਗੁਰਾਂ ਨੇ ਆਪਣੀ ਬਾਣੀ ਵਿਚ ਜ਼ੋਰਦਾਰ ਖੰਡਨ ਕੀਤਾ ਹੈ। ਆਪਣੇ ਪ੍ਰਚਾਰਕ ਦੌਰਿਆਂ ਸਮੇਂ ਵੀ ਸਤਿਗੁਰਾਂ ਨੇ ਲੋਕਾਂ ਨੂੰ ਫ਼ਜ਼ੂਲ ਦੇ ਕਰਮ-ਕਾਂਡਾਂ ਨੂੰ ਤਿਆਗਣ, ਪ੍ਰਭੂ ਨਾਲ ਪ੍ਰੀਤ ਪਾਉਣ ਤੇ ਉਚੇ-ਸੁੱਚੇ ਆਤਮਿਕ ਅਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿਤਾ ਸੀ। ਆਪ ਦੇ ਪ੍ਰਕਾਸ਼ ਸਮੇਂ ਭਾਵੇਂ ਹਿੰਦੋਸਤਾਨ ਵਿਚ ਹਜ਼ਾਰਾਂ ਹੀ ਸਾਧੂਆਂ, ਸੰਤਾਂ, ਬੋਧੀਆਂ, ਜੈਨੀਆਂ, ਜੋਗੀਆਂ, ਸਿੱਧਾਂ ਦੇ ਦਰਸ਼ਨ ਹੋ ਸਕਦੇ ਸਨ ਅਤੇ ਕਰਮ-ਕਾਂਡੀ ਬ੍ਰਾਹਮਣਾਂ ਦਾ ਤਾਂ ਕੋਈ ਅੰਤ ਹੀ ਨਹੀਂ ਸੀ, ਪਰ ਸਤਿਗੁਰਾਂ ਨੇ ਤਾਂ ਇਹੀ ਆਖਿਆ ਸੀ :

**ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥**
**ਹਉ ਭਾਲਿ ਵਿਕੁੰਨੀ ਹੋਈ, ਆਧੇਰੈ ਰਾਹੁ ਨਾ ਕੋਈ॥**

*(ਵਾਰ ਮਾਝ ਕੀ, ਮ: ੧, ਪੰਨਾ ੧੪੫)*

ਕੂੜ ਦੀ ਕਾਲੀ ਬਲੀ ਮੱਸਿਆ ਸਮੇਂ ਗਿਆਨ ਦਾ ਪ੍ਰਕਾਸ਼ ਕਰਨ ਲਈ ਸਤਿਗੁਰਾਂ ਨੇ ਇਹ ਜ਼ਰੂਰੀ ਸਮਝਿਆ ਕਿ ਲੋਕਾਂ ਨੂੰ 'ਸ਼ੁਭ ਗੁਣ' ਧਾਰਨ ਅਤੇ 'ਸ਼ੁਭ ਅਮਲ' ਕਰਨ ਦੀ ਸਿਖਿਆ ਦਿਤੀ ਜਾਵੇ। ਕਰਮ-ਕਾਂਡੀ ਬ੍ਰਾਹਮਣਾਂ ਨੂੰ ਜਨੇਊ ਪਾਉਣ ਦੀ ਥਾਂ ਉਤੇ ਦਇਆ, ਸੰਤੋਖ, ਉਚਾ-ਆਚਰਣ ਅਤੇ ਸੱਚ ਆਦਿਕ ਗੁਣਾਂ ਨੂੰ ਅਪਨਾਉਣ ਦਾ ਉਪਦੇਸ਼ ਦਿਤਾ। ਜੋਗੀਆਂ ਨੂੰ ਜਟਾਂ ਵਧਾਉਣ, ਸਰੀਰ ਉਤੇ ਸੁਆਹ ਮਲਣ, ਕੰਨ ਪੜਵਾ ਕੇ ਮੁੰਦਰਾਂ ਪਾਉਣ, ਗੋਦੜੀ, ਖੱਪਰ, ਡੰਡਾ ਆਦਿਕ ਵਸਤਾਂ ਰਖਣ ਦੀ ਥਾਂ ਉਤੇ ਸੰਤੋਖ, ਦਇਆ ਧਾਰਨ ਕਰਨ ਮਿਹਨਤ, ਪ੍ਰਭੂ ਵਿਚ ਵਿਸ਼ਵਾਸ ਰਖਣ, ਸਰੀਰ ਨੂੰ ਵਿਕਾਰਾਂ ਤੋਂ ਬਚਾਉਣ ਅਤੇ ਘਰ-ਬਾਰ ਛਡ ਕੇ ਜੰਗਲਾਂ ਵਿਚ ਘੁੰਮਣ ਦੀ ਥਾਂ ਉਤੇ ਸੰਸਾਰ ਵਿਚ ਰਹਿੰਦਿਆਂ ਹੋਇਆਂ, ਮਾਇਆ ਤੋਂ ਨਿਰਲੇਪ ਰਹਿ ਕੇ ਪ੍ਰਭੂ ਦੀ ਯਾਦ ਵਿਚ ਜੁੜੇ ਰਹਿਣ ਦਾ ਉਪਦੇਸ਼ ਦਿਤਾ। ਇਵੇਂ ਹੀ ਮੁਸਲਮਾਨਾਂ ਨੂੰ ਪੰਜ ਨਿਮਾਜ਼ੀ ਦੀ ਥਾਂ ਉਤੇ ਸੱਚ ਬੋਲਣ, ਹੱਕ ਦੀ ਕਮਾਈ ਕਰਨ, ਸਰਬੱਤ ਦਾ ਭਲਾ ਮੰਗਣ, ਮਨ ਪਵਿਤਰ ਰੱਖਣ ਅਤੇ ਪ੍ਰਮਾਤਮਾ ਦੀ ਸਿਫਤ ਸਲਾਹ ਲਈ ਕਿਹਾ। ਜੈਨੀਆਂ ਨੂੰ ਬੇਲੋੜੀ ਅਹਿੰਸਾ, ਸਰੀਰਕ ਕੁਚੀਲਤਾ ਤਿਆਗਣ ਦਾ ਉਪਦੇਸ਼ ਦਿਤਾ ਤੇ ਆਖਿਆ ਕਿ ਇਹਨਾਂ ਜੈਨ-ਮੱਤ ਦੇ ਸਾਧਨਾਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਮੁਕਤੀ ਤਾਂ ਸੱਚੇ ਗੁਰੂ ਦੀ ਸਿੱਖਿਆ ਰੂਪੀ ਸਰੋਵਰ ਵਿਚ ਮਨ ਦੇ ਇਸ਼ਨਾਨ ਕਰਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

ਸਤਿਗੁਰਾਂ ਦੀਆਂ ਹੋਰਨਾਂ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਨੂੰ ਦਿਤੀਆਂ ਗਈਆਂ ਸਿਖਿਆਵਾਂ ਕੇਵਲ ਉਨ੍ਹਾਂ (ਅਨਮੱਤੀਆਂ) ਲਈ ਹੀ ਨਹੀਂ ਸਨ, ਸਗੋਂ ਸਮੁੱਚੇ ਸੰਸਾਰ ਲਈ ਸਨ, ਕਿਉਂਕਿ:

ਪ੍ਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ॥ ਸਾਨੂੰ ਵੀ ਸਮੇਂ ਸਮੇਂ ਸਿਰ ਸਤਿਗੁਰਾਂ ਦੇ ਉਪਦੇਸ਼ਾਂ ਦੀ ਰੌਸ਼ਨੀ ਵਿਚ ਆਪਣੇ ਨਿੱਜੀ ਅਤੇ ਕੌਮੀ ਜੀਵਨ ਨੂੰ ਪਰਖਦੇ ਰਹਿਣਾ ਚਾਹੀਦਾ ਹੈ। ਸਾਡੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਾਡੇ ਅਮਲਾਂ (ਕਿਰਦਾਰ) ਵਿਚੋਂ ਗੁਰਮਤਿ ਦੀ ਖ਼ੁਸ਼ਬੂ ਆਵੇ। ਉਸ ਹਰ ਵਿਚਾਰ, ਰਸਮ-ਰੀਤ ਨੂੰ ਅਪਣਾਈਏ ਜਿਸ ਨੂੰ ਅਪਣਾਉਣ ਦਾ ਸਤਿਗੁਰਾਂ ਨੇ ਉਪਦੇਸ਼ ਦਿਤਾ ਹੈ—ਅਤੇ ਉਸ ਹਰ ਮਨਮੱਤ ਨੂੰ ਤਿਆਗੀਏ ਜਿਹੜੀ ਸਾਨੂੰ ਗੁਰੂ-ਚਰਨਾਂ ਨਾਲੋਂ ਤੋੜਦੀ ਹੈ, ਪੰਥ ਤੋਂ ਦੂਰ ਲੈ ਜਾਂਦੀ ਹੈ। ਘਟੋ-ਘਟ ਸਤਿਗੁਰਾਂ ਦੇ ਗੁਰਪੁਰਬ ਮਨਾਉਂਦਿਆਂ ਤਾਂ ਸਾਨੂੰ ਉਪਰੋਕਤ ਵਿਚਾਰ ਵਿਸ਼ੇਸ਼ ਤੌਰ ਤੇ ਕਰਨੀ ਚਾਹੀਦੀ ਹੈ। ਆਓ! ਵੇਖੀਏ ਕਿ ਅਸੀਂ ਗੁਰੂ ਨਾਨਕ ਪਾਤਸ਼ਾਹ ਦੀਆਂ ਸਿਖਿਆਵਾਂ ਨੂੰ ਕਿੰਨਾ ਕੁ ਅਪਣਾਇਆ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਲੋਕਾਂ ਨੂੰ ਅਵਤਾਰਵਾਦ ਵਲੋਂ ਹਟਾ ਕੇ ਇਕ ਪ੍ਰਭੂ ਦੇ ਲੜ ਲਾਇਆ ਸੀ। ਇਹ ਵੀ ਸਪਸ਼ਟ ਕੀਤਾ ਸੀ ਕਿ ਪ੍ਰਭੂ ਦੀ ਪ੍ਰਾਪਤੀ ਕੇਵਲ ਸੱਚੇ ਗੁਰੂ ਦੀ ਰਾਹੀਂ ਹੀ ਹੋ ਸਕਦੀ ਹੈ ਅਤੇ ਗੁਰੂ ਵੀ ਕੇਵਲ ਸ਼ਬਦ ਹੀ ਹੋ ਸਕਦਾ ਹੈ। ਸਤਿਗੁਰਾਂ ਦੇ ਫ਼ੁਰਮਾਨ ਹਨ :

ਬਿਨੁ ਸਤਿਗੁਰ ਕਿਨੈ ਨ ਪਾਇਓ,
ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ,
ਕਰਿ ਪਰਗਟੁ ਆਖਿ ਸੁਣਾਇਆ॥

*(ਆਸਾ ਕੀ ਵਾਰ, ੪੬੬)*

ਸਬਦੁ ਗੁਰੂ, ਸੁਰਤਿ ਧੁਨਿ ਚੇਲਾ॥

*(ਰਾਮਕਲੀ, ਮ: ੧—ਸਿਧ ਗੋਸਟਿ—੯੪੩)*

ਸਬਦਿ ਗੁਰੂ ਭਵ ਸਾਗਰੁ ਤਰੀਐ,
ਇਤ ਉਤ ਏਕੋ ਜਾਣੈ॥
ਚਿਹਨੁ ਵਰਨੁ ਨਹੀ ਛਾਇਆ, ਮਾਇਆ,
ਨਾਨਕ ਸਬਦੁ ਪਛਾਣੈ॥

*(ਰਾਮਕਲੀ, ਮ: ੯੪੪)*

ਬਿਨੁ ਗੁਰ ਮੈਲੁ ਨ ਉਤਰੈ, ਬਿਨੁ ਹਰਿ ਕਿਉ ਘਰ ਵਾਸੁ॥
ਏਕੋ ਸਬਦੁ ਵੀਚਾਰੀਐ, ਅਵਰ ਤਿਆਗੈ ਆਸ॥
ਨਾਨਕ ਦੇਖਿ ਦਿਖਾਈਐ, ਹਉ ਸਦ ਬਲਿਹਾਰੈ ਜਾਸੁ॥

*(ਸਿਰੀ ਰਾਗੁ, ਮ: ੧-੧੯)*

ਪਰ ਅੱਜ ਬਹੁਤ ਸਾਰੇ ਸਿੱਖ, ਸ਼ਬਦ ਦਾ ਲੜ ਛੱਡ ਕੇ ਕਈ

'ਮਾਡਰਨ ਸਤਿਗੁਰੂਆਂ' 'ਸਾਧ', 'ਜੋਗੀਆਂ' ਦੇ ਪਿਛੇ ਲਗ ਤੁਰੇ ਹਨ। ਭੁਲੇਖਾ ਪਾਉਣ ਲਈ ਇਹ ਕਿਹਾ ਜਾਂਦਾ ਹੈ ਕਿ ਵਾਹਿਗੁਰੂ ਨਾਲ ਓਹੀ ਮਿਲਾ ਸਕਦਾ ਹੈ, ਜੋ ਉਸ ਨਾਲ ਆਪ ਜੁੜਿਆ ਹੋਵੇ, ਸ਼ਬਦ ਜੋ ਸਰੀਰ ਰਹਿਤ ਹੈ ਵਾਹਿਗੁਰੂ ਦੇ ਮਿਲਾਪ ਦਾ ਦੂਜਿਆਂ ਉਤੇ ਕਿਵੇਂ ਅਸਰ ਪਾ ਸਕਦਾ ਹੈ। ਇਹ ਹੈ ਦੇਹਧਾਰੀ, ਧਰਮ ਦੇ ਵੈਰੀ, ਅਜ ਕਲ ਦੇ 'ਸਤਿਗੁਰੂਆਂ' ਤੇ 'ਸਾਧਾਂ' ਦੀ ਭੋਲੀ ਭਾਲੀ ਜਨਤਾ ਨੂੰ ਗੁਮਰਾਹ ਕਰਨ ਦੀ ਚਾਲ। ਯਾਦ ਰੱਖਣਾ ਚਾਹੀਦਾ ਹੈ ਕਿ ਸ਼ਬਦ ਜੋ ਹੈ, ਉਹ ਮਹਾਨ ਸਿੱਖ ਸਤਿਗੁਰੂਆਂ ਅਤੇ ਹੋਰ ਗੁਰੂ ਪ੍ਰਵਾਨਿਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਦੀ ਉਪਜ ਜਾਂ ਅਨੁਭਵ ਹੈ। ਸ਼ਬਦ ਜਿਥੇ ਵਾਹਿਗੁਰੂ ਮਿਲਾਪ ਤੋਂ ਉਪਜੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਪ੍ਰਾਪਤੀ ਦੇ ਰਾਹ ਵਿਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ੧੦੦ ਸਾਲ ਦੇ ਲੰਮੇ ਇਤਿਹਾਸ ਨੇ ਜਦੋਂ ਕਿ ਦੇਹਧਾਰੀ ਗੁਰੂ ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦਸ ਦਿਤਾ ਕਿ "ਸ਼ਬਦ" ਦੀ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ ਜਿਸ ਨੇ 'ਰੰਕਾਂ' ਨੂੰ 'ਰਾਜੇ' ਬਣਾ ਦਿਤਾ। ਉਸ ਵੇਲੇ ਗੁਰਸਿੱਖਾਂ ਨੇ ਆਪਣੇ ਸਰੀਰ ਤੇ ਜੋ ਕਸ਼ਟ ਸਹਾਰੇ, ਅੱਜ ਕਲ ਦੇ ਦੇਹਧਾਰੀ ਗੁਰੂਆਂ ਦੇ 'ਸਿੱਖ' ਤਾਂ ਕੀ, ਅਜੇਹੇ 'ਗੁਰੂ' ਭੀ ਅਜਿਹੇ ਕਸ਼ਟਾਂ ਦੇ ਖਿਆਲ ਤੋਂ ਹੀ ਘਬਰਾ ਉਠਦੇ ਹਨ।

ਅੱਜ ਅਸੀਂ ਸ਼ਬਦ ਦੀ ਓਟ ਨੂੰ ਛੱਡ ਚੁਕੇ ਹਾਂ। ਇਸ ਕਰਕੇ ਧਰਮ ਦੇ ਤਿੰਨ ਵੱਡੇ ਅਸੂਲਾਂ—ਨਾਮ ਜਪਣ, ਧਰਮ ਦੀ ਕਿਰਤ ਕਰਨ ਤੇ ਵੰਡ ਕੇ ਛਕਣ—ਨੂੰ ਛੱਡ ਕੇ ਅਸੀਂ ਭੀ ਫਾਲਤੂ ਦੇ ਕਰਮ-ਕਾਂਡਾਂ ਦੇ ਚੱਕਰਾਂ ਵਿਚ ਪੈ ਗਏ ਹਾਂ। ਅਸੀਂ ਭੀ ਭੇਖਾਂ ਨੂੰ ਹੀ ਧਰਮ ਬਣਾ ਲਿਆ ਹੈ। ਅੱਜ ਅਲੱਗ ਅਲੱਗ ਸਾਧਾਂ ਦੇ ਸ਼ਰਧਾਲੂ ਹਾਸੋ ਹੀਣੇ ਭੇਖਾਂ ਵਿਚ ਵੇਖੇ ਜਾਂਦੇ ਹਨ।

ਗੁਰੂ ਨਾਨਕ ਸਾਹਿਬ ਆਪਣੇ ਪਰਚਾਰ ਦੌਰੇ ਵਿਚ ਜਿਸ ਮਹਾਨ ਆਤਮਾ ਨੂੰ ਸਭ ਤੋਂ ਪਹਿਲਾਂ ਮਿਲੇ, ਉਸ ਨਾਂ ਸੀ ਭਾਈ ਲਾਲੋ। ਗੁਰੂ ਸਾਹਿਬ ਨੇ ਉਚ-ਜਾਤੀਏ ਮਲਕ ਭਾਗੋ ਦੇ ਪ੍ਰੀਤੀ-ਭੋਜ ਨੂੰ ਠੁਕਰਾ ਕੇ ਲੋਕਾਂ ਦੁਆਰਾ 'ਸ਼ੂਦਰ' ਕਹੇ ਜਾਣ ਵਾਲੇ ਭਾਈ ਲਾਲੋ ਨੂੰ ਨਿਵਾਜਿਆ, ਕਿਉਂ ਜੁ ਭਾਈ ਲਾਲੋ ਪ੍ਰਭੂ ਤੋਂ ਡਰਨ ਵਾਲਾ, ਸੇਵਾ ਭਾਵ ਵਾਲਾ ਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਅਸਲੀ ਧਰਮੀ ਇਨਸਾਨ ਸੀ। ਉਧਰ ਮਲਕ ਭਾਗੋ ਜਿਥੇ ਸਰਕਾਰੀ ਅਫਸਰ ਸੀ, ਉਥੇ ਉਸਨੇ ਨਾਜਾਇਜ਼ ਤਰੀਕੇ ਨਾਲ ਧਨ ਇਕੱਠਾ ਕੀਤਾ ਹੋਇਆ ਸੀ। ਉਹ ਪ੍ਰੀਤੀ ਭੋਜਨਾਂ ਰਾਹੀਂ ਆਪਣੇ ਧਰਮੀ ਹੋਣ ਦਾ ਢਿੰਡੋਰਾ ਪਿਟਵਾ ਰਿਹਾ ਸੀ। ਪਰ ਗੁਰੂ ਸਾਹਿਬ ਨੇ ਉਸਦੇ ਪੂੜਿਆਂ ਨੂੰ ਅਸਵੀਕਾਰ ਕਰਕੇ ਦਸ ਦਿਤਾ ਕਿ ਉਸਦੀ ਕਮਾਈ ਵਿਚ ਗਰੀਬਾਂ ਦਾ ਲਹੂ ਹੈ—ਉਹ ਅਧਰਮੀ ਹੈ। ਪਰ ਸਾਡੇ ਅਜੋਕੇ ਜੀਵਨ ਵਿਚ ਕੀ ਰਾਜਸੀ, ਕੀ ਸਮਾਜਿਕ ਤੇ ਧਾਰਮਿਕ—ਹਰ ਪਾਸੇ "ਮਲਕ-ਭਾਗੋਆਂ" ਦਾ ਰਾਜ ਹੈ, "ਭਾਈ ਲਾਲੋ" ਨੂੰ ਕੌਣ ਪੁਛਦਾ ਹੈ? ਗੁਰਦੁਆਰਿਆਂ ਉਤੇ, ਜਿਥੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੇ ਫੈਲਣਾ ਹੈ, ਅਜਿਹੇ ਮਲਕ ਭਾਗੋਆਂ ਦਾ ਕਬਜ਼ਾ ਹੈ—ਤਾਹੀਏਂ ਤਾਂ ਧਰਮ ਫੈਲ ਨਹੀਂ ਰਿਹਾ। ਜੇ ਕੋਈ ਐਸਾ ਬੰਦਾ ਕਿਸੇ ਤਰ੍ਹਾਂ ਗੁਰਦੁਆਰਿਆਂ ਦੀ "ਸੇਵਾ" ਵਿਚ ਆ ਜਾਂਦਾ ਹੈ, ਤਾਂ ਥੋੜੇ ਦਿਨਾਂ ਵਿਚ ਹੀ ਉਹ ਕੋਠੀਆਂ, ਕਾਰਾਂ ਤੇ ਫੈਕਟਰੀਆਂ ਦਾ ਮਾਲਕ ਬਣ ਜਾਂਦਾ ਹੈ। ਪਰ ਦੁਖ ਦੀ ਗੱਲ ਇਹ, ਕਿ ਲੋਕੀ ਉਸ ਨੂੰ ਧਰਮੀ ਇਨਸਾਨ ਸਮਝੀ ਜਾਂਦੇ ਹਨ।

ਹਰਿਦੁਆਰ ਵਿਚ ਗੁਰੂ ਸਾਹਿਬ ਨੇ ਵੈਸ਼ਨਵ ਸਾਧੂ ਨੂੰ ਚੌਕੇ ਆਦਿ ਦੀ ਸੁਚਤਾ ਤੇ ਕਰਮ-ਕਾਂਡੀ ਜੀਵਨ ਨੂੰ ਤਿਆਗ ਕੇ, ਹਿਰਦੇ ਵਿਚ ਦਇਆ, ਪਿਆਰ ਤੇ ਸੰਤੋਖ ਆਦਿ ਗੁਣਾਂ ਨੂੰ ਧਾਰਨ ਕਰਨ ਲਈ ਕਿਹਾ ਸੀ। ਵਾਹਿਗੁਰੂ ਨਾਲ ਸੱਚੀ-ਪ੍ਰੀਤ ਹੀ ਅਸਲੀ ਧਰਮ ਹੈ, ਇਹ ਗੱਲ ਵੈਸ਼ਨਵ ਸਾਧੂ ਨੂੰ ਸਮਝਾਈ ਸੀ। ਉਸ ਨੂੰ ਦਸਿਆ ਸੀ ਕਿ :

ਕੁਬੁਧਿ ਡੂਮਣੀ, ਕੁਦਇਆ ਕਸਾਇਣਿ,
ਪਰ ਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ, ਜਾਂ ਚਾਰੇ ਬੈਠੀਆ ਨਾਲਿ॥
ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ, ਜਿ ਪਾਪਾਂ ਪੰਦਿ ਨ ਦੇਹੀ॥

*(ਸਲੋਕ, ਮਹਲਾ ੧-੯੧)*

ਪਰ ਅੱਜ ਸਾਡੇ ਵਿਚ ਦਇਆ, ਪਿਆਰ ਤੇ ਸੰਤੋਖ ਆਦਿ ਗੁਣਾਂ ਨੂੰ ਧਾਰਨ ਕਰਨ ਲਈ ਕੋਈ ਜਗ੍ਹਾ ਨਹੀਂ, ਸਗੋਂ ਸਾਡੇ ਵਿਚ ਛੂਤ-ਛਾਤ ਅਤੇ ਬੇਲੋੜੀ ਸੁਚ ਰਖਣ ਦਾ ਰੋਗ ਆਮ ਪ੍ਰਚਲਤ ਹੋ ਗਿਆ ਹੈ। ਉਦੋਂ ਬੜਾ ਦੁਖ ਹੁੰਦਾ ਹੈ ਜਦੋਂ ਅੰਮ੍ਰਿਤਧਾਰੀ ਸਿੰਘ ਵੀ (ਜਿਨ੍ਹਾਂ ਨੇ ਵੱਖਰੇ ਵੱਖਰੇ ਸੰਤਾਂ-ਮਹੰਤਾਂ, ਜੱਥਿਆਂ ਤੋਂ ਅੰਮ੍ਰਿਤ ਛਕਿਆ ਹੁੰਦਾ ਹੈ) ਇਕ ਥਾਲੀ ਵਿਚ ਲੰਗਰ ਵੀ ਨਹੀਂ ਛੱਕ ਸਕਦੇ। ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ-ਸੇਵਕਾਂ ਵਿਚ ਬਹੁਤ ਮੁਸਲਮਾਨ ਭੀ ਸਨ, ਕੀ ਗੁਰੂ ਜੀ ਉਹਨਾਂ ਦੀ ਪਿਆਰ-ਭੇਟਾ ਨੂੰ ਅਸਵੀਕਾਰ ਕਰ ਦਿੰਦੇ ਹੋਣਗੇ? ਨਿਸਚੇ ਨਾਲ ਕਿਹਾ ਜਾ ਸਕਦਾ ਹੈ—ਨਹੀਂ। ਸਫਾਈ ਪਵਿਤਰਤਾ ਦੀ ਗੱਲ ਤਾਂ ਅਰਥ ਰਖਦੀ ਹੈ ਪਰ ਅਜ ਸਿੱਖ ਆਪਣੇ ਹੀ ਸਿੱਖ ਵੀਰਾਂ ਹੱਥੋਂ ਵੀ ਰੋਟੀ ਖਾਣੀ ਪਾਪ ਸਮਝਦੇ ਹਨ। ਇਹ ਬੇਲੋੜੀ ਸੁਚਮਤਾ ਤਾਂ ਭਰਾ-ਮਾਰੂ ਬਣੀ ਪਈ ਹੈ।

ਗੁਰੂ ਸਾਹਿਬ ਬਨਾਰਸ ਜਾਂਦੇ ਹਨ। ਪੰਡਤ ਚਤੁਰਦਾਸ ਨਾਲ ਚਰਚਾ ਹੁੰਦੀ ਹੈ। ਗੁਰੂ ਸਾਹਿਬ ਲੋਕਾਂ ਨੂੰ ਪੱਥਰ-ਪੂਜਾ ਵਲੋਂ ਹਟਾ ਕੇ ਅਕਾਲ ਪੁਰਖ ਦੇ ਲੜ ਲਾਉਂਦੇ ਹਨ। ਪਰ ਸਾਨੂੰ ਇਸ ਨਾਲ ਕੀ? ਅਸੀਂ, ਹੋਰ ਤਾਂ ਹੋਰ ਗੁਰੂ ਸਾਹਿਬ ਦੀਆਂ ਮੂਰਤੀਆਂ ਨੂੰ ਹੀ ਪੂਜਣ ਲਗ ਪਏ ਹਾਂ। ਕੁਝ ਸੰਤਾਂ ਨੇ ਤਾਂ ਗੁਰੂ ਨਾਨਕ ਸਾਹਿਬ ਦੀ 'ਅਸਲੀ ਫੋਟੋ' ਭੀ ਈਜਾਦ ਕਰ ਦਿਤੀ ਹੈ, ਉਹ ਗੁਰਬਾਣੀ ਦਾ ਵਿਰੋਧ ਕਰਕੇ ਮੂਰਤੀ ਪੂਜਾ ਦਾ ਪਰਚਾਰ ਕਰੀ ਜਾ ਰਹੇ ਹਨ। ਅਸ਼ਕੇ ਸਾਡੇ! ਅਸੀਂ ਅਜਿਹੇ ਬੇਮੁਖਾਂ ਨੂੰ ਸਾਧ-ਸੰਤ ਮੰਨ ਰਹੇ ਹਾਂ ਤੇ ਉਨ੍ਹਾਂ ਅਗੇ ਮੱਥੇ ਰਗੜਨ ਵਿਚ ਫ਼ਖਰ ਸਮਝ ਰਹੇ ਹਾਂ। ਅਸੀਂ ਸਤਿਗੁਰਾਂ ਦੇ ਹੇਠ ਲਿਖੇ ਫੁਰਮਾਨ ਨਹੀਂ ਪੜ੍ਹੇ :

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥

ਨਾਰਦਿ ਕਹਿਆ ਸਿ ਪੂਜ ਕਰਾਂਹੀ॥
ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਮੁਗਧ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥

*(ਬਿਹਗੜੇ ਕੀ ਵਾਰ, ਮ: ੧-੫੫੬)*

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ
ਦਇਆ ਕਰਹੁ ਦਇਆਲਾ॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥
ਕਾਚੀ ਢਹਗਿ ਦਿਵਾਲ, ਕਾਹੇ ਗਚੁ ਲਾਵਹੁ॥

*(ਬਸੰਤ ਹਿੰਡੋਲ, ਮ: ੧-੧੧੭੧)*

ਜਗਨਨਾਥ ਦੇ ਪੁਰੀ ਦੇ ਮੰਦਰ ਵਿਚ ਆਰਤੀ ਹੁੰਦੀ ਹੈ। ਲੋਕੀ ਥਾਲ ਵਿਚ ਦੀਵੇ, ਹੀਰੇ, ਮੋਤੀ ਰੱਖ ਕੇ ਜਗਨ-ਨਾਥ ਦੀ ਮੂਰਤੀ ਦੀ ਆਰਤੀ ਉਤਾਰਦੇ ਹਨ। ਗੁਰੂ ਜੀ ਨੂੰ ਅਲਪਗ ਜੀਵਾਂ ਦੀ ਬੁਧੀ ਤੇ ਤਰਸ ਆ ਜਾਂਦਾ ਹੈ। ਉਹ ਆਰਤੀ ਵਿਚ ਸ਼ਾਮਲ ਨਹੀਂ ਹੁੰਦੇ, ਤੇ ਵਿਰੋਧ ਵਿਚ ਸ਼ਬਦ ਉਚਾਰਦੇ ਹਨ— "ਗਗਨ ਮੈ ਥਾਲ, ਰਵਿ ਚੰਦ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥"

ਗੁਰੂ ਸਾਹਿਬ ਫੁਰਮਾਉਂਦੇ ਹਨ—"ਉਸ ਬੇਅੰਤ ਵਾਹਿਗੁਰੂ ਦੀ ਆਰਤੀ ਤਾਂ ਉਸਦੀ ਸਿਰਜੀ ਹੋਈ ਕੁਦਰਤ ਆਪਣੇ ਆਪ ਉਤਾਰ ਰਹੀ ਹੈ। ਹੇ ਵਾਹਿਗੁਰੂ! ਜੋ ਤੈਨੂੰ ਭਾਉਂਦਾ ਹੈ ਉਹੀ ਆਰਤੀ ਹੈ। (ਮੇਰੇ ਲਈ ਤੇਰੇ ਭਾਣੇ—ਹੁਕਮ ਵਿਚ ਰਹਿਣਾ ਹੀ ਆਰਤੀ ਹੈ।) ਪਰ ਅਸੀਂ ਗੁਰੂ ਸਾਹਿਬ ਤੋਂ ਵੱਧ ਅਕਲਮੰਦ ਬਣਨ ਦੇ ਗੁਨਾਹ ਦੇ ਭਾਗੀ ਹੀ ਬਣ ਰਹੇ ਹਾਂ। ਅਸੀਂ ਹੋਰ ਨਹੀਂ ਤਾਂ ਗੁਰੂ ਸਾਹਿਬ (ਸ੍ਰੀ ਗੁਰੂ ਗਰੰਥ ਸਾਹਿਬ ਤੇ ਕਿਤੇ ਕਿਤੇ ਗੁਰੂ ਸਾਹਿਬ ਦੀਆਂ ਫੋਟੋਆਂ) ਦੀ ਆਰਤੀ ਉਤਾਰਨੀ ਅਰੰਭ ਕਰ ਦਿਤੀ ਹੈ। ਇਹਨਾਂ ਆਰਤੀਆਂ ਦਾ ਪਰਚਾਰ ਸੰਤਾਂ ਦੇ ਡੇਰਿਆਂ ਉਤੇ ਹੋ ਰਿਹਾ ਹੈ। ਇਥੇ ਹੀ ਬਸ ਨਹੀਂ ਸਾਡੇ "ਤਖਤਾਂ" ਉਤੇ ਭੀ ਅਜਿਹੀ ਮਨਮਤ ਦੇ ਦਰਸ਼ਨ ਹੋ ਰਹੇ ਹਨ। ਇਹ ਸਾਡੇ ਲਈ ਕੋਈ ਸ਼ੋਭਾ ਵਾਲੀ ਗੱਲ ਨਹੀਂ।

ਪਹਿਲੀ ਉਦਾਸੀ ਦੀ ਵਾਪਸੀ ਵਿਚ ਗੁਰੂ ਨਾਨਕ ਸਾਹਿਬ ਕੁਰੂਕਸ਼ੇਤਰ ਆਏ। ਦੂਜੇ ਦਿਨ ਮਸਿਆ ਸੀ ਤੇ ਸੂਰਜ ਗ੍ਰਹਿਣ ਲਗਣਾ ਸੀ। ਏਸ ਲਈ ਇਸ ਸਮੇਂ ਭਾਰੀ ਗਿਣਤੀ ਵਿਚ ਲੋਕੀਂ ਕੁਰੂਕਸ਼ੇਤਰ ਪੁਜੇ ਹੋਏ ਸਨ। ਉਹ ਬ੍ਰਾਹਮਣ ਦੇ ਕਰਮ ਕਾਂਡੀ ਜਾਲ ਵਿਚ ਫਸੇ ਹੋਣ ਕਰਕੇ ਇਥੇ ਆਏ ਸਨ। ਕਿਉਂਕਿ ਸ਼ਾਸਤਰਾਂ ਵਿਚ ਲਿਖਿਆ ਹੋਇਆ ਹੈ ਕਿ ਸੂਰਜ ਗ੍ਰਹਿਣ ਸਮੇਂ, ਜਿੰਨਾਂ ਚਿਰ ਸੂਰਜ ਨੂੰ ਗ੍ਰਹਿਣ ਲੱਗਾ ਰਹੇ, ਉਨ੍ਹਾਂ ਚਿਰ ਹਿੰਦੂ ਨੂੰ ਚਾਹੀਦਾ ਹੈ ਕਿ ਉਹ ਇਸ਼ਨਾਨ ਕਰਦਾ ਰਹੇ, ਪਾਠ ਕਰੇ, ਅੰਨ-ਧੰਨ ਦਾਨ ਕਰੇ। ਫਿਰ ਜੇ ਇਹ ਸਭ ਕੁਝ ਕਿਸੇ ਤੀਰਥ ਤੇ ਕੀਤਾ ਜਾ ਸਕੇ ਤਾਂ ਹੋਰ ਭੀ ਉਤਮ ਕੰਮ ਹੈ, ਫਲ ਅਧਿਕ ਮਿਲਦਾ ਹੈ ਕੁਰੂਕਸ਼ੇਤਰ ਤਾਂ ਹੈ ਹੀ "ਸੂਰਜ-ਗ੍ਰਹਿਣ' ਦੇ ਸੰਬੰਧ ਵਿਚ।

ਗੁਰੂ ਸਾਹਿਬ ਨੇ ਲੋਕਾਂ ਨੂੰ ਬ੍ਰਾਹਮਣ ਦੇ ਭਰਮ-ਜਾਲ ਨੂੰ ਤੋੜਨ ਲਈ ਕਿਹਾ। ਗੁਰਮਤਿ ਤੇ ਚਲਣ ਦੀ ਪ੍ਰੇਰਨਾ ਦਿਤੀ। ਪਰ ਅਜ ਅਸੀਂ ਭੀ ਸੂਰਜ ਦੇਵਤੇ ਦੀ ਪੂਜਾ ਵਿਚ ਕਿਸੇ ਤੋਂ ਪਿਛੇ ਨਹੀਂ ਰਹੇ। ਯਾਦ ਰੱਖਣਾ ਚਾਹੀਦਾ ਹੈ ਕਿ ਸੰਗ੍ਰਾਂਦ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ, ਕੇਵਲ ਦੇਵਤੇ ਨਾਲ ਹੈ। ਇਸ ਦਿਨ ਸੂਰਜ ਇਕ ਰਾਸ਼ੀ ਚੋਂ ਨਿਕਲ ਕੇ ਦੂਜੀ ਵਿਚ ਜਾਂਦਾ ਹੈ। ਤੇ ਬ੍ਰਾਹਮਣ ਨੇ ਪੇਟ-ਪੂਜਾ ਦੀ ਖਾਤਰ ਇਸ ਦਿਨ ਪੂਜਾ-ਪਾਠ ਤੇ ਦਾਨ ਦਾ ਵਿਧਾਨ ਚਾਲੂ ਕੀਤਾ ਹੋਇਆ ਹੈ। ਅਜ ਜੋ ਗੁਰਦੁਆਰਿਆਂ ਵਿਚ 'ਮਹੀਨਾ' ਸੁਣਾਇਆ ਜਾਂਦਾ ਹੈ ਤੇ ਮਹੀਨੇ ਦਾ 'ਫਲ' ਦਸਿਆ ਜਾਂਦਾ ਹੈ, ਇਹ ਸਭ ਕੁਝ 'ਬ੍ਰਾਹਮਣੀ ਮੱਤ ਹੈ', 'ਗੁਰਮਤਿ' ਨਹੀਂ। ਕਿੰਨੇ ਅਫਸੋਸ ਦੀ ਗਲ ਹੈ ਕਿ ਅਸੀਂ ਗੁਰੂ ਦਾ ਲੜ ਛਡ ਕੇ ਬ੍ਰਾਹਮਣ ਦਾ ਫੜ ਰਹੇ ਹਾਂ। ਸੰਗਰ੍ਹਾਂਦ ਹੀ ਨਹੀਂ ਸਿੱਖਾਂ ਵਿਚ ਮਸਿਆ ਤੇ ਪੂਰਨਮਾਸ਼ੀ ਦੀ ਕਥਾ (ਚੰਦ੍ਰਮਾ ਦੀ ਪੂਜਾ) ਗੁਰਦੁਆਰਿਆਂ ਵਿਚ ਹੁੰਦੀ ਵੇਖੀ ਜਾ ਸਕਦੀ ਹੈ। ਜਾਪਦਾ ਹੈ ਅਸੀਂ ਅਜਿਹੀ ਮਨਮਤ ਕਰਨ ਵੇਲੇ ਗੁਰੂ ਸਾਹਿਬਾਨ ਦੇ ਹੇਠ ਲਿਖੇ ਫੁਰਮਾਨ ਭੁਲਾ ਦਿੰਦੇ ਹਾਂ :

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥

*(ਬਿਲਾਵਲ, ਮ: ੩-੮੪੩)*

ਸਗੁਨ ਅਪਸਗੁਨ ਤਿਸ ਕਉ ਲਗਹਿ,
ਜਿਸੁ ਚੀਤਿ ਨ ਆਵੈ॥ *(ਆਸਾ, ਮ: ੪-੪੦੧)*

ਗੁਰੂ ਨਾਨਕ ਸਾਹਿਬ ਵਣਜ-ਵਿਹਾਰ ਭੀ ਕਰਦੇ ਰਹੇ ਤੇ ਹੱਟੀ ਤੇ ਰਹਿੰਦੇ ਰਹੇ। ਫਿਰ ਉਨ੍ਹਾਂ ਨੇ ਮੋਦੀਖਾਨੇ ਵਿਚ ਨੌਕਰੀ ਕੀਤੀ, ਜਿਥੇ ਉਹ ਦਸਾਂ ਨਹੁੰਆਂ ਦੀ ਕਿਰਤ ਕਰਦੇ ਰਹੇ, ਮਿਹਨਤ ਦੀ ਕਮਾਈ ਨਾਲ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਰਹੇ। ਮੋਦੀ ਖਾਨੇ ਦੀ ਨੌਂਕਰੀ ਵੇਲੇ ਹੀ ਗੁਰੂ ਸਾਹਿਬ ਨੇ ਗਰੀਬ ਬ੍ਰਾਹਮਣ ਦੀ ਲੜਕੀ ਦੀ ਸ਼ਾਦੀ ਆਪਣੀ ਕਿਰਤ ਕਮਾਈ ਵਿਚੋਂ ਕੀਤੀ ਸੀ। ਕਹਿਣ ਦਾ ਭਾਵ ਗੁਰੂ ਜੀ ਨੇ ਦਸਾਂ ਨੌਂਹਾਂ ਦੀ ਕਿਰਤ (ਮਿਹਨਤ ਦੀ ਕਮਾਈ ਕਰਨ) ਤੇ ਦੂਜੇ ਲੋਕਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ। ਗੁਰੂ ਸਾਹਿਬ ਬਾਣੀ ਵਿਚ ਭੀ ਕਹਿੰਦੇ ਹਨ—

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ, ਰਾਹੁ ਪਛਾਣਹਿ ਸੇਇ॥

*(ਸਲੋਕ, ਮਹਲਾ ੧-੧੨੪੫)*

ਪਰ ਅਸੀਂ ਅਜ ਜਦੋਂ ਆਪਣੇ ਨਿਤ ਦੇ ਜੀਵਨ ਵਲ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ 'ਕਿਛੁ ਹਥਹੁ ਦੇਣ' ਦੀ ਗਲ ਤਾਂ ਦੂਰ ਰਹੀ, ਮਿਹਨਤ ਦੀ ਕਮਾਈ ਕਰਨ ਦੀ ਆਦਤ ਵੀ ਘਟਦੀ ਜਾਂਦੀ ਹੈ। ਹੋਰਨਾਂ ਦੀ ਤਰ੍ਹਾਂ ਰਿਸ਼ਵਤ ਤੇ ਬਲੈਕ ਦੀ ਬੀਮਾਰੀ, ਸ਼ਕਲੋਂ-ਸੂਰਤੋਂ ਸਿੱਖ ਨਜ਼ਰ ਆਉਂਦੇ ਇਨਸਾਨਾਂ ਵਿਚ ਭੀ ਘਰ ਕਰ ਗਈ ਹੈ।

ਮੋਦੀਖਾਨੇ ਦੀ ਨੌਕਰੀ ਸਮੇਂ ਹੀ, ਸੁਲਤਾਨਪੁਰ ਵਿਚ, ਗੁਰੂ ਸਾਹਿਬ ਕਾਜ਼ੀ ਨਾਲ ਮਸਜਿਦ ਵਿਚ ਗਏ ਸਨ। ਨਵਾਬ ਦੌਲਤ ਖਾਨ ਭੀ ਉਥੇ ਸੀ। ਕਾਜ਼ੀ ਨੇ ਨਿਮਾਜ਼ ਗੁਜ਼ਾਰੀ। ਹੋਰ ਮੁਸਲਮਾਨ

ਉਸ ਦੇ ਪਿਛੇ ਬੋਲਦੇ ਰਹੇ ਪਰ ਗੁਰੂ ਸਾਹਿਬ ਪਿਛੇ ਖੜ੍ਹੇ ਮੁਸਕਰਾਂਦੇ ਰਹੇ। ਕਾਜ਼ੀ ਨੇ ਇਸਨੂੰ ਆਪਣੀ ਤੇ ਇਸਲਾਮ ਦੀ ਬੇਇਜ਼ਤੀ ਸਮਝਿਆ, ਤੇ ਕਿਹਾ—ਤੁਸੀਂ ਨਿਮਾਜ਼ ਵਿਚ ਸ਼ਾਮਿਲ ਕਿਉਂ ਨਹੀਂ ਹੋਏ? ਦੌਲਤ ਖਾਨ ਨੇ ਭੀ ਨਾਰਾਜ਼ਗੀ ਪਰਗਟ ਕੀਤੀ। ਗੁਰੂ ਜੀ ਨੇ ਜੋ ਜਵਾਬ ਦਿੱਤਾ, ਜਨਮ ਸਾਖੀ ਵਾਲਾ ਉਸ ਨੂੰ ਇੰਝ ਪ੍ਰਗਟਾਉਂਦਾ ਹੈ—"ਤਬ ਬਾਬੇ ਨੇ ਕਿਹਾ, ਖਾਨ ਜੀ, ਉਹ (ਕਾਜ਼ੀ) ਨਮਾਜ਼ ਉਪਰ ਖੜਾ ਥਾ, ਤਬਿ ਇਨਕਾ ਮਨ ਠਉੜ ਨਾ ਥਾ। ਇਨ ਕੀ ਘੋੜੀ ਸੂਈ ਥੀ, ਵਛੇਰੀ ਜੰਮੀ ਥੀ, ਘਰੁ ਵਛੇਰੀ ਛਡਿ ਕਰਿ ਆਇਆ ਥਾ। ਅਰ ਵੇੜ੍ਹੇ ਵਿਚ ਖੂਹੀ ਥੀ। ਅਰੁ ਇਨ ਕਹਿਆ, ਮਤੁ ਵਛੇਰੀ ਖੂਹ ਵਿਚ ਪਾਉਂਦੀ ਹੋਵੇ। ਇਨ ਕਾ ਮਨ ਉਹਾਂ ਗਇਆ ਆਹਾ। ਇਸ ਕੀ ਨਮਾਜ਼ ਕਬੂਲ ਨਹੀਂ ਪੜੀ।"

ਇਸ ਸਾਖੀ ਨੂੰ ਅਸੀਂ ਪੜ੍ਹ ਤਾਂ ਛਡਦੇ ਹਾਂ, ਪਰ ਵਿਚਾਰਦੇ ਨਹੀਂ। ਜੇ ਵਿਚਾਰਦੇ ਹੁੰਦੇ ਤਾਂ ਉਹ ਕੰਮ ਹਰਗਿਜ਼ ਨਹੀਂ ਕਰਦੇ ਜਿਨ੍ਹਾਂ ਤੋਂ ਗੁਰਬਾਣੀ ਨੇ ਸਾਨੂੰ ਰੋਕਿਆ ਹੈ ਪਰ ਜਿਵੇਂ ਅਸੀ ਗੁਰਮਤਿ-ਵਿਰੋਧੀ ਕੰਮ-ਸੂਤਕ-ਪਾਤਕ-ਮੰਨਣਾ, ਤੀਰਥ ਯਾਤਰਾ ਕਰਨੀ, ਜਨਮ ਮਰਨ ਦੇ ਸੰਸਕਾਰ ਬ੍ਰਾਹਮਣ-ਮਤ ਅਨੁਸਾਰ ਕਰਨੇ (ਮਰਨ ਮਗਰੋਂ ਹਰਦੁਆਰ ਜਾਂ ਸਰੋਵਰਾਂ ਵਿਚ ਫੁੱਲ ਪਾਉਣੇ, ਸਰਾਧ ਕਰਾਉਣੇ, ਮ੍ਰਿਤਕ-ਪ੍ਰਾਣੀ ਨੂੰ ਅੰਨ-ਦਾਣਾ, ਬਸਤਰ ਤੇ ਭਾਂਡੇ ਆਦਿ ਭਾਈ ਜੀ ਦੇ ਰਾਹੀਂ ਭੇਜਣੇ), ਥਿਤ-ਵਾਰ ਪੂਜਣੇ, ਗੁਰੂ ਗਰੰਥ ਸਾਹਿਬ ਦੀ ਆਰਤੀ ਉਤਾਰਨੀ, ਤਸਵੀਰ (ਮੂਰਤੀ) ਦੀ ਪੂਜਾ ਕਰਨੀ, ਉੱਚੀ-ਨੀਵੀਂ ਜ਼ਾਤ ਦੇ ਖਿਆਲ ਨੂੰ ਮੰਨਣਾ (ਜਿਵੇਂ ਬ੍ਰਾਹਮਣ ਸਿੱਖ, ਜੱਟ ਸਿੱਖ, ਖਤਰੀ ਸਿੱਖ, ਮਜਹਬੀ ਸਿੱਖ ਕਹਾਉਣਾ), ਪ੍ਰਭੂ ਪਿਆਰ ਦੀ ਥਾਂ ਭੇਖਾਂ, ਸੁਚਮ ਤੇ ਵਿਖਾਵਾ ਕਰਨਾ ਆਦਿ ਕਰਦੇ ਹਾਂ, ਇਸ ਤੋਂ ਤਾਂ ਇਹੀ ਪਤਾ ਲਗਦਾ ਹੈ ਕਿ ਅਸੀਂ ਗੁਰਬਾਣੀ ਨੂੰ ਉਸੇ ਤਰ੍ਹਾਂ ਹੀ ਪੜ੍ਹਦੇ ਹਾਂ ਜਿਵੇਂ ਕਾਜ਼ੀ ਕੁਰਾਨ ਦੀਆਂ ਆਇਤਾਂ (ਨਮਾਜ਼ ਸਮੇਂ) ਪੜ੍ਹ ਰਿਹਾ ਸੀ। ਗੁਰਦੇਵ ਸਪੱਸ਼ਟ ਕਹਿੰਦੇ ਹਨ ਕਿ ਬਾਣੀ ਨੂੰ ਵਿਚਾਰਣ ਤੇ ਉਸ ਅਨੁਸਾਰ ਜੀਵਨ ਜੀਉਣ ਨਾਲ ਹੀ ਜੀਵਨ ਸੰਵਰ ਸਕਦਾ ਹੈ, ਬਾਣੀ ਨੂੰ ਨਿਰਾ 'ਪੜ੍ਹਨ' ਨਾਲ ਹੀ ਨਹੀਂ—

ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨਾ ਹੋਵਈ,
ਜਿਚਰੁ ਸਬਦਿ ਨ ਕਰੇ ਵਿਚਾਰੁ ॥

*(ਵਡਹੰਸ ਕੀ ਵਾਰ, ਸਲੋਕ, ਮ: ੩-੫੯੪)*

ਅੰਤ ਵਿਚ ਅਸੀਂ ਗੁਰੂ ਸਾਹਿਬ ਦੇ ਪ੍ਰਚਾਰ-ਢੰਗ ਬਾਰੇ ਕੁਝ ਗਲ ਕਰਾਂਗੇ। ਗੁਰਬਾਣੀ ਦਾ ਅਧਿਐਨ ਇਹ ਦਸਦਾ ਹੈ ਕਿ ਗੁਰੂ ਸਾਹਿਬ ਆਪਣੇ ਪਰਚਾਰ ਵਿਚ ਠੀਕ ਗਲ (ਸਹੀ ਵਿਚਾਰਧਾਰਾ) ਕਹਿਣ ਤੋਂ ਨਹੀਂ ਸਨ ਝਿਜਕਦੇ। ਉਹ ਖੁਦ ਕਹਿੰਦੇ ਹਨ :

ਸਚੁ ਕੀ ਬਾਣੀ ਨੰਾਨਕੁ ਆਖੈ,
ਸਚੁ ਸੁਣਾਇਸੀ, ਸਚ ਕੀ ਬੇਲਾ।

*(ਤਿਲੰਗ, ਮ: ੧-੭੨੩)*

ਜੰਞੂ ਦੀ ਰਸਮ ਵੇਲੇ, ਨਿਮਾਜ਼ ਗੁਜ਼ਾਰਨ ਸਮੇਂ, ਮੱਕੇ ਵਿਚ, ਬਗ਼ਦਾਦ ਵਿਚ, ਪੰਡਤਾਂ, ਮੌਲਾਣਿਆਂ, ਜੋਗੀਆਂ ਤੇ ਸਿੱਧਾਂ ਨਾਲ ਹੋਈਆਂ ਗੋਸ਼ਟੀਆਂ ਵਿਚ ਤੇ ਬਾਬਰ ਸਾਮ੍ਹਣੇ ਗੁਰੂ ਜੀ ਨੇ ਉਹੀ ਗਲ ਕਹੀ ਜਿਸਨੂੰ ਉਹ ਠੀਕ ਸਮਝਦੇ ਸਨ ਉਹਨਾਂ ਨੇ ਸਮਝੌਤੇਵਾਦ ਦੀ ਨੀਤੀ ਨੂੰ ਉੱਕਾ ਹੀ ਨਹੀਂ ਅਪਣਾਇਆ, ਸਗੋਂ ਆਪਣੀ ਗੱਲ ਨੂੰ ਵਧ ਤੋਂ ਵਧ ਸਪਸ਼ਟ ਕਰਕੇ ਤੇ ਨਿਖਾਰ ਕੇ ਪਰਗਟ ਕੀਤਾ। ਉਹ ਲੋਕਾਂ ਦੇ ਹਜੂਮਾਂ, ਕੱਟੜ ਪੰਥੀਆਂ, ਧਾਰਮਕ ਆਗੂਆਂ ਤੇ ਜਾਬਰ ਰਾਜਿਆਂ ਤੋਂ ਬਿਲਕੁਲ ਨਹੀਂ ਘਬਰਾਏ। 'ਸੱਚ' ਨੂੰ ਉਹਨਾਂ ਨੇ ਆਪਣੀ ਜਾਨ ਤੋਂ ਵਧ ਪਿਆਰ ਕੀਤਾ। ਅੱਜ ਸਾਡੇ ਪ੍ਰਚਾਰਕਾਂ ਨੂੰ ਭੀ ਪ੍ਰਚਾਰ ਕਰਨ ਸਮੇਂ ਇਸ ਢੰਗ ਨੂੰ ਅਪਨਾਉਣਾ ਚਾਹੀਦਾ ਹੈ। ਪਰ ਸਿੱਖ ਪਰਚਾਰਕਾਂ ਵਿਚ ਇਸ ਚੀਜ਼ ਦੀ ਅਣਹੋਂਦ ਹੈ। ਕਈ ਪੇਸ਼ਾਵਰ (Professional) ਪਰਚਾਰਕ ਤਾਂ ਕੁਝ ਰੁਪਿਆਂ ਪਿਛੇ ਹੀ ਗੁਰਮਤਿ ਦੇ ਨਾਲ ਮਨਮਤ ਰਲਾ ਕੇ ਪੇਸ਼ ਕਰਨ ਲਗ ਪੈਂਦੇ ਹਨ, ਤਾਂਕਿ ਰੋਜ਼ੀ ਚਲਦੀ ਰਹੇ। ਕਈ ਜਗ੍ਹਾ ਪ੍ਰਬੰਧਕ ਗੁਰਮਤਿ ਦੀ ਗਲ ਕਰਨ ਤੋਂ ਵਰਜਦੇ ਹਨ, ਤਾਂ ਕਿ ਗੁਰਦੁਆਰੇ ਆਏ ਗੈਰ-ਸਿੱਖ 'ਸ਼ਰਧਾਲੂ' ਨਾਰਾਜ਼ ਨਾ ਹੋ ਜਾਣ।

ਇਹ ਬੜੀ ਨਾਵਾਜਬ ਜਿਹੀ ਗੱਲ ਹੈ। ਇਸ ਮਿਲਗੋਭਾ ਪ੍ਰਚਾਰ ਦਾ ਹੀ ਇਹ ਅਸਰ ਹੈ ਕਿ ਸਾਡੇ ਨੌਜੁਆਨਾਂ ਤਕ ਸਿੱਖ ਧਰਮ ਦੀ, ਮੌਜੂਦਾ ਸਮਾਜ ਨੂੰ ਅਗਵਾਈ ਦੇ ਸਕਣ ਵਾਲੀ, ਸਰਬ-ਸ੍ਰੇਸ਼ਟ ਵਿਚਾਰਧਾਰਾ ਪੁਜ ਨਹੀਂ ਸਕੀ, ਅਤੇ ਉਹ ਸਿੱਖ ਧਰਮ ਨੂੰ ਵੀ ਹੋਰਨਾਂ ਧਰਮਾਂ ਵਰਗਾ ਇਕ ਧਰਮ ਸਮਝ ਕੇ ਤਿਆਗੀ ਜਾ ਰਹੇ ਹਨ। ਸੋ, ਜ਼ਰੂਰਤ ਹੈ ਕਿ ਅੱਜ ਵਿਚਾਰਧਾਰਾ ਨੂੰ ਸਪਸ਼ਟ ਕਰਕੇ ਪ੍ਰਚਾਰਿਆ ਜਾਵੇ। ਇਸ ਨਾਲੋਂ ਮਨਮੱਤਾਂ ਅਤੇ ਅਨਮਤਾਂ ਦੀ ਲੇਸ ਲਾਹੀ ਜਾਵੇ। ਦੋਖੀਆਂ ਨੇ ਸਾਡੇ ਇਤਿਹਾਸ ਨੂੰ ਵਿਗਾੜ ਕੇ ਲਿਖਿਆ ਅਤੇ ਅੱਜ ਵੀ ਲਿਖੀ ਜਾ ਰਹੇ ਹਨ। ਅਜਿਹੀਆਂ ਲਿਖਤਾਂ ਵਿਰੁਧ ਆਵਾਜ਼ ਉਠਾਈ ਜਾਵੇ। ਧਰਮ ਅਸਥਾਨਾਂ ਉਤੇ ਹੋ ਰਹੀ ਮਨਮੱਤ ਦਾ ਵਿਰੋਧ ਕਰਨ ਦੀ ਜੁਰਅਤ ਵੀ ਸਾਡਾ ਪ੍ਰਚਾਰਕਾਂ ਵਿਚ ਹੋਣੀ ਚਾਹੀਦੀ ਹੈ। ਜੇ ਅਸੀਂ ਇਨ੍ਹਾਂ ਤੇ ਧਰਮ ਪ੍ਰਚਾਰ ਕਰ ਸਕੀਏ ਤਾਂ ਨਿਸਚੇ ਹੀ ਅਸੀਂ ਨੌਜੁਆਨਾਂ ਨੂੰ ਸਿੱਖੀ ਵਲ ਪ੍ਰੇਰਣ ਵਿਚ ਸਫਲਤਾ ਪ੍ਰਾਪਤ ਕਰਾਂਗੇ।

ਸਾਡੀ ਇਸ ਵਿਚਾਰ ਦਾ ਮਨੋਰਥ ਇਹ ਦਰਸਾਉਣਾ ਹੈ ਕਿ ਅਸੀਂ ਅੱਜ ਗੁਰੂ ਸਾਹਿਬ ਦੀਆਂ ਸਿਖਿਆਵਾਂ ਤੋਂ ਦੂਰ ਚਲੇ ਗਏ ਹਾਂ, ਸਾਡੇ ਕਿਰਦਾਰ ਗੁਰਮਤਿ ਸਿਧਾਂਤਾਂ ਨਾਲ ਮੇਲ ਨਹੀਂ ਖਾਂਦਾ। ਇਸ ਸਭ ਕਾਸੇ ਲਈ ਸਿੱਖ ਵਿਦਵਾਨ, ਪ੍ਰਚਾਰਕ, ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਸੰਗਤਾਂ ਖੁਦ ਜ਼ਿੰਮੇਵਾਰ ਹਨ। ਜੇ ਅਸੀਂ ਸਾਰੇ ਇਹ ਫੈਸਲਾ ਕਰ ਲਈਏ ਕਿ ਅਸੀ ਆਪਣਾ ਜੀਵਨ ਨਿਰੋਲ ਗੁਰਮਤਿ ਅਨੁਸਾਰ ਢਾਲਣਾ ਹੈ, ਗੁਰਮਤਿ ਵਿਚਾਰਧਾਰਾ ਨੂੰ ਨਿਰਪੱਖ ਅਤੇ ਨਿਧੜਕ ਹੋ ਕੇ ਪ੍ਰਚਾਰਨਾ ਹੈ, ਤਾਂ ਅਸੀਂ ਨਿਸਚੇ ਹੀ ਆਪਣੇ ਆਪ ਨੂੰ ਅਤੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਵਾਂਗੇ ਅਤੇ ਸੰਸਾਰ ਭਰ ਦੇ ਲੋਕਾਂ ਨੂੰ, ਸਰਬੱਤ ਦਾ ਭਲਾ ਚਾਹੁਣ ਵਾਲੀ ਗੁਰਮਤਿ ਦੇ ਅਨੁਯਾਈ ਬਣਾ ਸਕਾਂਗੇ।

# ਬਚਨ ਗੁਰੂ ਤੇਗ ਬਹਾਦਰ ਜੀ ਦੇ

*— ਪ੍ਰਿ: ਸਤਬੀਰ ਸਿੰਘ,*

(ਗੁਰੂ) ਤੇਗ ਬਹਾਦਰ ਜੀ ਅੰਮ੍ਰਿਤ ਵੇਲੇ ਉੱਠਦੇ, ਕੀਰਤਨ ਕਰਦੇ ਅਤੇ ਦਿਹਾੜੀ ਕਿਰਤ ਕਾਰ ਕਰ ਕੇ ਗੁਜ਼ਾਰਾ ਕਰਦੇ। ਕਿਸੇ ਭੇਟਾ ਨੂੰ ਸਵੀਕਾਰ ਨਾ ਕਰਦੇ। ਜੇ ਕੋਈ ਭੇਟਾ ਦੇਂਦਾ ਤਾਂ ਸਭ ਵੰਡ ਦੇਂਦੇ। ਤਵਾਰੀਖ-ਗੁਰ-ਖਾਲਸਾ ਵਿਚ ਲਿਖਿਆ ਹੈ ਕਿ ਬਾਕੀ ਹੋਰ ਕਈ ਸਿੱਖ ਇਨ੍ਹਾਂ ਨੂੰ ਗੁਰੂ ਕਾ ਪੁੱਤ ਸੰਤ ਰੂਪ ਸਮਝ ਕਰ ਟਹਿਲ ਕਰਦੇ, ਪਰ ਆਪ ਜੀ ਵੰਡ ਦੇਂਦੇ। ਭਾਵੇਂ ਆਪ ਜੀ ਦਾ ਨਾਂ ਤਪਾ ਕਰ ਕੇ ਹੀ ਪ੍ਰਸਿੱਧ ਹੋ ਗਿਆ ਸੀ, ਪਰ ਆਪ ਜੀ ਗ੍ਰਿਹਸਤੀ ਜੀਵਨ ਗੁਜ਼ਾਰ ਰਹੇ ਸਨ। ਕਦੇ-ਕਦੇ ਸ਼ਿਕਾਰ ਨੂੰ ਵੀ ਜਾਂਦੇ ਸਨ। ਮਹਿਮਾ ਪ੍ਰਕਾਸ਼ ਨੇ ਸਾਖੀ ਪਹਿਲੀ ਵਿਚ ਲਿਖਿਆ ਹੈ, "ਗੁਰੂ ਜੀ ਬਕਾਲਾ ਵਿਖੇ ਟਿਕੇ ਰਹੇ। ਬਹੁਤ ਘੱਟ ਮਿਲਦੇ ਅਤੇ ਆਤਮ ਆਨੰਦ ਵਿਚ ਹੀ ਰਹਿੰਦੇ।"

ਜਦ ਵੀ ਕੋਈ ਉਪਦੇਸ਼ ਮੰਗਦਾ, ਆਪ ਜੀ ਇਹ ਹੀ ਫ਼ਰਮਾਂਦੇ :

"ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ॥"

ਇਕ ਵਾਰੀ ਇਕ ਨੇ ਪੁਛਿਆ ਕਿ ਵਾਹਿਗੁਰੂ ਦੇ ਭਗਤਾਂ ਨੂੰ ਦੁੱਖ ਕਿਉਂ ਆਉਂਦਾ ਹੈ ਤਾਂ ਆਪ ਨੇ ਫ਼ਰਮਾਇਆ : "ਦੁਨੀਆਂ ਦੀ ਅਸਲੀਅਤ ਉਸ ਦੇ ਅਸਲੇ 'ਦੁੱਖ' ਵਿਚ ਜਾਏ ਬਗੈਰ ਕਿਵੇਂ ਸਮਝ ਆ ਸਕਦੀ ਹੈ ? ਵਾਹਿਗੁਰੂ ਦੁੱਖ ਦੇ ਕੇ ਉਸ ਅਸਲੇ ਦੀ ਸੋਝੀ ਦੇਂਦਾ ਹੈ। ਭਗਤ ਦੁੱਖ ਪਾ ਖ਼ੁਸ਼ ਹੁੰਦਾ ਹੈ।"

ਆਪ ਜੀ ਨੂੰ ਆਤਮ ਰਸ ਵਿਚ ਖੇਲ੍ਹਦੇ ਦੇਖ ਕਈ ਜਗਿਆਸੂ ਫਿਰ ਵੀ ਆ ਜਾਂਦੇ ਸਨ। ਇਕ ਨੇ ਪੁੱਛਿਆ ਭਗਤੀ ਦੇ ਕਿਤਨੇ ਪੜਾਅ ਹਨ ਤਾਂ ਆਪ ਜੀ ਨੇ ਕਿਹਾ ਪਹਿਲਾ ਹੈ, ਹਰ ਉਸ ਵਲੋਂ ਚਿੱਤ ਹਟਾਉਣਾ ਜੋ ਉਸ ਵਾਹਿਗੁਰੂ ਵਲੋਂ ਚਿੱਤ ਹਟਾਏ। ਦੂਜਾ, ਉਸ ਵਾਹਿਗੁਰੂ ਨਾਲ ਇਤਨਾ ਸਨੇਹ ਕਿ ਹੋਰ ਸਭ ਕੁਝ ਭੁੱਲ ਜਾਏ ਅਤੇ ਆਖਰੀ ਹੈ, ਉੱਠਦਿਆਂ ਬੈਠਦਿਆਂ, ਚੇਤ ਅਚੇਤ ਉਸ ਦੇ ਪ੍ਰਕਾਸ਼ ਦੀ ਹੋਂਦ ਵਿਚ ਸਮਾਇਆ ਰਹੇ। ਜਦ ਕਿਸੇ ਨੇ ਆ ਕੇ ਵਾਹਿਗੁਰੂ ਦੀ ਸੇਵਾ ਦਾ ਭਾਵ ਪੁੱਛਿਆ ਤਾਂ ਆਪ ਜੀ ਨੇ ਫਰਮਾਇਆ ਜਦ ਹਿਰਦੇ ਤੋਂ ਹਉਮੈ ਮਿਟ ਜਾਂਦੀ ਹੈ ਅਤੇ ਹਉਮੈ ਰਹਿਤ ਕੀਤੀ ਕਾਰ ਹੀ ਉਸ ਪ੍ਰਭੂ ਦੀ ਸੇਵਾ ਹੈ। 'ਹਉਮੈ ਵਿਚ ਸੇਵਾ ਨ ਹੋਈ', ਤੀਜੇ ਪਾਤਸ਼ਾਹ ਦਾ ਫ਼ਰਮਾਨ ਹੈ। ਇਸ ਤਰ੍ਹਾਂ ਪ੍ਰਭੂ ਤੇ ਮਨੁੱਖ ਵਿਚ ਅੰਤਰ ਨਹੀਂ ਰਹਿੰਦਾ।

ਨਾਮ ਦੀ ਮਹਿਮਾ ਬਾਰੇ ਆਪ ਜੀ ਕਹਿੰਦੇ ਸਨ ਕਿ ਨਾਨਕ ਦੇ ਘਰ ਕੇਵਲ ਨਾਮ ਹੈ। ਨਾਮ ਹੀ ਅਦ੍ਰਿਸ਼ਟ ਦਾ ਦ੍ਰਿਸ਼ਟਮਾਨ ਰੂਪ ਹੈ। ਨਾਮ ਤੋਂ ਹੀ ਸਭ ਉਤਪਤੀ ਹੋਈ ਹੈ। ਸੋ ਨਾਮ ਵਿਚ ਚਿੱਤ ਲਗਾਇਆਂ, ਉਸ ਵਿਚ ਹੀ ਸਮਾਅ ਜਾਈਦਾ ਹੈ। ਸਿਮਰਨ ਉਸ ਤੱਕ ਪੁੱਜਣ ਦਾ ਸਾਧਨ ਹੈ ਅਤੇ ਨਾਮ ਉਸ ਦੀ ਹੋਂਦ ਦਾ ਪ੍ਰਗਟਾਵਾ ਹੈ।

ਜਦ ਕਿਸੇ ਆ ਕੇ ਕਹਿਣਾ ਕਿ ਸਭ ਗੁਰ ਸੰਤਾਨਾਂ ਆਪਣੇ-ਆਪਣੇ ਮਸੰਦਾਂ ਨੂੰ ਭੇਟਾ ਇਕੱਠੀਆਂ ਕਰਨ ਲਈ ਦੂਰ-ਦੁਰਾਡੇ ਭੇਜਦੀਆਂ ਹਨ, ਤੁਸੀਂ ਕਿਉਂ ਨਹੀਂ ਭੇਜਦੇ ਤਾਂ ਕੈਸਾ ਸੁੰਦਰ ਉੱਤਰ (ਗੁਰੂ) ਤੇਗ ਬਹਾਦਰ ਜੀ ਦੇਂਦੇ। ਆਪ ਜੀ ਕਹਿੰਦੇ : "ਉਸ ਵਾਹਿਗੁਰੂ ਨੂੰ ਗਰੀਬ ਨਿਵਾਜ ਕਹਿੰਦੇ ਹਨ। ਗਰੀਬ ਹੋਵਾਂਗਾ ਤਾਂ ਹੀ ਉਹ ਨਿਵਾਜੇਗਾ।"

ਲੋਕੀਂ ਆਉਂਦੇ, ਉਪਦੇਸ਼ ਲੈਂਦੇ, ਜੀਵਨ ਜਾਚ ਸਿੱਖਦੇ, ਰੂਹਾਂ ਘੜਦੇ ਅਤੇ ਜੀਅ ਦਾਨ ਲੈ ਘਰਾਂ ਤੇ ਨਗਰਾਂ ਨੂੰ ਮੁੜਦੇ।

ਇਕ ਸਿੱਖ ਨੇ ਆ ਕੇ ਪੁਛਿਆ, "ਮਹਾਰਾਜ ਅਸ਼ਾਂਤੀ ਦਾ ਕੀ ਕਾਰਨ ਹੈ ਜੋ ਹਰ ਮਨੁੱਖ ਨੂੰ ਗ੍ਰਸ ਰਹੀ ਹੈ। ਇਹ ਚਿੰਤਾ ਪਿੱਛਾ ਕਿਉਂ ਨਹੀਂ ਛੱਡਦੀ? ਗੁਰੂ ਪਿਤਾ ਨੇ ਫ਼ਰਮਾਇਆ : "ਇਸ ਚਿੰਤਾ ਵਿਚ ਹੀ ਫਸੇ ਰਹਿਣ ਦਾ ਕਾਰਨ ਸਬਰ ਤੋਸ਼ੇ ਦੀ ਘਾਟ ਹੈ। ਮਨੁੱਖ ਹੋਰ ਲੈਣ ਲਈ ਦੌੜਦਾ ਹੈ ਅਤੇ ਜਦ ਪਾਂਦਾ ਨਹੀਂ ਤਾਂ ਦੁਖੀ ਹੁੰਦਾ ਹੈ।" 'ਬਿਨਾਂ ਸੰਤੋਖ ਨਹੀਂ ਕਉ ਰਾਜੈ॥' ਬਗੈਰ ਸੰਤੋਖ ਦੇ ਕੋਈ ਰੱਜਿਆ ਨਹੀਂ, ਤਰਿਆ ਨਹੀਂ। ਇਹ ਚਿੰਤਾ ਹਟ ਸਕਦੀ ਹੈ, ਚਿੱਤ ਚਰਨਾਂ ਵਿਚ ਲਗਾਇਆਂ। ਜਿਸ ਵੇਲੇ ਮਨੁੱਖ ਦਾਤੇ ਨੂੰ ਵਿਸਾਰ ਦਾਤ ਨਾਲ ਪਿਆਰ ਕਰੇ, ਸਮਝੋ ਚਿੰਤਾ ਸ਼ੁਰੂ ਹੋ ਗਈ। ਪਰ ਘਰ ਦੀ ਝਾਕ ਚਿੰਤਾ ਅਤੇ ਅਸ਼ਾਂਤੀ ਦਾ ਇਕ ਹੋਰ ਕਾਰਨ ਹੈ।

ਇਕ ਸਿੱਖ ਨੇ ਗੁਰਮੁਖ ਦੀ ਵਿਆਖਿਆ ਕਰਨ ਦੀ ਬੇਨਤੀ ਕੀਤੀ ਤਾਂ ਨੌਂਵੇਂ ਪਾਤਸ਼ਾਹ ਨੇ ਫ਼ਰਮਾਇਆ ਕਿ ਜਦ ਮਨੁੱਖ ਹਰ ਉਸ ਗੱਲ ਪਾਸੋਂ ਮੁੱਖ ਮੋੜ ਲੈਂਦਾ ਹੈ, ਜੋ ਉਸ ਨੂੰ ਪ੍ਰਭੂ ਨਾਲੋਂ ਤੋੜਦੀ ਹੈ ਤਾਂ ਐਸੇ ਪੁਰਸ਼ ਨੂੰ ਗੁਰਮੁਖ ਕਹਿੰਦੇ ਹਨ। ਸਮਝਾਂਦੇ ਕਿਹਾ :

"ਜਿਸ ਦੇ ਇੰਦਰੇ ਬਾਹਰ ਨਹੀਂ ਭੱਜਦੇ, ਕਾਬੂ ਹਨ, ਰੰਗ ਤਮਾਸ਼ੇ ਦੇਖ ਬੇ-ਕਾਬੂ ਨਹੀਂ ਹੁੰਦੇ, ਜਿਸ ਦਾ ਚਿੱਤ ਵਾਹਿਗੁਰੂ ਤੋਂ ਬਿਨਾਂ ਭਿੱਜਦਾ ਨਹੀਂ ਅਤੇ ਨਾ ਹੋਰ ਕੁਝ ਚੇਤੇ ਵਿਚ ਲਿਆਂਦਾ ਹੈ। ਮਤ ਦਾ ਰਾਖਾ ਅਕਾਲ ਪੁਰਖ ਜਾਣਦਾ ਹੈ ਅਤੇ ਆਪੇ ਨੂੰ ਪ੍ਰੇਮ ਦੀ ਅੱਗ ਵਿਚ ਢਾਲ ਪ੍ਰਭੂ ਨਾਲ ਹੀ ਮਿਲਾ ਲੈਂਦਾ ਹੈ, ਉਸੇ ਨੂੰ ਗੁਰਮੁਖ ਜਾਣੋ।"

ਜਦ ਕਿਸੇ ਨੇ ਆ ਪੁੱਛਿਆ ਕਿ 'ਜੀਵਨ ਮੁਕਤ', ਜਿਸ ਦਾ ਜ਼ਿਕਰ ਗੁਰੂ ਗਰੰਥ ਸਾਹਿਬ ਵਿਚ ਕਈ ਵਾਰ ਆਇਆ ਹੈ, ਕੌਣ ਹੈ ਤਾਂ ਆਪ ਜੀ ਨੇ ਫ਼ਰਮਾਇਆ :

ਜੀਵਨ ਮੁਕਤ ਉਹ ਹੈ ਜੋ ਪ੍ਰਭੂ ਦੀ ਆਗਿਆ ਵਿਚ ਰਹਿੰਦਾ ਹੈ। ਜਿਸ ਦੇ ਇੰਦਰੇ ਜਗਤ ਤਮਾਸ਼ਾ ਦੇਖ ਭਿਜਦੇ ਨਹੀਂ, ਮਨ ਤੇ ਦੁਨੀ ਦਾ ਪਰਛਾਵਾਂ ਨਹੀਂ ਪੈਂਦਾ, ਹਉਂ ਦੀ ਆਪਣੀ ਹੋਂਦ ਨਾ ਰਹੇ ਅਤੇ ਹਉਂ ਆਪੇ ਵਿਚ ਰਲ ਜਾਏ ਤਾਂ ਜੀਵਨ ਮੁਕਤ ਜਾਣੋ। ਜੀਵਨ ਮੁਕਤ ਜਗਤ ਨੂੰ ਚਲਾਇਮਾਨ ਸਮਝਦਾ

ਹੈ ਅਤੇ ਨਫਸ ਤੇ ਕਾਬੂ ਪਾ ਅਸਲੀਅਤ ਨੂੰ ਪਾਉਣ ਲਈ ਹੀ ਜ਼ਿੰਦਾ ਰਹਿੰਦਾ ਹੈ :

ਸੁੱਖ ਹੋਰ ਕੁਝ ਨਹੀਂ ਕੇਵਲ ਮਨ ਵਿਚ ਕਿਸੇ ਫੁਰਨੇ ਦਾ ਅਭਾਵ ਹੈ। ਠਹਿਰੇ ਹੋਏ ਮਨ ਵਿਚ ਕੇਵਲ ਵਾਹਿਗੁਰੂ ਦਾ ਠੀਕ ਪਰਛਾਵਾਂ ਪੈਂਦਾ ਹੈ। ਉਸ ਦੀ ਹੋਂਦ ਦਾ ਨਜ਼ਾਰਾ ਅਨੰਦ ਦੇਂਦਾ ਹੈ।

"ਦੁੱਖ ਤ੍ਰਿਸ਼ਨਾ ਤੋਂ ਉੱਪਜਦਾ ਹੈ ਅਤੇ ਤ੍ਰਿਸ਼ਨਾ ਫਿਰ ਮਨ ਨੂੰ ਅਸ਼ਾਂਤ ਕਰਕੇ ਦੁੱਖ ਦੇ ਘਰ ਲੈ ਜਾਂਦੀ ਹੈ। ਇਸ ਤ੍ਰਿਸ਼ਨਾ ਤੋਂ ਬਚਣ ਦਾ ਰਾਹ ਕੇਵਲ ਸਾਦਾ ਤੇ ਸਾਫ ਜੀਵਨ ਅਪਨਾਉਣਾ ਹੈ। ਸਾਦਾ ਜੀਵਨ ਉਹ ਹੈ ਜੋ ਕਿਸੇ ਨੂੰ ਦੁੱਖ ਨਹੀਂ ਦੇਂਦਾ ਅਤੇ ਸਾਫ਼ ਉਹ ਹੈ ਜੋ ਆਪ ਚੋਟ ਖਾ ਲੈਂਦਾ ਹੈ, ਪਰ ਦੂਜੇ ਨੂੰ ਨਹੀਂ ਲਗਾਉਂਦਾ।"

### *'ਕਹਾ ਨਰ ਅਪਨੋ ਜਨਮ ਗਵਾਵੈ'*

ਇਕ ਨਾਰਾਇਣ ਦਾਸ ਨਾਂ ਦੇ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਧੰਧਿਆਂ ਵਿਚ ਐਸੇ ਫਸੇ ਹਾਂ ਕਿ ਸਮਾਂ ਨਹੀਂ ਮਿਲਦਾ। ਜਦ ਮਹਾਰਾਜ ਨੇ ਪੁੱਛਿਆ ਕਿ ਕਿਰਤ ਕੀ ਕਰਦੇ ਹੋ ਤਾਂ ਉਸ ਦਸਿਆ, ਖੇਤੀ ਦੀ ਕਿਰਤ ਹੈ। ਦੋ ਬੱਚੇ ਹਨ। ਘਰਵਾਲੀ ਗੁਜ਼ਰ ਗਈ ਹੈ। ਪੁੱਤਰ ਅਵੇਸਲੇ ਤੇ ਆਲਸੀ ਹਨ। ਬਾਜ਼ਾਰ ਜਾ ਕੇ ਕੁਝ ਵਪਾਰ ਵੀ ਕਰਦਾ ਹਾਂ। ਇਕ ਗੱਲ ਨਿਸਚੇ ਨਾਲ ਕਹਿ ਸਕਦਾ ਹਾਂ ਕਿ ਆਪਣੇ ਵਪਾਰ ਤੇ ਧੰਧੇ ਵਿਚ ਠੱਗੀ ਨਹੀਂ ਕਰਦਾ, ਪਰ ਰਾਤ ਨੀਂਦ ਨਹੀਂ ਆਉਂਦੀ। ਪੁੱਤਰ ਘੂਕ ਸੁੱਤੇ ਰਹਿੰਦੇ ਹਨ, ਪਰ ਮੇਰਾ ਧਿਆਨ ਇਹ ਹੀ ਰਹਿੰਦਾ ਹੈ ਕਿ ਕੋਈ ਸਨ੍ਹ ਮਾਰ ਕੇ ਜੋੜੀ ਮਾਇਆ ਲੁੱਟ ਨਾ ਲੈ ਜਾਏ। ਸ਼ਾਂਤੀ ਖੁਸ ਗਈ ਹੈ।

ਉਸਦੀ ਦਸ਼ਾ ਸੁਣ ਕੇ ਗੁਰ ਤੇਗ ਬਹਾਦਰ ਜੀ ਨੇ ਫਰਮਾਇਆ, "ਕੋਈ ਕਿਸੇ ਦੀ ਸ਼ਾਂਤੀ ਖੋਹ ਨਹੀਂ ਸਕਦਾ। ਇਹ ਆਪੂੰ ਹੀ ਮਨੁਖ ਆਪਣੀ ਸ਼ਾਂਤੀ ਖੁਹਾਉਂਦਾ ਹੈ। ਤੂੰ ਦਿਆਨਤਦਾਰੀ ਤੇ ਮਿਹਨਤ ਨਾਲ ਘਰ ਬਣਾ ਲਿਆ ਹੈ। ਤੈਨੂੰ ਹੁਣ ਜ਼ਿੰਮੇਵਾਰੀ ਬੱਚਿਆਂ ਤੇ ਸੁੱਟ ਦੇਣੀ ਚਾਹੀਦੀ ਹੈ। ਇਹ ਦੁਨਿਆਵੀ ਮੋਹ ਹੈ ਜੋ ਤੈਨੂੰ ਫਸਾਈ ਬੈਠਾ ਹੈ। ਬੱਚਿਆਂ ਪ੍ਰਤੀ ਫ਼ਰਜ਼ ਨੂੰ ਤੂੰ ਨਿਭਾ ਦਿੱਤਾ ਹੈ। ਹੁਣ ਤੈਨੂੰ ਬੱਚਿਆਂ ਤੋਂ ਉੱਚਾ ਉੱਠ ਲੁਕਾਈ ਦੀ ਸੇਵਾ ਕਰਨੀ ਚਾਹੀਦੀ ਹੈ। ਫਿਰ ਸਾਰੰਗ ਰਾਗ ਵਿਚ ਸ਼ਬਦ ਉਚਾਰ ਉਸ ਨੂੰ ਸਮਝਾਇਆ :

ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ
ਰਾਮ ਸਰਨਿ ਨਹੀ ਆਵੈ ॥੧॥ਰਹਾਉ ॥
ਇਹੁ ਸੰਸਾਰੁ ਸਗਲ ਹੈ ਸੁਪਨੋ, ਦੇਖਿ ਕਹਾ ਲੋਭਾਵੈ ॥
... ... ... ... ... ... ...
ਮਿਥਿਆ ਤਨੁ ਸਾਚੋ ਕਰਿ ਮਾਨਿਓ,
ਇਹ ਬਿਧਿ ਆਪੁ ਬੰਧਾਵੈ ॥

### *ਵਾਹਿਗੁਰੂ ਪ੍ਰਾਪਤੀ ਦਾ ਰਾਹ*

ਅਨੰਦਪੁਰ ਹੀ ਇਕ ਸਿੱਖ ਨੇ ਪੁਛਿਆ ਕਿ ਜੋ ਧਾਰਮਿਕ ਪੁਸਤਕਾਂ ਕਹਿੰਦੀਆਂ ਹਨ, ਅਸੀਂ ਕਰਦੇ ਵੀ ਹਾਂ, ਪਰ ਇੰਝ ਲੱਗਦਾ ਹੈ ਕਿ ਪ੍ਰਾਪਤ ਕੁਝ ਨਹੀਂ ਹੁੰਦਾ। ਮਹਾਰਾਜ ਨੇ ਕਿਹਾ ਕਿ ਵਾਹਿਗੁਰੂ ਕਿਵੇਂ ਮਿਲੇ, ਜਦ ਮਨ ਹੀ ਭਰਮ ਅਤੇ ਅੰਧੇਰ ਵਿਚ ਫਸਿਆ ਹੋਇਆ ਹੈ। ਜਦ ਜ਼ਿੰਦਗੀ ਹੀ ਭਰਮ ਵਿਚ ਗੁਜ਼ਰ ਜਾਂਦੀ ਹੈ ਤਾਂ ਪਤਿ ਕਿਵੇਂ ਪ੍ਰਾਪਤ ਹੋਵੇ। ਦਿਨ ਰਾਤ ਬਿਖਿਆ ਵਿਚ ਪੈ ਕੇ ਸਗੋਂ ਹੋਰ ਦੁਖੀ ਹੁੰਦਾ ਹੈ। ਸੰਸਾਰੀ ਝਮੇਲਿਆਂ ਨੇ ਸਾਰਾ ਧਿਆਨ ਹੀ ਖਿਚਿਆ ਹੋਇਆ ਹੈ। ਉਸਨੂੰ ਪਾਉਣ ਦਾ ਰਾਹ ਭਰਮ ਦੂਰ ਕਰਨਾ, ਪੂਜਾ ਤੋਂ ਉਤਾਂਹ ਸਿਮਰਨ ਵਿਚ ਜੁੜਨਾ ਅਤੇ ਉਸ ਦੀ ਸ਼ਰਨ ਲੈਣੀ ਹੈ। ਸਾਡੇ ਜੀਵਾਂ ਦੀ ਤਾਂ ਇਹ ਗੱਲ ਬਣੀ ਹੋਈ ਹੈ :

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨ ਛੋਡਿਆ,
ਮਾਇਆ ਹਾਥਿ ਬਿਕਾਨਾ ॥੧॥ਰਹਾਉ ॥

(ਪੰਨਾ ੬੮੪)

ਸੋ ਉਸ ਦੀ ਪ੍ਰਾਪਤੀ ਦਾ ਰਾਹ ਉਸੇ ਅਗੇ ਨਿਮਰ ਹੋ ਬੇਨਤੀ ਕਰਨੀ ਹੈ ਅਤੇ ਕਹਿਣਾ ਹੈ :

ਜਨ ਨਾਨਕ ਮੈ ਨਾਹਿ ਕੋਊ ਗੁਨੁ,
ਰਾਖਿ ਲੇਹੁ ਸਰਨਾਈ ॥ (ਪੰਨਾ ੬੩੨)

### *ਮੁਕਤਿ ਹੋਤ ਨਰ ਜਾ ਕੈ ਸਿਮਰੈ*

ਅਨੰਦਪੁਰ ਤੀਰਥ ਬਣ ਗਿਆ ਸੀ। ਜਗਿਆਸੂ ਆਉਂਦੇ ਆਪਣੀ ਤਸੱਲੀ ਕਰ ਘਰਾਂ ਨੂੰ ਮੁੜਦੇ। ਇਕ ਦਿਨ ਗੁਰੂ ਜੀ ਸਤਲੁਜ ਕੰਢੇ ਸੈਰ ਨੂੰ ਗਏ ਤਾਂ ਇਕ ਬ੍ਰਾਹਮਣ ਜੋ ਅਰਚਾ ਪੂਜਾ ਵਿਚ ਰੁੱਝਾ ਸੀ, ਆਪ ਜੀ ਨੂੰ ਦੇਖ ਕੋਲ ਆਇਆ ਤੇ ਕਹਿਣ ਲੱਗਾ : "ਮਹਾਰਾਜ! ਚਿਰ ਹੋ ਗਿਆ ਹੈ ਅਰਚਾ ਪੂਜਾ ਕਰਦਿਆਂ। ਤਸੱਲੀ ਨਹੀਂ ਹੋਈ।" ਗੁਰੂ ਪਾਤਸ਼ਾਹ ਨੇ ਫ਼ਰਮਾਇਆ ਕਿ ਕਈ ਵਾਰ ਐਸਾ ਹੋਇਆ ਹੈ ਕਿ ਖਾਹਿਸ਼ ਪੂਰੀ ਹੋਣ ਬਾਅਦ ਵੀ ਤਸੱਲੀ ਨਹੀਂ ਹੁੰਦੀ। ਤ੍ਰਿਸ਼ਨਾ ਹੋਰ ਵਧ ਜਾਂਦੀ ਹੈ। ਬਾਲਪਣ ਇੰਝ ਚਲਾ ਜਾਂਦਾ ਹੈ। ਜਵਾਨੀ ਵਿਚ ਪਰਿਵਾਰ ਵਿਚ ਮਸਤ ਰਹਿੰਦਾ ਹੈ ਤੇ ਬੁਢੇਪੇ ਵਿਚ ਵੀ ਪਤਾ ਨਹੀਂ ਲੱਗਦਾ ਕਿ ਕਿਹੜੀ ਭੁੱਲ ਵਿਚ ਫੱਸਣ ਕਰਕੇ ਤਸੱਲੀ ਨਹੀਂ ਹੁੰਦੀ। ਪੂਜਾ ਅਰਚਾ ਬਾਹਰਲੇ ਕਰਮ ਹਨ ਇਨ੍ਹਾਂ ਨਾਲ ਮਨ ਟਿੱਕ ਨਹੀਂ ਸਕਦਾ। ਉਸ ਨੂੰ ਹਿਰਦੇ ਵਿਚ ਸਦਾ ਮਹਿਸੂਸ ਕਰਦੇ ਰਹਿਣਾ ਹੀ ਤਸੱਲੀ ਪਾਉਣ ਦਾ ਰਾਹ ਹੈ। ਫਿਰ ਰਾਮਕਲੀ ਰਾਗ ਵਿਚ ਸ਼ਬਦ ਉਚਾਰ ਸੁਣਾਇਆ :

ਪ੍ਰਾਨੀ ਨਾਰਾਇਨਿ ਸੁਧਿ ਲੇਹ ॥
ਛਿਨੁ ਛਿਨੁ ਅਉਧ ਘਟੈ ਨਿਸ ਬਾਸੁਰ
ਬ੍ਰਿਥਾ ਜਾਤ ਹੈ ਦੇਹ ॥੧॥ ਰਹਾਉ ॥
ਤਰਪਾਨੋ ਬਿਖਿਅਨ ਸਿਉ ਖੋਇਓ,
ਬਾਲਪਨੁ ਅਗਿਆਨਾ ॥

ਬਿਰਧਿ ਭਇਓ ਅਜਹੁ ਨਹੀ ਸਮਝੈ
ਕਉਨ ਕੁਮਤਿ ਉਰਝਾਨਾ ॥੧॥

ਅਤੇ ਅੰਤ ਵਿਚ ਕਿਹਾ :

ਮੁਕਤੁ ਹੋਤ ਨਰ ਜਾ ਕੈ ਸਿਮਰੈ, ਹੀ ਸ਼ਾਂਤੀ ਤੇ ਤਸੱਲੀ ਲੈਣ ਦਾ ਰਾਹ ਹੈ।

### *ਜੀਵਨ ਆਦਰਸ਼ ਕੀ ਹੈ ?*

ਗੁਰੂ ਜੀ ਪਾਸੋਂ ਇਕ ਸਿੱਖ ਨੇ ਪੁਛਿਆ ਕਿ ਜੀਵਨ ਆਦਰਸ਼ ਕੀ ਹੈ ? ਮਹਾਰਾਜ ਨੇ ਫ਼ਰਮਾਇਆ :

'ਜੀਵਨ ਇਕ ਦਰਿਆ ਨਿਆਈਂ ਹੈ। ਸੋਮੇ ਵਿਚੋਂ ਨਿਕਲਦਾ ਹੈ ਅਤੇ ਸਾਗਰ ਵਿਚ ਸਮਾ ਜਾਂਦਾ ਹੈ। ਇਹ ਜਲ ਖੇਤੀ ਹਰੀ ਕਰਦਾ ਹੈ, ਆਵਾਜਾਈ ਦਾ ਸਾਧਨ ਹੈ। ਤੀਰਥ ਬਣਾਂਦਾ ਹੈ। ਲੋਕੀਂ ਇਸਨਾਨ ਕਰਦੇ ਅਤੇ ਜਲ ਪੀਂਦੇ ਹਨ। ਠੰਢ ਪੁਚਾਂਦਾ ਹੈ ਅਤੇ ਹੋਰ ਅਨੇਕਾਂ ਕਾਰਜ ਸੁਆਰਦਾ ਹੈ, ਪਰ ਉਸਦਾ ਨਿਸ਼ਾਨਾ ਸਾਗਰ ਵਿਚ ਸਮਾਣਾ ਹੈ। ਰਾਹ ਵਿਚ ਪਰਉਪਕਾਰ ਕਰੀ ਜਾਂਦਾ ਹੈ। ਦੂਜੇ ਪਾਸੇ ਕਿਸੇ ਦਰਿਆ ਵਿਚ ਜੇ ਹੜ੍ਹ ਆ ਜਾਣ ਤਾ ਜਿਊਣਾ ਮੁਸਕਲ ਵੀ ਕਰ ਦੇਂਦਾ ਹੈ। ਫਸਲਾਂ ਉਜਾੜ ਦੇਂਦਾ ਹੈ। ਘਰ ਬਰਬਾਦ ਕਰ ਦੇਂਦਾ ਹੈ।

ਜੀਵਨ ਦਾ ਆਦਰਸ਼ ਵੀ ਵਾਹਿਗੁਰੂ ਸਾਗਰ ਨਾਲ ਇਕ-ਮਿਕ ਹੋਣਾ ਹੈ। ਰਾਹ ਟੁਰਦੇ, ਸੰਜਮ ਰੱਖਦੇ, ਨੇੜੇ ਆਉਣ ਵਾਲਿਆਂ ਦਾ ਜੀਵਨ ਵੀ ਅਨੰਦਾਇਕ ਬਣਾਉਣ ਵਿਚ ਹੈ। ਖੁਸ਼ੀ ਵੰਡਣ ਵਿਚ ਹੈ। ਜੀਵਨ ਦਾਨ ਦੇਣ ਵਿਚ ਹੈ। ਜੇ ਕਿਸੇ ਪੁੱਠਾ ਰਾਹ ਅਪਣਾਅ ਲਿਆ ਤਾਂ ਉਹ ਲੁਕਾਈ ਲਈ ਬਿਪਤਾ ਬਣ ਗਿਆ। ਸੋ ਜੀਵਨ ਆਦਰਸ਼ ਇਹ ਹੈ ਕਿ ਗੁਰੂ ਦੇ ਦੱਸੇ ਰਾਹ ਤੇ ਟੁਰੀ ਜਾਈਏ ਅਤੇ ਬੁਰਾਈ ਦੇ ਟਾਕਰੇ ਅੜ ਖਲੋਈਏ।"

ਇਸੇ ਤਰ੍ਹਾਂ ਕਾਬਲ ਦੀ ਸੰਗਤ ਨੇ ਬੇਨਤੀ ਕੀਤੀ ਕਿ ਮਨ ਦੀ ਦੌੜ ਭੱਜ ਕਿਵੇਂ ਮੁੱਕੇ ? ਮਹਾਰਾਜ ਨੇ ਕਿਹਾ ਕਿ ਮਨ ਤਾਂ ਪਾਪਾਂ ਵੱਲ ਜਾਂਦਾ ਹੈ ਜਦ ਤ੍ਰਿਸ਼ਨਾ ਦਾ ਇਸ ਵਿਚ ਨਿਵਾਸ ਹੈ। ਮਨ ਅਸ਼ਾਂਤ ਹੈ। ਜੋਗੀ, ਜੰਗਮ, ਸੰਨਿਆਸੀ ਤੇ ਇਹ ਤ੍ਰਿਸ਼ਨਾ ਹੀ ਸਵਾਰ ਹੈ। ਮੋਹ ਤੇ ਮਮਤਾ ਹੀ ਮਨ ਦੀ ਅਸਾਂਤੀ ਦਾ ਕਾਰਨ ਹੈ।

ਗਿਆਨ ਕੀ ਹੈ--ਭਾਈ ਮਤੀ ਦਾਸ ਜੀ ਨੇ ਇਕ ਦਿਨ ਗੁਰੂ ਜੀ ਕੋਲੋਂ ਪੁਛਿਆ ਕਿ ਗਿਆਨ ਕੀ ਹੈ ? ਹਰ ਕੋਈ ਵੱਖ-ਵੱਖ ਹੀ ਭਾਵ ਅਰਥ ਕਰਦਾ ਅਤੇ ਸੁਣਾਂਦਾ ਹੈ। ਮਹਾਰਾਜ ਨੇ ਫ਼ਰਮਾਇਆ :

"ਆਪੇ ਨੂੰ ਜਾਣਨਾ ਹੀ ਗਿਆਨ ਹੈ। ਇਹ ਗਿਆਨ ਪ੍ਰਾਪਤ ਹੁੰਦਾ ਹੈ, 'ਗਾਵੀਐ ਸੁਣੀਐ ਮਨਿ ਰਖੀਐ ਭਾਉ' ਨਾਲ। ਗੁਰੂ ਉਪਦੇਸ਼ ਨੂੰ ਸੁਣਨ ਤੇ ਗਾਉਣ ਤੇ ਫਿਰ ਉਸ ਵਿਚ ਪਿਆਰ ਪਾਉਣ ਨਾਲ ਪਹਿਲੀ ਪਉੜੀ ਚੜ੍ਹੀ ਜਾਂਦੀ ਹੈ। ਫਿਰ ਉਸ ਗਾਏ ਸੁਣੇ ਦਾ ਹੀ ਰੂਪ ਹੋ ਜਾਣਾ। ਸਗਲ ਬਨਸਪਤ ਵਿਚ ਅਗਨੀ ਹੈ ਅਤੇ ਦੁੱਧ ਵਿਚ ਘਿਉ, ਪਰ ਇਹ ਪ੍ਰਗਟ ਹੁੰਦਾ ਹੈ ਘਾਲ ਨਾਲ। ਇਹ ਘਾਲ ਸਿਮਰਨ ਹੈ। ਉਸ ਦੀ ਯਾਦ ਭੁਲਣ ਨਾ ਦੇਣੀ ਗਯਾਨ ਦਾ ਆਖਰੀ ਡੰਡਾ ਚੜ੍ਹ ਜਾਣਾ ਹੈ।"

### *ਤੌਹੀਦ*

ਇਕ ਦਿਨ ਸੈਫ ਦੀਨ ਜੀ ਤੇ ਉਸ ਦੇ ਸੂਫੀ ਸਾਥੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਇਕ ਸੂਫੀ ਨੇ ਪੁੱਛਿਆ : ਮਹਾਰਾਜ! ਤੁਸੀਂ ਤੌਹੀਦ ਵਿਚ ਯਕੀਨ ਰੱਖਦੇ ਹੋ ਜਾਂ ਨਹੀਂ ? ਗੁਰੂ ਜੀ ਨੇ ਪੁੱਛਿਆ ਕਿ ਤੌਹੀਦ ਤੋਂ ਤੁਹਾਡਾ ਕੀ ਭਾਵ ਹੈ ? ਉਸ ਸੂਫੀ ਨੇ ਕਿਹਾ, "ਇਕ ਰੱਬ ਤੇ ਯਕੀਨ ਤੇ ਹੋਰ ਕਿਸੇ ਨੂੰ ਨਾ ਮੰਨਣਾ।" ਗੁਰੂ ਜੀ ਨੇ ਬੜੇ ਠਰੰਮੇ ਨਾਲ ਕਿਹਾ : "ਫਕੀਰ ਜੀ! ਕੀ ਇਕ ਵਾਹਿਗੁਰੂ ਤੋਂ ਇਲਾਵਾ, ਹੋਰ ਵੀ ਕੋਈ ਹੋ ਸਕਦਾ ਹੈ ? ਅਸਲ ਵਿਚ ਤੌਹੀਦ ਇਹ ਨਹੀਂ ਕਿ ਇਕ ਵਿਚ ਯਕੀਨ ਰੱਖਣਾ ਅਤੇ ਹੋਰ ਪਸਾਰੇ ਨੂੰ ਸੱਚ ਕਰ ਮੰਨੀ ਜਾਣਾ। ਤੌਹੀਦ ਦੇ ਡੂੰਘੇ ਭਾਵ ਵੱਲ ਜਾਓ। ਇਸ ਦਾ ਸਹੀ ਅਰਥ ਹੈ ਕਿ ਜੋ ਦੁਨੀਆਂ ਹੈ, ਇਹ ਨਾਸ਼ਵੰਤ ਹੈ, ਫਾਨੀ ਹੈ। ਉਸ ਬਾਰੇ ਇਹ ਯਕੀਨ ਬੱਝ ਜਾਏ ਕਿ ਇਹ ਨਹੀਂ ਰਹਿਣੀ। ਉਸ ਨੂੰ ਤੌਹੀਦ ਪ੍ਰਸਤ ਕਹਿਣਾ ਬਣਦਾ ਹੈ ਜੋ ਇਹ ਜਾਣ ਲਵੇ ਕਿ ਖੁਦਾ ਬਾਝੋਂ ਕੂੜੋ ਕੂੜ ਹੈ। ਵੇਖ ਕੇ ਅਣਡਿਠ ਕਰਨਾ ਇਸ ਦੀ ਨਿਸ਼ਾਨੀ ਹੈ। ਫਿਰ ਉਹ ਤਾਂ ਤੌਹੀਦ ਪ੍ਰਸਤ ਹੋ ਹੀ ਨਹੀਂ ਸਕਦਾ ਜੋ ਸਰੀਰ ਨਾਲ ਹਿਤ ਕਰਦਾ ਹੈ। ਇਸ ਵਿਚ ਜੋ ਦੁਬਿਧਾ ਹੈ ਉਹ ਵੀ ਤੌਹੀਦ ਤੋਂ ਪਰ੍ਹੇ ਲੈ ਜਾਂਦੀ ਹੈ। ਤੌਹੀਦ ਪ੍ਰਸਤ ਸਭ ਵਿਚ ਉਸ ਨੂੰ ਦੇਖਦਾ ਹੈ ਅਤੇ ਉਸ ਇਕ ਵਿਚ ਸਭ ਨੂੰ।" ਸੈਫ਼ ਦੀਨ ਤੇ ਹੋਰ ਸਾਰੇ ਸੂਫੀ ਫ਼ਕੀਰਾਂ ਨੇ ਸਿਰ ਝੁਕਾਇਆ।

ਸੈਫ਼ ਖਾਨ ਨੇ ਉਥੇ ਹੀ ਪੁਛਿਆ ਕਿ ਪਾਪ ਦਾ ਮੂਲ ਕੀ ਹੈ? ਮਹਾਰਾਜ ਦਾ ਕਹਿਣਾ ਸੀ :

ਇਸ ਦੀ ਜੜ੍ਹ ਦੁਨੀਆਂ ਨਾਲ ਪ੍ਰੀਤੀ ਹੈ ਅਤੇ ਨਿੱਜ ਲਈ ਸਭ ਕੁਝ ਚਾਹੁਣਾ ਹੈ। ਪੁੰਨ ਦੀ ਜੜ੍ਹ, ਸੰਸਾਰ ਨੂੰ ਫ਼ਾਨੀ ਤੇ ਚਲਾਇਮਾਨ ਸਮਝਣਾ ਹੈ। ਦਿੱਸਦੇ ਜਗਤ ਨਾਲ ਮੋਹ ਹਟਾਉਣਾ ਹੈ ਅਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।

### *ਮੀਰਾਂ ਸ਼ਾਹ*

ਮੀਆਂ ਮੀਰ ਜੀ ਦਾ ਵੱਡਾ ਚੇਲਾ ਮੀਰਾਂ ਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਨੰਦਪੁਰ ਆਇਆ ਅਤੇ ਮਨ ਦੀ ਦਸ਼ਾ ਪ੍ਰਗਟ ਕਰਕੇ ਕਹਿਣ ਲੱਗਾ ਕਿ ਪਛਤਾਵਾ ਵੀ ਕਰਦਾ ਹਾਂ, ਪਰ ਪਾਪਾਂ ਦੀ ਸਜ਼ਾ ਤੋਂ ਡਰ ਜਾਂਦਾ ਹਾਂ। ਮਹਾਰਾਜ ਨੇ ਕਿਹਾ:

"ਇਹ ਖ਼ਿਆਲ ਕਿ ਖੁਦਾ ਸਜ਼ਾ ਦੇਸੀ, ਮੂਲ ਤੋਂ ਖੁੰਝਦਾ ਹੈ। ਇਕ ਵਾਰ ਸੱਚੇ ਦਿਲੋਂ ਤੋਬਾ ਕੀਤੀ ਹੋਵੇ ਤਾਂ ਪਾਪਾਂ ਦੀ ਸਜ਼ਾ ਦਾ ਡਰ ਰਹਿੰਦਾ ਹੀ ਨਹੀਂ। ਪਾਪਾਂ ਦੇ ਖ਼ਿਆਲਾਂ ਤੋਂ ਵੀ ਮਨੁੱਖ ਉੱਚਾ ਹੋ ਜਾਂਦਾ ਹੈ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਪਾਪੀ ਤਾਂ ਜੀਉੜਾ ਹੀ ਹੈ ਅਤੇ ਜਦ ਉਹ ਜਿਉੜਾ ਤੋਬਾ ਕਰਦਾ ਹੈ ਤਾਂ ਆਪੇ ਦਾ ਖ਼ਿਆਲ ਮੁੱਕ ਜਾਂਦਾ ਹੈ ਅਤੇ ਉਸ ਆਪੇ ਤੋਂ ਉਪਜਣ ਵਾਲੇ ਫੁਰਨੇ ਵੀ ਮੁੱਕ ਜਾਂਦੇ ਹਨ। ਅਸਲ ਤੋਬਾ ਆਪੇ ਦਾ ਖ਼ਿਆਲ ਛੱਡਣਾ ਹੈ; ਜਿਸ ਤੋਂ ਤ੍ਰਿਸ਼ਨਾ ਤੇ ਖ਼ਿਆਲ ਉੱਠਦੇ ਹਨ। ਭੋਗਾਂ ਵਿਚ ਸਵਾਦ ਨ ਆਵੇ ਅਤੇ ਜੋ ਸ਼ੈ ਖੁਦਾ ਨਾਲੋਂ ਤੋੜਦੀ ਹੈ, ਉਸਦੀ ਖਿੱਚ ਨ ਪਵੇ।"

ਜਦ ਮੀਰਾਂ ਸ਼ਾਹ ਨੇ ਦੁੱਖਾਂ ਦਾ ਕਾਰਨ ਪੁੱਛਿਆ ਤਾਂ ਆਪ ਜੀ ਨੇ ਫ਼ਰਮਾਇਆ : "ਦੁਨੀਆਂ ਦੀ ਖ਼ਾਹਿਸ਼ ਹੀ ਦੁੱਖ ਪੈਦਾ ਕਰਦੀ ਹੈ। ਫਿਰ ਜੋ ਪਾਸ ਹੈ ਉਸ ਦੇ ਖੁੱਸ ਜਾਣ ਦਾ ਡਰ ਵੀ ਦੁੱਖ ਉਪਜਾਂਦਾ ਹੈ। ਖ਼ਾਹਿਸ਼ਾਂ ਤੋਂ ਉਤਾਂਹ ਹੋਣਾ ਹੀ ਸੁੱਖ ਦਾ ਰਾਹ ਹੈ। ਸੋ ਵਿਸ਼ੇ ਵਿਕਾਰ ਵੱਲ ਨ ਭਜੋ, ਸਗੋਂ ਉਸ ਦੇ ਮੂਲ ਨੂੰ ਪਕੜੋ। ਦੁਨਿਆਵੀ ਖ਼ਾਹਿਸ਼ਾਂ ਤੇ ਵਾਹਿਗੁਰੂ ਇਕ ਥਾਂ ਨਹੀਂ ਰਹਿ ਸਕਦੇ।"

ਮੀਰਾਂ ਸ਼ਾਹ ਨੇ ਇਹ ਵੀ ਪੁੱਛਿਆ ਕਿ ਮਜ਼ਹਬ ਕੀ ਹੈ ? ਮਹਾਰਾਜ ਦਾ ਫ਼ਰਮਾਨ ਸੀ : "ਜੋ ਰਾਹ ਖ਼ੁਦਾ ਵੱਲ ਲੈ ਜਾਏ ਉਹ ਹੀ ਅਸਲ ਮਜ਼ਹਬ ਹੈ।" "ਸ਼ਰਾਅ ਕਿਹੜੀ ਉੱਤਮ ਹੈ ?" ਜਦ ਉਸ ਪੁੱਛਿਆ ਤਾਂ ਆਪ ਜੀ ਦਾ ਉੱਤਰ ਸੀ : "ਜੋ ਬੰਦਿਆਂ ਤੋਂ ਹੋੜੇ।" "ਇਹ ਖ਼ੁਦੀ, ਜੋ ਸਭ ਬੁਰਾਈਆਂ ਦੀ ਜੜ੍ਹ ਹੈ, ਮੁੱਕੇ ਕਿਵੇਂ ?" ਮੀਰਾਂ ਸ਼ਾਹ ਦਾ ਅਗਲਾ ਪ੍ਰਸ਼ਨ ਸੀ।

"ਪ੍ਰੇਮ ਦੀ ਭੱਠੀ ਵਿਚ ਪਾਇਆਂ ਇਹ ਹਉਂ ਨਹੀਂ ਰਹਿੰਦੀ।" ਨੌਵੇਂ ਪਾਤਸ਼ਾਹ ਦਾ ਜੁਆਬ ਸੀ।

ਇਕ ਕੋਲ ਬੈਠੇ ਦੂਜੇ ਫ਼ਕੀਰ ਨੇ 'ਜ਼ੁਹਦ ਤੇ ਫ਼ਕਰ' ਦਾ ਭਾਵ ਪੁੱਛਿਆ। ਮਹਾਰਾਜ ਨੇ ਕਿਹਾ, "ਉਸ ਨਾਲੋਂ ਸਭ ਸੰਬੰਧ ਤੋੜ ਲੈਣੇ ਜੋ ਉਸ ਨਾਲੋਂ ਤੋੜਦਾ ਹੈ, ਜ਼ੁਹਦ ਹੈ ਅਤੇ ਉਹ ਦਸ਼ਾ ਜਿਥੇ ਆਪੇ ਹੀ ਮੁਕੰਮਲ ਹੋਂਦ ਮੁੱਕ ਜਾਏ ਉਹ ਫ਼ਕਰ ਹੈ।" ਇਸ ਤਰ੍ਹਾਂ ਥਾਂ ਥਾਂ ਤੋਂ ਮੁਸਲਮਾਨ ਸੂਫ਼ੀ ਫ਼ਕੀਰ ਆਉਂਦੇ ਅਤੇ ਭਰਮ ਦੀ ਕਾਈ ਮਿਟਾ ਅਨੰਦ ਪ੍ਰਾਪਤ ਕਰ ਜਾਂਦੇ।

### *ਭਗਤੀ*

ਇਕ ਸਿੱਖ ਨੇ ਪੁੱਛਿਆ ਕਿ ਭਗਤੀ ਕੀ ਹੈ ? ਗੁਰੂ ਪਾਤਸ਼ਾਹ ਨੇ ਕਿਹਾ : "ਮਾਲਕ ਵਿਚ ਸਮਾ ਜਾਣਾ ਹੀ ਭਗਤੀ ਹੈ। ਪ੍ਰਭੂ ਦੀ ਯਾਦ ਸਦਾ ਰੱਖਣੀ ਅਤੇ ਉਸ ਦੇ ਗੁਣ ਗਾਂਦੇ ਰਹਿਣਾ। ਜਦ ਚੇਤਨਾ ਗੁਣ ਗਾ ਗਾ ਧੋਤੀ ਜਾਏ ਅਤੇ ਉਸਦੀ ਯਾਦ ਤੋਂ ਬਗੈਰ ਤ੍ਰਿਪਤੀ ਨਾ ਹੋਵੇ। ਆਪਾ ਭਾਵ ਮੁੱਕ ਜਾਏ ਅਤੇ ਆਪਾ ਸਰਬ ਸ਼ਕਤੀ ਮਾਨ ਵਿਚ ਹੀ ਸਮਾ ਜਾਏ। ਇਸ ਤਰ੍ਹਾਂ ਭਗਤੀ ਵਿਚੋਂ ਅੰਮ੍ਰਿਤ ਰਸ ਚੋਂਦਾ ਹੈ ਤੇ ਉਹ ਅਨੰਦ ਨੂੰ ਪਾ ਲੈਂਦਾ ਹੈ।"

### *ਸਭ ਤੋਂ ਉੱਤਮ ਕਰਮ*

ਜਦ ਇਕ ਹੋਰ ਸਿੱਖ ਨੇ ਪੁੱਛਿਆ ਕਿ ਸਭ ਤੋਂ ਉੱਤਮ ਕਰਮ ਕਿਹੜਾ ਹੈ ਤਾਂ ਮਹਾਰਾਜ ਨੇ ਫ਼ਰਮਾਇਆ :

"ਜੋ ਕੋਲ ਹੈ ਉਸ ਨੂੰ ਲੋੜਵੰਦਾਂ ਵਿਚ ਵੰਡ ਦੇਣਾ। ਇਹ ਬਲ ਪੈਦਾ ਕਰੇ ਕਿ ਜੋ ਆਪਣਾ ਹੈ, ਉਹ ਸਮਾਂ ਆਉਣ ਤੇ ਦੇ ਸਕੇ। ਇਹ ਵੀ ਸੂਝ ਹੋਵੇ ਕਿ ਕਿਸ ਨੂੰ ਦੇਣਾ ਹੈ ਅਤੇ ਕਿਸ ਵੇਲੇ ਦੇਣਾ ਹੈ। ਇਕੱਠਾ ਕੇਵਲ ਨਾਮ ਧਨ ਹੀ ਰਖੇ। ਸਰੀਰ ਸਦਾ ਨਰੋਆ ਤੇ ਚੁੱਸਤ ਰਖੇ। ਆਪੇ ਦੀ ਕੈਦ ਵਿਚੋਂ ਨਿਕਲਣਾ ਹੀ ਵੱਡਾ ਕਰਮ ਹੈ। ਮਾਇਆਧਾਰੀ ਨਾਲੋਂ ਆਪੁਧਾਰੀ ਜ਼ਿਆਦਾ ਮਾੜਾ ਹੈ। ਪ੍ਰੇਮ ਉਸ ਹਿਰਦੇ ਵਿਚ ਉਪਜਦਾ ਹੈ ਜਿਥੇ ਹੋਰ ਕੁਝ ਨਹੀਂ। ਪ੍ਰੇਮ ਭੱਠ ਵਿਚ ਪੈ ਹੀ ਆਪਾ ਮੁੱਕਦਾ ਹੈ।" ☐☐☐

---

# ਸੱਚੇ ਸਿੱਖ ਸਤਿਗੁਰ ਦੇ

*— ਸ੍ਰ: ਮਲਕੀਤ ਸਿੰਘ, ਭੱਠਲਾਂ ਵਾਲਾ*

ਨਾਮ ਜਪਣ, ਵੰਡ ਛੱਕਦੇਂ, ਸੱਚੇ ਸਿੱਖ ਸਤਿਗੁਰ ਦੇ।
ਖੰਡੇ ਦੀ ਧਾਰ ਤੇ ਨੱਚਦੇ, ਸੱਚੇ ਸਿੱਖ ਸਤਿਗੁਰ ਦੇ।

ਅੰਮ੍ਰਿਤ ਵੇਲੇ ਉੱਠ ਨਹਾਉਂਦੇ, ਵਾਹਿਗੁਰੂ ਵਾਹਿਗੁਰੂ ਗਾਉਂਦੇ।
ਪੜ੍ਹ ਬਾਣੀ ਸਤਿਗੁਰ ਦੀ, ਗੁਰਦੁਆਰੇ ਸੀਸ ਨਿਵਾਉਂਦੇ।
ਓਟ ਪ੍ਰਭੂ ਦੀ ਤੱਕਦੇ ਸਦਾ, ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ..............................।

ਪੱਖਾ ਫੇਰਨ, ਪਾਣੀ ਢੋਂਹਦੇਂ, ਸੱਚੀ ਸੇਵ ਕਮਾਉਂਦੇ।
ਮਿਲਦੇ ਜਦੋਂ ਭਾਈ ਭਾਈ, ਵਾਹਿਗੁਰੂ ਕੀ ਫਤਹਿ ਗਜਾਉਂਦੇ।
ਵਹਿਮਾਂ ਭਰਮਾ ਤੋਂ ਦੂਰ ਰਹਿੰਦੇ, ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ.................................।

ਹੱਸ ਹੱਸ ਸੂਲੀ ਚੜ੍ਹਦੇਂ, ਤੋਪਾਂ ਮੂਹਰੇ ਖੜ੍ਹ ਜਾਂਦੇ।
ਧਰਮ ਤੇ ਕੌਮ ਖ਼ਾਤਰ, ਸੱਚੀ ਕੁਰਬਾਨੀ ਕਰ ਜਾਂਦੇ।
ਪੈਰ ਪਿੱਛੇ ਨਾ ਧਰਦੇ ਕਦੇ, ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ..........................।

ਜਬਰ ਜ਼ੁਲਮ ਵਿਰੁਧ ਡੱਟ ਜਾਂਦੇ, ਨਾ ਇਹ ਜ਼ੁਲਮ ਕਰਦੇ।
ਪੰਥ ਦੀ ਆਨ ਤੇ ਸ਼ਾਨ ਲਈ, ਸੀਸ ਤਲੀ ਤੇ ਧਰਦੇ।
ਵਿਆਹ ਲੈਂਦੇ ਮੌਤ ਲਾੜੀ ਨੂੰ ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ..............................।

ਸੱਚੇ ਬੋਲ, ਸੁੱਚਾ ਆਚਰਣ, ਬਾਣੀ ਹੈ ਓਟ ਇਨ੍ਹਾਂ ਦੀ।
ਕੀਤੇ ਪ੍ਰਣ ਨਿਭਾ ਜਾਂਦੇ, ਗੁਰੂ ਹੈ ਜੋਤ ਇਨ੍ਹਾਂ ਦੀ॥
ਜਮ ਭੱਜ ਜਾਂਦੇ ਨੇ, ਵੇਖ ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ........................।

ਖਾਲਸਾ ਹੈ ਖਾਸ ਗੁਰੂ ਦਾ, ਵਿੱਚ ਨਿਵਾਸ ਗੁਰੂ ਦਾ।
ਚੜ੍ਹਦੀ ਕਲਾ ਵਿੱਚ ਰਹਿੰਦੇ ਸਦਾ, ਵਿੱਚ ਵਿਸ਼ਵਾਸ ਗੁਰੂ ਦਾ।
ਜਬਰ ਵਿਰੁਧ ਭੰਬੂਕਾਂ (ਅਗਨੀ) ਬਣਦੇ, ਸੱਚੇ ਸਿੱਖ ਸਤਿਗੁਰ ਦੇ।
ਨਾਮ ਜਪਣ, ਵੰਡ ਛੱਕਦੇ ਸੱਚੇ ਸਿੱਖ ਸਤਿਗੁਰ ਦੇ।....।☐☐

# ਕਿਉਂ ਜਾਂਦੀਆਂ ਨੇ ਔਰਤਾਂ ਪਖੰਡੀ ਸਾਧੂਆਂ ਦੇ ਡੇਰਿਆਂ ’ਤੇ

*– ਬੀਬੀ ਗੁਰਚਰਨ ਕੌਰ*

‘ਡੇਰੇ ਦਾ ਮਹੰਤ ਕਾਲਜ ਦੀ ਕੁੜੀ ਨਾਲ ਫਰਾਰ’, ‘ਮਹੰਤ ਵਲੋਂ ਡੇਰੇ ਵਿਚ ਜੁਆਨ ਕੁੜੀ ਨਾਲ ਛੇੜਛਾੜ’, ‘ਡੇਰੇ ਵਿਚ ਨਾਬਾਲਗ ਕੁੜੀ ਨਾਲ ਸਮੂਹਿਕ ਬਲਾਤਕਾਰ’, ‘ਡੇਰੇ ਦਾ ਮਹੰਤ ਚਾਰ ਬੱਚਿਆਂ ਦੀ ਮਾਂ ਨਾਲ ਉਡੰਤਰ’ ਆਦਿ ਅਨੇਕਾਂ ਸੁਰਖੀਆਂ ਅਖਬਾਰਾਂ ਦੀ ਹਿੱਕ ਉਤੇ ਉੱਕਰੀਆਂ ਪੜ੍ਹਨ ਨੂੰ ਮਿਲਦੀਆਂ ਹਨ। ਅਖਬਾਰਾਂ ਤੋਂ ਜ਼ਰਾ ਹਟ ਕੇ ਸਾਹਿਤ ਦਾ ਕੋਈ ਹੋਰ ਪੰਨਾ ਪਰਤੋ। ਨਾਵਲ, ਨਾਟਕ, ਕਹਾਣੀ ਦੇ ਕਿਸੇ ਨਾ ਕਿਸੇ ਹਿਸੇ ਵਿਚ ਪਾਖੰਡੀ ਸਾਧੂਆਂ ਵਲੋਂ ਕੀਤੀਆਂ ਵਧੀਕੀਆਂ ਦਾ ਜ਼ਿਕਰ ਜ਼ਰੂਰ ਹੋਵੇਗਾ। ਇਹ ਗੱਲਾਂ ਝੂਠੀਆਂ ਨਹੀਂ, ਸੱਚੀਆਂ ਹੁੰਦੀਆਂ ਹਨ।

ਅਸੀਂ ਬੜੀ ਉਤਸੁਕਤਾ ਨਾਲ ਅਜਿਹੀਆਂ ਘਟਨਾਵਾਂ ਨੂੰ ਪੜਦੇ ਹਾਂ। ਛੇੜ-ਛੇੜ ਤੇ ਬਲਾਤਕਾਰੀ ਦੀਆਂ ਘਟਨਾਵਾਂ ਸਾਡੀ ਆਤਮਾ ਨੂੰ ਵਲੂੰਧਰਦੀਆਂ ਹਨ ਤੇ ਦੁਖੀ ਕਰਦੀਆਂ ਹਨ। ਅੱਛੀਆਂ ਖੁਰਾਕਾਂ ਨਾਲ ਰੱਜੇ-ਪੁੱਜੇ ਇਹ ਵਿਹਲੜ ਤੇ ਪਖੰਡੀ ਬਾਬੇ, ਔਰਤਾਂ ਦਾ, ਕੁੜੀਆਂ ਦਾ, ਨੂੰਹਾਂ-ਧੀਆਂ ਦਾ, ਕੀ ਹਸ਼ਰ ਕਰਦੇ ਹਨ, ਕਿਸੇ ਤੋਂ ਗੁੱਝਾ ਨਹੀਂ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਡੇਰੇ ਚਲ ਰਹੇ ਹਨ। ਔਰਤਾਂ ਵਹੀਰਾਂ ਘੱਤ ਕੇ ਡੇਰਿਆਂ ’ਤੇ ਪਹੁੰਚ ਰਹੀਆਂ ਹਨ। ਆਦਮੀ, ਬੱਚੇ, ਬੁੱਢੇ ਤੇ ਜੁਆਨ ਸਭ ਮੂਰਖ ਬਣ ਰਹੇ ਹਨ। ਕਾਰਨ ਸਪਸ਼ਟ ਹੈ ਲੋਕ ਅਨਪੜ੍ਹਤਾ ਤੇ ਅਗਿਆਨਤਾ ਦੇ ਹਨੇਰੇ ਵਿਚ ਫਸੇ ਹੋਏ ਹਨ। ਵਹਿਮਾਂ ਭਰਮਾਂ ਨੇ ਅਜੇ ਉਹਨਾਂ ਦਾ ਖਹਿੜਾ ਨਹੀਂ ਛਡਿਆ। ਸਿਰਫ ਅਨਪੜ੍ਹ ਹੀ ਨਹੀਂ ਸਗੋਂ ਪੜ੍ਹੇ-ਲਿਖੇ ਲੋਕ ਵੀ ਅਜਿਹੇ ਪਖੰਡੀਆਂ ਤੋਂ ਮੁਕਤ ਨਹੀਂ ਹੋਏ।

ਔਰਤਾਂ ਡੇਰਿਆਂ ਪ੍ਰਤੀ ਵਧੇਰੇ ਸ਼ਰਧਾਵਾਨ ਹਨ। ਇਹ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਇਹਨਾਂ ਰਾਹਾਂ ’ਤੇ ਚਲਣ ਲਈ ਪ੍ਰੇਰਿਤ ਕਰਦੀਆਂ ਹਨ। ਡੇਰਿਆਂ ਵਿਚ ਜਾ ਕੇ ਸੇਵਾ ਕਰਦੀਆਂ ਹਨ। ਬਰਤਨ ਸਾਫ ਕਰਕੇ, ਲੰਗਰ ਤਿਆਰ ਕਰਨਾ, ਸਫਾਈ ਕਰਨੀ ਤਾਂ ਕੁਝ ਆਮ ਜਿਹੇ ਕੰਮ ਹਨ। ਕੁਝ ਖਾਸ ਕੰਮ ਵੀ ਕਰਦੀਆਂ ਹਨ, ਜਿਵੇਂ ਸਾਧੂਆਂ ਸੰਤਾਂ ਦੀਆਂ ਲੱਤਾਂ ਘੁੱਟਣੀਆਂ, ਮਾਲਸ਼ ਕਰਨੀ, ਇਸ਼ਨਾਨ ਕਰਾਉਣਾ, ਕੇਸ ਦਾਹੜੀ ਵਾਹੁਣੀ ਤੇ ਹੋਰ ਪਤਾ ਨਹੀਂ ਕਈ ਕੁਝ। ਇਥੇ ਹੀ ਬਸ ਨਹੀਂ, ਆਪਣੇ ਮਾਸੂਮ ਬੱਚਿਆਂ ਤੇ ਟੱਬਰ ਦੇ ਹਿਸੇ ਦੀ ਵਧੀਆ ਖੁਰਾਕ ਦੁੱਧ, ਦਹੀਂ, ਮੱਖਣ, ਘਿਉ ਆਦਿ ਸਾਧਾਂ ਦੇ ਢਿੱਡੀ ਪਾਉਂਦੀਆਂ ਹਨ। ਏਸੇ ਕਰਕੇ ਤਾਂ ਕਿਹਾ ਜਾਂਦਾ ਹੈ ਕਿ ਸਾਧੂਆਂ ਦੇ ਡੇਰੇ ਤਾਂ ਚਲਦੇ ਹੀ ਬੀਬੀਆਂ ਦੇ ਸਿਰ ’ਤੇ ਹਨ।

ਸੋਚਣ ਵਾਲੀ ਗੱਲ ਹੈ ਕਿ ਅਜਿਹਾ ਸਭ ਕੁਝ ਕਰਨ ਪਿਛੇ ਕਾਰਨ ਕੀ ਹਨ ? ਔਰਤਾਂ ਚਾਹੁੰਦੀਆਂ ਕੀ ਹਨ ? ਇਹ ਬਾਬੇ ਕਿਹੜੇ ਕੌਤਕ ਕਰਦੇ ਹਨ ਜਿਨ੍ਹਾਂ ਕਰਕੇ ਇਹ ਮਗਰ ਲੱਗ ਤੁਰਦੀਆਂ ਹਨ। ਧਾਗੇ, ਟੂਣੇ ਤੇ ਤਵੀਤਾਂ ਦੀ ਸਹਾਇਤਾ ਨਾਲ ਆਪਣੇ ਪਤੀ ਤੇ ਪਰਿਵਾਰ ਨਾਲ ਅਣਸੁਖਾਵੇਂ ਸੰਬੰਧਾਂ ਨੂੰ ਸੁਖਾਵੇਂ ਬਣਾਉਣਾ ਚਾਹੁੰਦੀਆਂ ਹਨ। ਕਈ ਤਰ੍ਹਾਂ ਦੇ ਖੇਹ-ਸੁਆਹ ਘੋਲ-ਘੋਲ ਕੇ ਪਤੀਆਂ ਨੂੰ ਪਿਆਉਂਦੀਆਂ ਹਨ, ਤਾਂ ਜੋ ਉਹ ਵੱਸ ਵਿਚ ਹੋ ਸਕਣ। ਸਾਧੂਆਂ ਕੋਲੋਂ ਔਲਾਦ ਦਾ ਸੁਖ ਮੰਗਦੀਆਂ ਹਨ। ਬੁਢੇਪੇ ਵਿਚ ਸੇਵਾ ਤੇ ਜਾਇਦਾਦ ਦੀ ਪ੍ਰਾਪਤੀ ਚਾਹੁੰਦੀਆਂ ਹਨ। ਇਹਨਾਂ ਦੀ ਸਭ ਤੋਂ ਵੱਡੀ ਲੋੜ ਹੈ ਔਲਾਦ ਦੀ ਪ੍ਰਾਪਤੀ ਤੇ ਕੁੜੀ ਨਾਲੋਂ ਮੁੰਡੇ ਦੀ ਪ੍ਰਾਪਤੀ ਹੋਰ ਵੀ ਵੱਡੀ ਰੀਝ ਹੈ ਵਧੇਰੇ ਸਾਧੂ ਤਾਂ ਇਨਸਾਨ ਵੀ ਨਹੀਂ ਹੁੰਦੇ। ਅੱਧੇ ਇਨਸਾਨ ਤੇ ਅੱਧੇ ਹੈਵਾਨ ਤੇ ਕੁਝ ਸਿਰਫ ਹੈਵਾਨ ਹੀ। ਨੰਗੇ ਪਿੰਡੇ ਰਹਿਣ ਨਾਲ, ਗੰਦੇ ਕਪੜੇ ਜਾਂ ਗੇਰੂਏ ਕਪੜੇ ਪਾਉਣ ਨਾਲ ਭੇਖੀ ਸਾਧੂ ਤਾਂ ਬਣਿਆ ਜਾ ਸਕਦਾ ਹੈ। ਇਹ ਭੇਖੀ ਤਾਂ ਸਿਰਫ ਗੁੰਮਰਾਹ ਕਰ ਸਕਦੇ ਹਨ। ਆਪਣੀਆਂ ਕਥਿਤ ਕਰਾਮਾਤਾਂ ਨਾਲ ਔਰਤਾਂ ਨੂੰ ਡੂੰਘੇ ਖੂਹਾਂ ਦੇ ਹਨੇਰਿਆਂ ਵਿਚ ਸੁੱਟ ਸਕਦੇ ਹਨ। ਜਬਰੀ ਬਲਾਤਕਾਰ ਕਰਕੇ ਔਰਤ ਦੀ ਜ਼ਿੰਦਗੀ ਨਰਕ ਬਣਾ ਸਕਦੇ ਹਨ। ਜੇ ਮਹੰਤ ਆਪ ਇਹਨਾਂ ਕੰਮਾਂ ਤੋਂ ਦੂਰ ਹੋਣ ਤਾਂ ਉਹਨਾਂ ਦੇ ਸੇਵਕ ਬਥੇਰੇ ਸਮਰੱਥ ਹੁੰਦੇ ਹਨ। ਜੇ ਮਾੜੇ ਕੰਮਾਂ ਦਾ ਰੌਲਾ ਪੈ ਜਾਵੇ ਤਾਂ ਡੇਰੇ ਕਲੰਕਤ, ਜੇ ਨਾ ਪਵੇ ਤਾਂ ਬਾਬਿਆਂ ਦੀ ਮਿਹਰ ਨਾਲ ਪੈਦਾ ਹੋਈ ਔਲਾਦ ਨਾਲ ਡੇਰਿਆਂ ਦੀ ਪ੍ਰਸੰਸਾ ਵਧਦੀ ਹੈ, ਪਰ ਅਜਿਹੀ ਪ੍ਰਸੰਸਾ ਬਹੁਤਾ ਚਿਰ ਨਹੀਂ ਚਲਦੀ। ਸੱਚ ਕਦੇ ਨਾ ਕਦੇ ਸਾਹਮਣੇ ਆ ਜਾਂਦਾ ਹੈ। ਪੂਜਣ ਵਾਲੇ ਤੇ ਪੂਜਵਾਉਣ ਵਾਲੇ ਦੋਵੇਂ ਬਦਨਾਮ ਹੁੰਦੇ ਹਨ। ਅਜਿਹੇ ਸਾਧੂਆਂ ਨੂੰ ਸਾਧੂ ਨਹੀ ਸ਼ੈਤਾਨ ਕਹਿਣਾ ਵਧੇਰੇ ਉਚਿਤ ਲਗਦਾ ਹੈ।

ਅੱਜ ਦੀ ਦੁਨੀਆਂ ਜ਼ਿੰਦਗੀ ਦੇ ਚਾਨਣੇ ਪੱਖ ਵੱਲ ਤੇਜ਼ੀ ਨਾਲ ਦੌੜ ਰਹੀ ਹੈ। ਉੱਨਤੀ ਦੀਆਂ ਵੱਡੀਆਂ ਮੰਜ਼ਲਾਂ ਤਹਿ ਹੋ ਰਹੀਆਂ ਹਨ। ਸਾਰਾ ਕੁਝ ਆਸਾਨੀ ਨਾਲ ਨਹੀਂ ਹੋ ਰਿਹਾ। ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੁਸ਼ਕਿਲਾਂ ਨਾਲ ਮੁਕਾਬਲਾ ਜਾਰੀ ਹੈ। ਔਰਤ ਵੀ ਯਤਨਸ਼ੀਲ ਹੈ। ਆਪਾ ਪਛਾਣ ਰਹੀ ਹੈ। ਅੱਗੇ ਵਧ ਰਹੀ ਹੈ। ਪੜ੍ਹ-ਲਿਖ ਕੇ ਆਪਣੇ ਮਨ ਦੀਆਂ ਹਨੇਰੀਆਂ ਨੁੱਕਰਾਂ ਰੁਸ਼ਨਾ ਰਹੀ ਹੈ, ਪਰ ਕਿਤੇ-ਕਿਤੇ ਇਸ ਦੇ ਪੈਰ ਡੋਲ ਜਾਂਦੇ ਹਨ। ਘਾਟ ਵਿਦਿਆ ਦੀ ਹੈ, ਘਾਟ ਪੱਕੇ ਇਰਾਦੇ ਦੀ ਹੈ, ਘਾਟ ਚੇਤਨਤਾ ਦੀ ਹੈ, ਘਾਟ ਸਮਾਜ ਵਲੋਂ ਯੋਗ ਸਥਾਨ ਮਿਲਣ ਦੀ ਹੈ। ਜੇ ਸਮਾਜ ਔਰਤ ਦੀ ਪਛਾਣ ਕਰੇ, ਔਲਾਦ ਨਾ ਹੋਣ ਦੀ ਸੂਰਤ ਵਿਚ ਔਰਤ ਨੂੰ ਜ਼ਿੰਮੇਵਾਰ ਨਾ ਠਹਿਰਾਵੇ, ਵਿਦਿਆ ਪ੍ਰਾਪਤੀ ਦੇ ਮੌਕੇ ਦੇਵੇ, ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਦਾ ਯਤਨ ਹੋਵੇ ਤਾਂ ਔਰਤਾਂ ਕੁਰਾਹੇ ਪੈਣੋਂ ਬਚ ਸਕਦੀਆਂ ਹਨ। ਸਭ ਤੋਂ ਵੱਡੀ ਲੋੜ ਹੈ ਔਰਤ ਖੁਦ ਸੁਚੇਤ ਹੋਵੇ। ਜੇ ਘਰ ਦਾ ਮਾਹੌਲ ਸੁਖਾਵਾਂ ਹੋਵੇ ਤਾਂ ਘਰ ਸੰਤਾਂ ਦੇ ਡੇਰਿਆਂ ਤੋਂ ਵੀ ਵਧੀਆ ਸਾਬਤ ਹੋ ਸਕਦੇ ਹਨ।

ਵਿਹਲੜ, ਝੂਠੇ ਤੇ ਪਖੰਡੀ ਸਾਧੂਆਂ ਤੋਂ ਬਚਣ ਲਈ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੇ ਚਲਣਾ ਜ਼ਰੂਰੀ ਹੈ :

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ *(ਪੰਨਾ ੧੨੪੫)*

ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ, ਧੀਆਂ-ਭੈਣਾਂ ਉਧਾਲਣ ਵਾਲੇ, ਜਾਇਦਾਦ ਬਣਾਉਣ ਵਾਲੇ, ਬੈਂਕਾਂ ਭਰਨ ਵਾਲੇ, ਆਪਣੇ ਭਾਈ ਭਤੀਜਿਆਂ ਦੇ ਮਹੱਲ ਉਸਾਰਨ ਵਾਲੇ ਪਖੰਡੀ ਸਾਧੂਆਂ ਤੇ ਕੌਤਕੀ ਬਾਬਿਆਂ ਤੋਂ ਬਚਣਾ ਸਮੇਂ ਦੀ ਵੱਡੀ ਲੋੜ ਹੈ। ਲੋੜਵੰਦ ਦੀ ਸੇਵਾ ਉੱਤਮ ਸੇਵਾ ਹੈ। □□□

# ਮੋਹ

ਮੋਹ ਕੀ ਹੈ ? ਕਿਸੇ ਵਸਤੂ ਨਾਲ ਹੱਦੋਂ ਵੱਧ ਮਨ ਦੀ ਪਕੜ ਜਾ ਲਗਾਉ ਹੋਣਾ। ਆਪਣੇ ਫਰਜ਼ ਦੇ ਪਾਲਣ ਲਈ ਕਿਸੇ ਨਾਲ ਸਨੇਹ ਜਾਂ ਪਰੇਮ ਕਰਨਾ ਮੋਹ ਨਹੀਂ। ਅਗਿਆਨ ਕਰਕੇ ਜਗਤ ਦੇ ਪਦਾਰਥਾਂ ਵਿਚ ਮਨ ਨੂੰ ਖਚਿਤ ਕਰਨਾ, ਉਹਨਾਂ ਵਿਚ ਮਗਨ ਹੋ ਜਾਣ ਦਾ ਨਾਂ ਮੋਹ ਹੈ।

ਏਹ ਮਾਇਆ, ਜਿਤੁ ਹਰਿ ਵਿਸਰੈ,

ਮੋਹੁ ਉਪਜੈ, ਭਾਉ, ਦੂਜਾ ਲਾਇਆ॥

(ਰਾਮਕਲੀ,ਮ: ੩, ਪੰਨਾ ੯੨੧)

ਇਸ ਨਾਲ ਮਨੁੱਖ ਕਈਆਂ ਨਾਲ ਅਪਣੱਤ ਪੈਦਾ ਕਰਕੇ ਆਪਣੇ ਬਿਗਾਨੇ, ਦੋਸਤ ਦੁਸ਼ਮਨ ਤੇ ਚੰਗੇ ਮਾੜੇ ਦਾ ਵਿਤਕਰਾ ਕਰਦਾ ਹੈ। ਜਿਸ ਨਾਲ ਮੋਹ ਹੁੰਦਾ ਹੈ, ਉਸ ਦੇ ਦੁੱਖ ਸੁੱਖ ਦੀ ਹਾਲਤ ਆਪਣੇ ਸਰੀਰ ਤੇ ਮਨ ਵਿਚ ਪੈਦਾ ਕਰ ਲੈਂਦਾ ਹੈ। ਭਰਾ ਦੇ ਦੁੱਖ ਨਾਲ ਦੁਖੀ, ਤੇ ਸੁੱਖ ਨਾਲ ਸੁੱਖੀ ਹੁੰਦਾ ਹੈ। ਮਿੱਤਰ ਦੇ ਲਾਭ ਨਾਲ ਸੁਖੀ ਵੈਰੀ ਦੇ ਲਾਭ ਨਾਲ ਦੁਖੀ ਤੇ ਨੁਕਸਾਨ ਨਾਲ ਸੁਖੀ ਹੁੰਦਾ ਹੈ। ਸੰਸਾਰ ਵਿੱਚ ਰਹਿੰਦਿਆਂ ਜੇ ਵਾਹਿਗੁਰੂ ਦੀ ਯਾਦ ਹੈ ਤਾਂ ਉਹ ਪਰੇਮ ਹੈ। ਯਾਦ ਅਤੇ ਸਿਮਰਨ ਤੋਂ ਬਿਨਾਂ ਜੋ ਲਗਾਉ ਹੈ, ਉਹ ਮੋਹ ਹੈ।

ਮੋਹ ਦਾ ਜਜ਼ਬਾ ਇਤਨਾ ਸੂਖਮ, ਸਰਬ ਵਿਆਪਕ ਤੇ ਤੇਜ਼ ਹੈ ਕਿ ਮਨੁੱਖ ਭਾਵੇਂ ਕਿਤਨਾ ਖ਼ੁਸ਼ਕੀ ਹੋਵੇ, ਉਹ ਕਿਸੇ ਨਾ ਕਿਸੇ ਚੀਜ਼ ਨਾਲ ਪਿਆਰ ਜ਼ਰੂਰ ਕਰੇਗਾ। ਘਰ ਬਾਰ ਤਿਆਗ ਕੇ, ਜਾਨਵਰ ਪਾਲ ਕੇ, ਬਗੀਚੀ ਲਾ ਕੇ, ਕੱਖਾਂ ਦੀ ਝੁੱਗੀ ਪਾ ਕੇ ਅਪਣੱਤ ਕਾਇਮ ਕਰ ਲਵੇਗਾ। ਮਨੁੱਖ ਵਿਚ ਹਮਦਰਦੀ ਦਾ ਜਜ਼ਬਾ ਵੀ ਇਸੇ ਕਰਕੇ ਹੈ। ਮੋਹ ਨੂੰ ਕਾਇਮ ਰੱਖਣ ਲਈ ਚੇਤਾ-ਸ਼ਕਤੀ ਬੜਾ ਕੰਮ ਕਰਦੀ ਹੈ। ਮਨੁੱਖ ਮੋਹ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਪ੍ਰਗਟ ਕਰਦਾ ਹੈ। ਹਿੰਦੁਸਤਾਨ ਦੇ ਤੱਤਵੇਤਾ ਪੁਰਸ਼ਾਂ ਨੇ ਦੂਸਰੇ ਸਾਰੇ ਵਿਕਾਰਾਂ ਵਿਚੋਂ ਮੋਹ ਨੂੰ ਪ੍ਰਧਾਨ ਮੰਨਿਆ ਹੈ। ਗੁਰਬਾਣੀ ਵਿਚ ਵੀ ਇਸ ਨੂੰ 'ਮਹਾ ਮੋਹ' ਕਿਹਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਵਿਚ ਮੋਹ ਨੂੰ ਖੂਹ, ਚਿਕੜ ਜਾਲ, ਫਾਹੀ ਦੀ ਰੱਸੀ, ਮਹਾਨ ਸਾਗਰ ਅਤੇ ਨੀਂਦਰ ਨਾਲ ਤਸ਼ਬੀਹ ਦਿਤੀ ਹੈ।

ਪੰਚਮ ਪਾਤਸ਼ਾਹ ਨੇ ਵਿਕਾਰਾਂ ਦਾ ਜ਼ਿਕਰ ਕਰਦਿਆਂ ਪਹਿਲੇ ਮੋਹ ਦਾ ਇਉਂ ਵਰਨਣ ਕੀਤਾ ਹੈ :

ਹੇ ਅਜਿਤ ਸੂਰ ਸੰਗ੍ਰਾਮੰ,

ਅਤਿ ਬਲਨਾ ਬਹੁ ਮਰਦਨਹ॥

ਗਣ ਗੰਧਰਬ ਦੇਵ ਮਾਨੁਖ੍ਯੰ ਪਸੁ ਪੰਖੀ ਬਿਮੋਹਨਹ॥

(ਸਲੋਕ, ਸਹਸਕ੍ਰਿਤੀ, ਮ: ੫, ਪੰਨਾ ੧੩੫੮)

ਭਾਵ ਹੇ ਨਾ ਜਿੱਤੇ ਜਾਣ ਵਾਲੇ! ਅਤਿ ਬਲਵਾਨ ਅਤੇ ਬਲ ਦੇਣ ਵਾਲੇ! ਦੇਵਤਿਆਂ ਦੇ ਸੇਵਕ, ਉਹਨਾਂ ਦੇ ਰਾਗੀ, ਮਨੁੱਖ ਪਸ਼ੂ ਤੇ ਪੰਛੀ, ਤੂੰ ਇਹਨਾ ਸਾਰਿਆਂ ਨੂੰ ਮੋਹ ਲੈਣ ਵਾਲਾ ਹੈਂ।

ਮੋਹ ਮਗਨ ਕੂਪ ਅੰਧ ਤੇ

ਨਾਨਕ ਗੁਰ ਕਾਢ॥੪॥੩੦॥੬੦॥

(ਬਿਲਾਵਲੁ, ਮ: ੫, ਪੰਨਾ ੮੧੬)

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ,

ਹਰਿ ਬਾਂਹ ਪ੍ਰਭੂ ਪਕਰਾਇ ਜੀਉ॥

(ਆਸਾ, ਮ: ੪, ਪੰਨਾ ੪੪੬)

ਮੋਹ ਕੀ ਜੇਵਰੀ ਬਾਧਿਓ ਚੋਰ॥੧॥

(ਗਉੜੀ, ਮ: ੫, ਪੰਨਾ ੧੯੦)

ਏਤੁ ਮੋਹਿ ਡੂਬਾ ਸੰਸਾਰੁ॥

ਗੁਰਮੁਖਿ ਕੋਈ ਉਤਰੈ ਪਾਰਿ॥੩॥

(ਆਸਾ, ਮ: ੧, ਪੰਨਾ ੩੫੬)

ਸੋਵਤ ਕਹਾ ਮੋਹ ਨਿੰਦ੍ਰਾ ਮੈ

ਕਬਹੂੰ ਸੁਚਿਤ ਹ੍ਵੈ ਜਾਗੋ॥੧॥ਰਹਾਉ॥

(ਰਾਮਕਲੀ, ਪਾਤਸ਼ਾਹੀ ੧੦)

ਪੁਰਾਣੇ ਮਜ਼੍ਹਬ ਵਿਚ ਮੋਹ ਦੇ ਬੰਧਨ ਤੋੜਨ ਲਈ ਇਸਤ੍ਰੀ, ਪੁੱਤਰ, ਸਾਕ ਸਬੰਧੀਆਂ ਅਤੇ ਸੰਸਾਰਕ ਪਦਾਰਥਾਂ ਨੂੰ ਦੁਖਦਾਇਕ ਦੱਸ ਕੇ ਨਫਰਤ ਪੈਦਾ ਕੀਤੀ ਗਈ ਸੀ। ਗੁਰਮਤਿ ਨੇ ਇਹਨਾਂ ਸਾਰੀਆਂ ਚੀਜ਼ਾਂ ਨੂੰ ਵਾਹਿਗੁਰੂ ਦੀ ਬਖਸ਼ਸ਼ ਮੰਨਿਆ ਹੈ। ਇਹਨਾਂ ਵਿਰੁੱਧ ਘਿਰਣਾ ਨਹੀਂ ਪੈਦਾ ਕੀਤੀ। ਅਜਿਹਾ ਵਿਵੇਕ ਅਤੇ ਵੈਰਾਗ ਨਹੀਂ ਦਿੱਤਾ, ਜਿਸ ਨਾਲ ਜੀਵਨ ਤੇ ਜਗਤ ਤੋਂ ਘਿਰਣਾ ਤੇ ਨਫਰਤ ਹੋ ਜਾਏ। ਜੇ ਸੰਸਾਰ ਦੁਖਦਾਇਕ ਹੈ ਤਾ ਫਿਰ ਇਸ ਵਿਚ ਜੀਵਨ ਦੀ ਕੀ ਲੋੜ ਹੈ ? ਸਿੱਖ ਨੇ ਪਰਿਵਾਰ ਨਾਲ ਪਰੇਮ ਕਰਨਾ ਤੇ ਮਨੁੱਖ ਮਾਤਰ ਦੀ ਸੇਵਾ ਕਰਨੀ ਹੈ। ਧਨ-ਪਦਾਰਥ ਕਮਾਉਣਾ ਹੈ। ਜੀਵਨ ਦਾ ਆਦਰਸ਼ ਗੁੜ ਦੀ ਮੱਖੀ ਵਾਂਗ ਇਹਨਾ ਵਿਚ ਫਸ ਜਾਣਾ ਨਹੀ। ਧਨ-ਪਦਾਰਥ ਨਿਰਬਾਹ ਲਈ ਹਨ, ਨਾ ਕਿ ਜੀਵਨ ਕੇਵਲ ਪਦਾਰਥਾ ਲਈ ਹੈ। ਇਹਨਾਂ ਵਸਤਾਂ ਨਾਲ ਪਿਆਰ ਕਰਦਿਆਂ ਜਦ ਧਰਮ, ਸੇਵਾ, ਉਪਕਾਰ ਤੇ ਆਜ਼ਾਦੀ ਲਈ ਕੁਰਬਾਨੀ ਦੀ ਲੋੜ ਪਵੇ, ਤਾਂ ਇਨ੍ਹਾਂ ਨੂੰ ਵਾਰ ਦੇਣਾ ਇਹ ਨਿਰਮੋਹ ਹੋਣਾ ਹੈ ਅਤੇ ਸੱਚਾ ਤਿਆਗੀ ਹੋਣਾ ਹੈ। ❑❑❑

# ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਿਤਾ ਨਵੰਬਰ 1998

1. ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਰਹਿੰਦੇ ਸਮੇਂ ਉਨ੍ਹਾਂ ਦੇ ਨਿਕਟਵਰਤੀ ਪੰਜ ਸਿੱਖਾਂ ਦੇ ਨਾਂ ਦੱਸੋ।

2. ਗੁਰੂ ਨਾਨਕ ਦੇਵ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰਣ ਕੀਤੀ ? ਉਨ੍ਹਾਂ ਦੀਆਂ ਉਚਾਰਣ ਕੀਤੀਆਂ ਵਿਸ਼ੇਸ਼ 10 ਬਾਣੀਆਂ ਦੇ ਨਾਂ ਦੱਸੋ।

3. ਬੰਦਈ ਖਾਲਸਾ ਤੇ ਤੱਤ ਖਾਲਸਾ ਤੋਂ ਕੀ ਭਾਵ ਹੈ ?

4. ਫਰਾਂਸ ਤੇ ਅੰਗਰੇਜ਼ ਲਿਖਾਰੀਆਂ ਵਲੋਂ ਸੰਨ 1881 ਵਿਚ ਕਿਸ ਨੂੰ ਸੰਸਾਰ ਦੇ ਸਭ ਤੋਂ ਵੱਡੇ ਜਰਨੈਲ ਦੀ ਉਪਾਧੀ ਦਿੱਤੀ ਗਈ ਸੀ ? ਕਿਹੜੇ ਜਰਨੈਲਾਂ ਨੂੰ ਇਸ ਜਰਨੈਲ ਦੇ ਸਾਹਮਣੇ ਤੁੱਛ ਲਿਖਿਆ ਹੈ ?

5. ਗੁਰਪੁਰਬ ਤੋਂ ਪਹਿਲਾਂ ਕੱਢੀ ਜਾਂਦੀ ਪ੍ਰਭਾਤ ਫੇਰੀ ਦਾ ਕੀ ਉਦੇਸ਼ ਹੁੰਦਾ ਹੈ ?

6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹੇਠ ਲਿਖੇ ਸ਼ਬਦਾਂ ਦਾ ਉਚਾਰਣ ਪਾਠ ਕਰਦੇ ਸਮੇਂ ਹੋਣਾ ਹੈ ਜਾਂ ਨਹੀਂ ? ਕਿਉਂ ?

1. ਸੁਧੁ, ਸੁਧ ਕੀਚੇ (ਕੁਝ ਵਾਰਾਂ ਦੀ ਸਮਾਪਤੀ ਤੇ)
2. ਸਤ ਚਉਪਦੇ ਮਹਲੇ ਚਉਥੇ ਕੇ (ਪੰਨਾ ੯੬)
3. ਏਹੁ ਸਲੋਕੁ ਆਦਿ ਅੰਤਿ ਪੜਨਾ (ਪੰਨਾ ੨੬੨)
4. ਜਮੁਲਾ (ਪੰਨਾ ੨੪੨)
5. ਗਉੜੀ ਗੁਆਰੇਰੀ ਦੇ ਪਦੇ ਪੈਤੀਸ (ਪੰਨਾ ੩੦੦)
6. ਛਕੇ ੨॥, ਛਕੇ ੩॥, ਛਕਾ ੨॥ (ਪੰਨਾ ੫੩੦, ੫੩੧, ੯੮੩)

7. ਹੇਠ ਲਿਖੀਆਂ ਤੁਕਾਂ ਦੇ ਅਰਥ ਲਿਖੋ –

ਜਿਸ ਜਨ, ਅਪਨਾ ਹੁਕਮੁ ਮਨਾਇਆ॥
ਸਰਬ ਥੋਕ, ਨਾਨਕ, ਤਿਨਿ ਪਾਇਆ॥

8. 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ' ਤੁਕ ਕਿਥੋਂ ਲਈ ਗਈ ਹੈ ?

9. ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚੋਂ ਨੌਂ ਧੁਨਾਂ ਕਿਸ ਨੇ ਚੜ੍ਹਾਈਆਂ ਸਨ ?

10. 'ਸਾਬਤ ਸੂਰਤਿ ਦਸਤਾਰ ਸਿਰਾ' ਤੁਕ ਕਿਥੋਂ ਦਰਜ ਹੈ ਤੇ ਇਸ ਦੇ ਕੀ ਭਾਵ ਹਨ ?

11. ਗੁਰਦੁਆਰੇ ਪੁੱਜਣ ਤੇ ਜੇ ਅੱਗੇ ਅਰਦਾਸ ਹੋ ਰਹੀ ਹੋਵੇ ਤਾਂ ਕੀ ਉਸ ਸਮੇਂ ਮੱਥਾ ਟੇਕਣਾ ਯੋਗ ਹੈ ?

12. ਗੁਰਦੁਆਰਿਆਂ ਨੂੰ ਜੀਵਨ-ਜਾਚ ਦੇ ਸਿਖਲਾਈ ਕੇਂਦਰ ਕਿਉਂ ਕਿਹਾ ਜਾਂਦਾ ਹੈ ?

13. ਜੀਵਨ-ਮੁਕਤੀ ਦਾ ਕੀ ਅਰਥ ਹੈ ? ਗੁਰਬਾਣੀ ਪ੍ਰਮਾਣ ਵੀ ਦੱਸੋ।

14. ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤ ਵਿਚ ਕਥਾ ਕਿਹੜੀ ਬਾਣੀ/ਗ੍ਰੰਥ/ਪੋਥੀ/ਇਤਿਹਾਸ ਦੀ ਹੋ ਸਕਦੀ ਹੈ ?

15. ਹੇਠ ਲਿਖੀਆਂ ਖਾਲੀ ਥਾਵਾਂ ਭਰੋ –

(ੳ) ਸਿੱਖ ਧਰਮ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ .............. ਅਤੇ ................. ਹੈ।

(ਅ) ਸੇਵਾ ਤੇ ਸਿਮਰਨ ਸਿੱਖ ਧਰਮ ਦੇ ਮਹਿਲ ਦੀਆਂ ਦੋ ........................ ਹਨ।

(ੲ) ਸਿੱਖ ਧਰਮ ਵਿਚ ਦਾਹੜਾ ਤੇ ਕੇਸ ............... ਵਾਲੇ ਨੂੰ ਤਨਖਾਹੀਆ ਆਖਦੇ ਹਨ।

(ਸ) ਇਕ ਪਹਿਰ ਰਾਤ ਰਹਿੰਦੀ ਨੂੰ .................. ਆਖਦੇ ਹਨ।

*ਨਿਯਮ –*

1. ਇਹ ਪ੍ਰਤੀਯੋਗਤਾ ਸਭ ਪਾਠਕਾਂ ਲਈ ਖੁੱਲ੍ਹੀ ਹੈ।
2. ਸਭ ਤੋਂ ਵੱਧ ਪ੍ਰਸ਼ਨਾਂ ਦੇ ਠੀਕ ਉੱਤਰ ਦੇਣ ਵਾਲੇ ਪਾਠਕਾਂ ਨੂੰ ਦਰਜੇਵਾਰ 100 ਰੁਪਏ, 80 ਰੁਪਏ ਅਤੇ 60 ਰੁਪਏ ਦੀਆਂ ਪੁਸਤਕਾਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ। ਹਰ ਦਰਜੇ ਵਿੱਚ ਬਰਾਬਰ ਅੰਕ ਪ੍ਰਾਪਤ ਕਰਨ ਵਾਲੇ ਜੇਤੂਆਂ ਵਿੱਚ ਇਨਾਮ ਬਰਾਬਰ ਵੰਡ ਦਿੱਤੇ ਜਾਣਗੇ।
3. ਪ੍ਰਤੀਯੋਗਤਾ ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਕੁਲ 15 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਦਾ ਉੱਤਰ ਸਾਫ਼ ਕਾਗਜ਼ ਉੱਤੇ ਸਵਾਲਾਂ ਦੀ ਤਰਤੀਬ ਅਨੁਸਾਰ ਲਿਖ ਕੇ ਸ: ਹਰਭਜਨ ਸਿੰਘ, ਸੰਤ ਨਗਰ, ਦੇਵੀ ਤਲਾਬ, ਕਪੂਰਥਲਾ-144 601, ਨੂੰ ਭੇਜਣਾ ਹੋਵੇਗਾ।
4. ਜਵਾਬ ਪੁੱਜਣ ਦੀ ਅੰਤਮ ਮਿਤੀ ਪ੍ਰਤੀਯੋਗਤਾ ਵਾਲੇ ਮਹੀਨੇ ਦੀ 25 ਤਰੀਕ ਹੋਵੇਗੀ। ਲੇਟ ਉੱਤਰ ਪ੍ਰਵਾਨ ਨਹੀਂ ਕੀਤੇ ਜਾਣਗੇ। ਲਿਫ਼ਾਫ਼ੇ ਉੱਤੇ ਡਾਕ ਟਿਕਟਾਂ (2 ਰੁਪਏ ਜਾਂ ਵੱਧ) ਪੂਰੀਆਂ ਹੋਣੀਆਂ ਚਾਹੀਦੀਆਂ ਹਨ।
5. ਇਨਾਮੀ ਪ੍ਰਤੀਯੋਗਤਾ ਦੇ ਪ੍ਰਬੰਧਕਾਂ ਦਾ ਫ਼ੈਸਲਾ ਹਰ ਹਾਲਤ ਵਿੱਚ ਅੰਤਮ ਹੋਵੇਗਾ ਅਤੇ ਫੈਸਲੇ ਦਾ ਐਲਾਨ ਇੱਕ ਅੰਕ ਛੱਡ ਕੇ ਅਗਲੇ ਅੰਕ ਵਿੱਚ ਠੀਕ ਜਵਾਬਾਂ ਸਮੇਤ ਕਰ ਦਿੱਤਾ ਜਾਵੇਗਾ।

ਨੋਟ : 1. ਲਿਫ਼ਾਫ਼ੇ ਦੇ ਬਾਹਰ ਇਨਾਮੀ ਪ੍ਰਤੀਯੋਗਤਾ ਦਾ ਮਹੀਨਾ ਲਿਖਣਾ ਜ਼ਰੂਰੀ ਹੈ।

2. ਪ੍ਰਤੀਯੋਗਤਾ ਵਿਚ ਭਾਗ ਲੈਣ ਵਾਲੇ ਸਾਰੇ ਵੀਰ/ਭੈਣ ਆਪਣਾ ਨਾਂ ਅਤੇ ਪਤਾ ਸਾਫ਼-ਸਾਫ਼ ਅੱਖਰਾਂ ਵਿਚ ਲਿਖਣ। ਬਿਨਾਂ ਨਾਂ ਅਤੇ ਪਤੇ ਵਾਲਾ ਕੋਈ ਵੀ ਹੱਲ ਪ੍ਰਤੀਯੋਗਤਾ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ।

– ਸੰਪਾਦਕ

# ਸਿੱਖ ਮਿਸ਼ਨਰੀ ਕਾਲਜ ਦਾ 1998 ਦਾ ਕੇਂਦਰੀ ਸਮਾਗਮ

ਸਿੱਖ ਮਿਸ਼ਨਰੀ ਕਾਜਲ ਦਾ ਸਾਲ 1998 ਦਾ ਕੇਂਦਰੀ ਸਮਾਗਮ 1 ਅਕਤੂਬਰ ਤੋਂ 4 ਅਕਤੂਬਰ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਜਲੰਧਰ ਵਿਖੇ ਹੋਇਆ। ਇਸ ਵਿਚ ਕਾਲਜ ਦੇ ਵੱਖ ਵੱਖ ਸਰਕਲਾਂ ਦੇ ਮਿਸ਼ਨਰੀ ਵੀਰਾਂ/ਭੈਣਾਂ ਨੇ ਕੀਰਤਨ, ਸ਼ਬਦ ਵੀਚਾਰ ਅਤੇ ਗੁਰਮਤਿ ਵਖਿਆਨਾਂ ਦੀ ਸੇਵਾ ਨਿਭਾਈ ਅਤੇ 1000 ਤੋਂ ਵੱਧ ਮਿਸ਼ਨਰੀ ਵੀਰ/ਭੈਣਾਂ ਦੇਸ਼ ਦੇ ਹਰ ਕੋਨੇ ਤੋਂ ਇਸ ਸਮਾਗਮ ਵਿਚ ਭਾਗ ਲੈਣ ਲਈ ਪੁੱਜੇ।

ਪਹਿਲੇ ਦਿਨ ਦੁਪਹਿਰ ਤੋਂ ਹੀ ਮਿਸ਼ਨਰੀ ਵੀਰ/ਭੈਣਾਂ ਭਾਰੀ ਗਿਣਤੀ ਵਿਚ ਪੁੱਜਣੇ ਸ਼ੁਰੂ ਹੋ ਗਏ ਸਨ, ਦੂਜੇ ਦਿਨ ਸਵੇਰ ਤੋਂ ਤਾਂ ਮਿਸ਼ਨਰੀ ਵੀਰਾਂ ਦਾ ਹੜ੍ਹ ਹੀ ਆ ਗਿਆ। ਮਿਸ਼ਨਰੀ ਵੀਰਾਂ ਦੀ ਭਾਰੀ ਗਿਣਤੀ ਜਿਥੇ ਇਕ ਦੂਜੇ ਨੂੰ ਉਤਸ਼ਾਹਿਤ ਕਰਦੀ ਸੀ, ਉੱਥੇ ਆਮ ਸੰਗਤਾਂ ਨੂੰ ਵੀ ਇਹ ਪ੍ਰਭਾਵ ਦਿੰਦੀ ਸੀ ਕਿ ਸਿੱਖ ਪੰਥ ਦਾ ਭਵਿੱਖ ਨਿਸਚਿਤ ਤੌਰ ਤੇ ਹੀ ਉਜਲਾ ਹੋਵੇਗਾ ਕਿਉਂਕਿ ਮਿਸ਼ਨਰੀ ਸੰਗਠਿਤ ਹੋ ਕੇ ਪਤਿਤਪੁਣੇ ਨੂੰ ਠਲ, ਪਾਉਣ ਅਤੇ ਗੁਰੂ ਸਾਹਿਬਾਨ ਦਾ ਸੰਦੇਸ਼ ਹਰ ਪਿੰਡ, ਹਰ ਸ਼ਹਿਰ, ਭੇਦ ਹਰ ਪ੍ਰਾਂਤ ਵਿਚ ਪਹੁੰਚਾਉਣ ਲਈ ਦ੍ਰਿੜ ਇਰਾਦੇ ਨਾਲ ਅੱਗੇ ਵੱਧ ਰਹੇ ਹਨ।

1-10-98 ਵੀਰਵਾਰ ਸ਼ਾਮ ਦੇ ਦੀਵਾਨ ਵਿਚ ਜਲੰਧਰ, ਟਾਂਗਰਾ, ਕਪੂਰਥਲਾ, ਗੁਰਦਾਸਪੁਰ ਅਤੇ ਜੰਮੂ ਸਰਕਲ ਵਲੋਂ ਕੀਰਤਨ ਦੀ ਸੇਵਾ ਨਿਭਾਈ ਗਈ। ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਦੇ ਵਿਦਿਆਰਥੀ ਹਰਮਨਜੀਤ ਸਿੰਘ ਨੇ ਸ਼ਬਦ ਵਿਚਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਉਨ੍ਹਾਂ ਦਾ ਵਿਸ਼ਾ ਸੀ ਪੰਜ ਵਿਕਾਰ। ਮੋਹਾਲੀ ਸਰਕਲ ਦੇ ਵੀਰ ਪ੍ਰਭਕੀਰਤਨ ਸਿੰਘ ਨੇ ਖਾਲਸੇ ਦੇ ਨਿਆਰੇਪਨ ਅਤੇ ਬੀਬੀ ਹਮੀਰ ਕੌਰ ਜੰਮੂ ਨੇ 'ਸਿੱਖ ਇਸਤਰੀ ਦੀ ਵਰਤਮਾਨ ਦਸ਼ਾ' ਬਾਰੇ ਭਾਵਪੂਰਨ ਅਤੇ ਪ੍ਰਭਾਵਸ਼ਾਲੀ ਲੈਕਚਰ ਦਿੱਤੇ।

2-10-98 (ਸ਼ੁਕਰਵਾਰ) ਦਾ ਸਮਾਗਮ ਸਵੇਰੇ ਸਿਮਰਨ ਅਤੇ ਨਿਤਨੇਮ ਨਾਲ ਅਰੰਭ ਹੋਇਆ ਤੇ ਇਹ ਸੇਵਾ ਨਿਭਾਈ ਕਪੂਰਥਲਾ ਸਰਕਲ ਨੇ। ਆਸਾ ਕੀ ਵਾਰ ਦਾ ਕੀਰਤਨ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥੇ ਨੇ ਕੀਤਾ। ਉਪਰੰਤ ਜਲੰਧਰ ਸਰਕਲ ਦੇ ਡਾਕਟਰ ਜਸਪਾਲ ਸਿੰਘ ਜੀ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ 'ਨਾਮ ਰਸ ਅਤੇ ਹੋਛੇ ਰਸ' ਵਿਸ਼ੇ ਤੇ ਸ਼ਬਦ ਵੀਚਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਬਠਿੰਡਾ ਸਰਕਲ ਵਲੋਂ 'ਸਤਿਗੁਰੂ' ਵਿਸ਼ੇ ਉੱਤੇ ਕੀਰਤਨ ਕੀਤਾ ਗਿਆ ਅਤੇ ਸ੍ਰੀ ਨਗਰ ਸਰਕਲ ਦੇ ਸ: ਨਵਤੇਜ ਸਿੰਘ ਨੇ 'ਦਸਵੰਧ ਦੀ ਸਹੀ ਵਰਤੋਂ' ਬਾਰੇ ਸੰਗਤਾਂ ਸਾਹਮਣੇ ਆਪਣੇ ਵਿਚਾਰ ਰੱਖੇ।

ਪਹਿਲੇ ਸ਼ੈਸਨ ਵਿਚ 'ਕਾਲਜ' ਦੇ 18 ਵੱਖ-ਵੱਖ ਸਰਕਲਾਂ ਦੇ ਉਨ੍ਹਾਂ ਵੀਰਾਂ/ਭੈਣਾਂ ਦੇ ਲੈਕਚਰ ਮੁਕਾਬਲੇ ਕਰਾਏ ਗਏ, ਜਿੰਨ੍ਹਾਂ ਨੇ ਪਹਿਲਾਂ ਕਦੇ ਵੱਡੇ ਦੀਵਾਨਾਂ ਵਿਚ ਲੈਕਚਰ ਦੀ ਸੇਵਾ ਨਹੀਂ ਸੀ ਨਿਭਾਈ। ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਟ੍ਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।

ਦੂਜੇ ਸ਼ੈਸਨ ਵਿਚ ਕਾਜਲ ਦੇ ਪ੍ਰਿੰਸੀਪਲ ਸ: ਹਰਿਭਜਨ ਸਿੰਘ ਜੀ ਨੇ ਮਿਸ਼ਨਰੀਆਂ ਨੂੰ 1 ਨਵੰਬਰ 1998 ਨੂੰ ਹੋ ਰਹੀ 'ਸਾਲਾਨਾ ਧਾਰਮਿਕ ਪ੍ਰੀਖਿਆ' ਬਾਰੇ ਜ਼ਰੂਰੀ ਹਦਾਇਤਾਂ ਦਿੱਤੀਆਂ ਅਤੇ ਦੱਸਿਆ ਕਿ ਇਸ ਸਾਲ ਪ੍ਰੀਖਿਆ ਵਿਚ 40,000 ਵਿਦਿਆਰਥੀ ਭਾਗ ਲੈ ਰਹੇ ਹਨ।

ਰਾਤ ਦੇ ਦੀਵਾਨ ਵਿਚ ਕੀਰਤਨ ਦੀ ਸੇਵਾ ਖਰੜ, ਬਟਾਲਾ, ਪਾਨੀਪਤ, ਪਟਿਆਲਾ, ਹਲਦਵਾਨੀ ਦੇ ਸਰਕਲਾਂ ਨੇ ਨਿਬਾਹੀ। ਸਭ ਨੇ ਨਿਰਧਾਰਿਤ ਵਿਸ਼ਿਆਂ ਉੱਪਰ ਕੀਰਤਨ ਕੀਤਾ। ਸ਼ਬਦ ਵੀਚਾਰ, ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਸ਼ਮਸ਼ੇਰ ਸਿੰਘ ਜੀ ਨੇ ਜੀਵਨ ਮਨੋਰਥ ਵਿਸ਼ੇ ਉੱਪਰ ਕੀਤੀ। ਸ: ਕਿਪਾਲ ਸਿੰਘ ਲੁਧਿਆਣਾ ਨੇ 'ਸਿੱਖ ਧਰਮ ਦੀਆਂ ਖੂਬੀਆਂ' ਬਿਆਨਦੇ ਹੋਏ ਇਹ ਦੱਸਿਆ ਸੰਸਾਰ ਪ੍ਰਸਿੱਧੀ ਦੇ ਮਾਲਕ ਵਿਦਵਾਨ ਇਸ ਧਰਮ ਨੂੰ ਅਜੋਕੇ ਮਨੁੱਖ ਦੀਆ ਸਭ ਸਮੱਸਿਆਵਾਂ ਦਾ ਇੱਕ ਮਾਤਰ ਹਲ ਮੰਨਦੇ ਹਨ ਅਤੇ ਇਸ ਨੂੰ ਭਵਿੱਖ ਦਾ ਧਰਮ ਸਵੀਕਾਰਦੇ ਹਨ। ਸ: ਸੁਖਵਿੰਦਰ ਸਿੰਘ ਹਰਚੋਵਾਲ ਨੇ 'ਅੰਮ੍ਰਿਤ ਛੱਕਣਾ ਕਿਉਂ ਜ਼ਰੂਰੀ ਹੈ ? ਵਿਸ਼ੇ ਤੇ ਆਪਣੇ ਵਿਚਾਰ ਬੜੇ ਭਾਵਪੂਰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰੱਖੇ। ਸੰਗਤਾਂ ਨੇ ਵਾਰ ਵਾਰ ਜੈਕਾਰੇ ਛੱਡ ਕੇ ਪ੍ਰਗਟਾਏ ਵਿਚਾਰਾਂ ਦੀ ਪ੍ਰੋੜਤਾ ਕੀਤੀ।

3-10-1998 ਨੂੰ ਅੰਮ੍ਰਿਤ ਵੇਲੇ, ਸਿਮਰਨ ਅਤੇ ਨਿਤਨੇਮ ਦੀ ਸੇਵਾ ਬਰੇਲੀ, ਹਲਦਵਾਨੀ ਅਤੇ ਗੁਰਦਾਸਪੁਰ ਸਰਕਲਾਂ ਲਵੋਂ ਨਿਭਾਈ ਗਈ। 'ਨਾਮ ਰਸ ਅਤੇ ਹੋਛੇ ਰਸ' ਉੱਤੇ ਅਨੰਦਪੁਰ ਸਰਕਲ ਦੇ ਵੀਰਾਂ ਨੇ 'ਆਸਾ ਕੀ ਵਾਰ ਦਾ ਕੀਰਤਨ ਕੀਤਾ। ਸ: ਜਗਜੀਤ ਸਿੰਘ ਜੀ, ਜੰਮੂ ਨੇ 'ਸਦੀਵੀ ਸੁਖ' ਵਿਸ਼ੇ ਉੱਤੇ ਸ਼ਬਦ ਵੀਚਾਰ ਕੀਤੀ ਅਤੇ ਬਰੇਲੀ ਸਰਕਲ ਨੇ 'ਮੇਰੇ ਰਾਮ ਨੀਚ ਕਰਮ ...' ਵਿਸ਼ੇ ਤੇ ਕੀਰਤਨ ਕੀਤਾ ਅਤੇ ਜਲੰਧਰ ਦੇ ਸਰਦਾਰ ਰਾਜਾ ਸਿੰਘ ਜੀ ਨੇ 'ਸਿੱਖ ਧਰਮ ਅਤੇ ਸਦਾਚਾਰ' ਵਿਸ਼ੇ ਤੇ ਆਪਣੇ ਵਿਚਾਰ ਰੱਖੇ। ਉਨ੍ਹਾਂ ਸਮਝਾਇਆ ਕਿ ਗੁਰਸਿੱਖ ਨੂੰ ਕਥਨੀ ਅਤੇ ਕਰਨੀ ਦੋਹਾਂ ਵਿਚ ਪੂਰਾ ਹੋਣਾ ਚਾਹੀਦਾ ਹੈ।

ਇਸ ਦਿਨ ਦੇ ਪਹਿਲੇ ਸ਼ੈਸ਼ਨ ਵਿਚ ਵੱਖ ਵੱਖ 12 ਸਰਕਲਾਂ ਦੇ ਵੀਰਾਂ/ਭੈਣਾ ਦਾ 'ਸ਼ਬਦ ਵੀਚਾਰ' ਮੁਕਾਬਲਾ ਹੋਇਆ। ਇਨ੍ਹਾਂ ਸਭਨਾਂ ਨੇ ਪਹਿਲੀ ਵਾਰੀ ਕਿਸੇ ਵੱਡੇ ਦੀਵਾਨ ਵਿਚ ਸ਼ਬਦ ਵੀਚਾਰ ਕੀਤੀ ਸੀ। ਪਹਿਲੀਆਂ ਤਿੰਨ ਪੁਜ਼ੀਸ਼ਨਾਂ

ਤੇ ਆਏ ਚਾਰ ਵੀਰਾਂ/ਭੈਣਾਂ ਨੂੰ ਟ੍ਰਾਫ਼ੀਆਂ ਨਾਲ ਸਨਮਾਨਿਤ ਕੀਤਾ ਗਿਆ। ਇਸੇ ਦਿਨ ਦੁਪਹਿਰ ਬਾਅਦ 2.00 ਵਜੇ ਅੰਮ੍ਰਿਤ ਸੰਚਾਰ ਕੀਤਾ ਗਿਆ, ਜਿਸ ਵਿਚ 101 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ।

ਦੂਜੇ ਸੈਸ਼ਨ ਵਿਚ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੇ ਸਭ ਸਰਕਲਾਂ ਤੋਂ ਆਏ ਮਿਸ਼ਨਰੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਧਰਮ-ਪ੍ਰਚਾਰ ਵਿਚ ਆ ਰਹੀਆਂ ਔਕੜਾਂ ਦੇ ਹੱਲ ਵੀ ਦੱਸੇ। ਮਿਸ਼ਨਰੀਆਂ ਪਾਸੋਂ 'ਕਾਲਜ' ਦੇ ਵੱਖ-ਵੱਖ ਪ੍ਰਾਜੈਕਟਾਂ ਨੂੰ ਚਲਾਉਣ ਬਾਰੇ ਉਨ੍ਹਾਂ ਦੇ ਸੁਝਾਅ ਵੀ ਮੰਗੇ ਗਏ।

ਰਾਤ ਦੇ ਦੀਵਾਨ ਵਿਚ ਮੋਹਾਲੀ, ਅਨੰਦਪੁਰ ਅਤੇ ਕਪੂਰਥਲਾ ਸਰਕਲਾਂ ਵਲੋਂ ਨਿਰਧਾਰਿਤ ਵਿਸ਼ਿਆਂ ਉੱਤੇ ਕੀਰਤਨ ਕੀਤਾ ਗਿਆ। ਪੁਣਛ ਸਰਕਲ ਦੇ ਸ. ਬਲਬੀਰ ਸਿੰਘ ਨੇ 'ਜੋ ਆਇਆ ਸੋ ਚਲਸੀ' ਵਿਸ਼ੇ ਪੁਰ ਸ਼ਬਦ-ਵੀਚਾਰ ਕੀਤੀ। ਆਪਣੇ ਮਨੁੱਖੀ ਜੀਵਨ ਦੀ ਨਾਸ਼ਵਾਨਤਾ ਦਾ ਜ਼ਿਕਰ ਕਰਦਿਆਂ ਹੋਇਆਂ, ਮਨੁੱਖੀ ਜੀਵਨ ਨੂੰ ਸਫ਼ਲ ਕਰਨ ਦੀ ਪ੍ਰੇਰਨਾ ਦਿੱਤੀ। ਅਨੰਦਪੁਰ ਸਾਹਿਬ ਦੇ ਰੈਗੂਲਰ ਸਿੱਖ ਮਿਸ਼ਨਰੀ ਕਾਲਜ ਦੇ ਇੰਚਾਰਜ ਗਿਆਨੀ ਸੁਰਿੰਦਰ ਸਿੰਘ ਜੀ ਨੇ 'ਸ਼ਬਦ ਗੁਰੂ ਅਤੇ ਦੇਹਧਾਰੀ ਗੁਰੂ-ਡੰਮ੍ਹ' ਵਿਸ਼ੇ ਉੱਤੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਜਿਥੇ 'ਸ਼ਬਦ ਗੁਰੂ' ਦੇ ਸਿਧਾਂਤ ਉੱਤੇ ਚਾਨਣਾ ਪਾਇਆ ਉਥੇ ਆਪਣੇ ਆਪ ਨੂੰ ਸਾਧ, ਸੰਤ ਜਾਂ ਗੁਰੂ ਅਖਵਾਉਣ ਵਾਲੇ ਭੇਖਧਾਰੀਆਂ ਵਲੋਂ ਅਪਣਾਏ ਜਾ ਰਹੇ ਹੱਥ-ਕੰਡਿਆਂ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਦੇ ਮਗਰੋਂ ਪੁਣਛ ਸਰਕਲ ਦੇ ਸ: ਮਨਮੋਹਨ ਸਿੰਘ ਨੇ 'ਆਦਰਸ਼ਕ ਸਿੱਖ ਆਗੂ ਨਵਾਬ ਕਪੂਰ ਸਿੰਘ' ਵਿਸ਼ੇ ਤੇ ਲੈਕਚਰ ਕੀਤਾ। ਆਪ ਨੇ 'ਸਿੱਖ ਆਗੂ ਦੇ ਗੁਣਾਂ' ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਅਤੇ ਨਵਾਬ ਕਪੂਰ ਸਿੰਘ ਜੀ ਦੀ ਸੇਵਾ, ਕੁਰਬਾਨੀ, ਪੰਥ-ਪਿਆਰ, ਸੁਚੱਜੀ ਅਗਵਾਈ, ਕੌਮੀ ਸੰਘਰਸ਼ ਵਿਚ ਪਾਏ ਯੋਗਦਾਨ ਆਦਿਕ ਗੁਣਾਂ ਉੱਤੇ ਚਾਨਣਾ ਪਾਇਆ। ਆਪ ਨੇ ਦੱਸਿਆ ਕਿ ਸਿੱਖ ਪੰਥ ਦੀ ਅਜੋਕੀ ਤਰਸਯੋਗ ਹਾਲਤ ਦਾ ਕਾਰਨ ਨਵਾਬ ਕਪੂਰ ਸਿੰਘ ਜੀ ਵਰਗੇ ਸੂਝਵਾਨ ਤੇ ਦੂਰਦਰਸ਼ੀ ਆਗੂਆਂ ਦਾ ਨਾ ਹੋਣਾ ਹੈ।

ਸਮਾਗਮ ਦੇ ਆਖਰੀ ਦਿਨ ਸਿਮਰਨ ਅਤੇ ਨਿਤਨੇਮ ਦੀ ਸੇਵਾ, ਦਿੱਲੀ, ਪਾਨੀਪਤ, ਪੁਣਛ, ਸ੍ਰੀਨਗਰ ਤੇ ਮੁਕੇਰੀਆਂ ਸਰਕਲਾਂ ਵਲੋਂ ਨਿਬਾਹੀ ਗਈ। ਆਸਾ ਕੀ ਵਾਰ ਦਾ ਕੀਰਤਨ ਲੁਧਿਆਣੇ ਦੇ ਭਾਈ ਇਕਬਾਲ ਸਿੰਘ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ 'ਪ੍ਰਭੂ-ਪ੍ਰੀਤ' ਵਿਸ਼ੇ ਪੁਰ ਕੀਤਾ। ਇਸੇ ਵਿਸ਼ੇ ਉਪਰ ਹੀ ਚੰਡੀਗੜ੍ਹ ਸਰਕਲ ਦੇ ਸ: ਗੁਰਬੀਰ ਸਿੰਘ ਜੀ ਨੇ ਸ਼ਬਦ-ਵੀਚਾਰ ਕੀਤੀ। ਆਪ ਨੇ ਸਮਝਾਇਆ ਕਿ ਪ੍ਰਭੂ-ਪ੍ਰੀਤ ਤੋਂ ਸੱਖਣਾ ਨਿਰਾ ਭੇਖ ਕਿਸੇ ਅਰਥ ਨਹੀਂ। ਕੀਰਤਨ ਦੀ ਸੇਵਾ ਲੁਧਿਆਣਾ ਸਰਕਲ ਦੇ ਦੋ ਜੱਥਿਆਂ, ਇਸਮਾਈਲਾਬਾਦ ਸਰਕਲ ਅਤੇ ਸਿੱਖ ਮਿਸ਼ਨਰੀ ਪਬਲਿਕ ਸਕੂਲ, ਲੁਧਿਆਣਾ ਦੇ ਵਿਦਿਆਰਥੀਆਂ ਨੇ ਨਿਬਾਹੀ। ਕਾਲਜ ਦੇ ਪ੍ਰਿੰਸੀਪਲ ਸ: ਹਰਿਭਜਨ ਸਿੰਘ ਜੀ ਨੇ 'ਪਤਿਤਪੁਣੇ ਦੇ ਕਾਰਨ ਅਤੇ ਇਸਨੂੰ ਕਿਵੇਂ ਰੋਕਿਆ ਜਾਵੇ ? ਵਿਸ਼ੇ ਉੱਤੇ ਵਿਸਥਾਰ ਸਹਿਤ ਚਾਨਣਾ ਪਾਇਆ। ਆਪ ਨੇ ਦੱਸਿਆ ਕਿ ਗੌਰਵਮਈ ਸਿੱਖ ਵਿਰਸੇ ਵਲੋਂ ਅਗਿਆਨਤਾ, ਆਗੂਆਂ ਦਾ ਨੀਵਾਂ ਕਿਰਦਾਰ, ਫਿਲਮਾਂ/ਟੀ.ਵੀ. ਦਾ ਬੁਰਾ ਪ੍ਰਭਾਵ, ਮਾਤਾ-ਪਿਤਾ ਦੀ ਅਣਗਹਿਲੀ ਜਾਂ ਕਈ ਵਾਰ ਹੱਲਾਸ਼ੇਰੀ, ਸਮਾਜ ਵਿਚ ਫੈਲੀਆਂ ਗਲਤ ਕਦਰਾਂ-ਕੀਮਤਾਂ, ਕੌਮਨਿਸਟ ਵਿਦਵਾਨਾਂ ਵਲੋਂ ਸਿੱਖ-ਵਿਦਵਾਨਾਂ ਦੇ ਰੂਪ (ਭੇਸ) ਵਿਚ ਨਾਸਤਕਤਾ ਅਤੇ ਸਿੱਖੀ ਕਦਰਾਂ-ਕੀਮਤਾਂ ਵਿਰੁੱਧ ਪ੍ਰਚਾਰ, ਨਸ਼ਿਆਂ ਦਾ ਸੇਵਨ ਆਦਿ 'ਪਤਿਤਪੁਣੇ' ਦੇ ਪ੍ਰਮੁੱਖ ਕਾਰਨ ਹਨ। ਸਿੱਖ ਕੌਮ ਅੰਦਰ ਪਤਿਤਪੁਣੇ ਦੇ ਹੜ੍ਹ ਨੂੰ ਰੋਕਣ ਲਈ ਮਨ ਅੰਦਰ ਤੜਪ ਨਾ ਹੋਣਾ ਅਤੇ ਇਸ ਸੰਬੰਧ ਵਿਚ ਜੰਗੀ-ਪੱਧਰ ਤੇ ਉਪਰਾਲੇ ਨਾ ਕਰਨੇ ਵੀ ਪਤਿਤਪੁਣੇ ਦੇ ਫੈਲਣ ਦਾ ਵੱਡਾ ਕਾਰਨ ਹੈ। ਪ੍ਰਚਾਰਕਾਂ, ਮਾਪਿਆਂ, ਸਮਾਜ, ਆਗੂਆਂ ..... ਆਦਿ ਸਭ ਨੂੰ ਨੌਜਵਾਨਾਂ ਅੱਗੇ 'ਆਦਰਸ਼ਕ ਸਿੱਖ' ਦਾ ਮਾਡਲ ਪੇਸ਼ ਕਰਨਾ ਚਾਹੀਦਾ ਹੈ; ਉਨ੍ਹਾਂ ਨੂੰ ਗੌਰਵਮਈ ਵਿਰਸੇ ਨਾਲ ਜੋੜਨ ਦੇ ਭਰਪੂਰ ਯਤਨ ਕਰਨੇ ਚਾਹੀਦੇ ਹਨ, ਉਨ੍ਹਾਂ ਨਾਲ ਨਫ਼ਰਤ ਕਰਨ ਦੀ ਥਾਂ ਤੇ ਉਨ੍ਹਾਂ ਨੂੰ ਗਲਵਕੜੀ ਵਿਚ ਲੈ ਕੇ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ ਅਤੇ ਫਿਲਮਾਂ, ਟੀ. ਵੀ ਰਾਹੀਂ ਸਿੱਖ ਵਿਚਾਰਧਾਰਾ, ਜੀਵਨ-ਜਾਂਚ ਅਤੇ ਗੌਰਵਮਈ ਇਤਿਹਾਸ ਨੂੰ ਪ੍ਰਚਾਰਨਾਂ ਚਾਹੀਦਾ ਹੈ। ਅਜਿਹੇ ਯਤਨ ਕੀਤਿਆਂ ਹੀ ਪਤਿਤਪੁਣੇ ਨੂੰ ਠੱਲ੍ਹ ਪੈ ਸਕਦੀ ਹੈ। ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਿੰਸੀਪਲ ਸਾਹਿਬ ਦੇ ਵਿਚਾਰਾਂ ਦੀ ਪ੍ਰੋੜਤਾ ਕੀਤੀ। ਸ: ਇੰਦਰਜੀਤ ਸਿੰਘ ਜੀ, ਦਿੱਲੀ ਨੇ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਂਤ ਦੀ ਵਿਆਖਿਆ ਕੀਤੀ; ਸ: ਪਰਮਜੀਤ ਸਿੰਘ ਜੀ ਚੰਡੀਗੜ੍ਹ ਨੇ ਰਹਿਤ ਮਰਯਾਦਾ ਦੀ ਤਿਆਰੀ, ਇਸ ਦੀ ਲੋੜ ਅਤੇ ਵੱਖ-ਵੱਖ ਅੰਗਾਂ ਉੱਤੇ ਚਾਨਣਾ ਪਾਇਆ। ਝਬਾਲ ਸਰਕਲ ਦੇ ਸ: ਬਲਕਾਰ ਸਿੰਘ ਨੇ 'ਦਸ ਗੁਰੂ ਸਾਹਿਬਾਨ ਦੀ ਦੇਣ' ਵਿਸਥਾਰ ਸਹਿਤ ਜ਼ਿਕਰ ਕੀਤਾ; ਸਿੱਖ ਲਹਿਰ ਨੂੰ ਚਲਾਉਣ ਤੇ ਮਜ਼ਬੂਤ ਕਰਨ ਵਿਚ ਗੁਰੂ ਸਾਹਿਬਾਨ ਦੇ ਪਾਏ ਯੋਗਦਾਨ ਦੀ ਜਾਣਕਾਰੀ ਦੇਣ ਦੇ ਨਾਲ ਸਤਿਗੁਰਾਂ ਦੇ ਪੈਰ-ਚਿਨ੍ਹਾਂ ਤੇ ਚੱਲਣ ਦੀ ਪ੍ਰੇਰਨਾ ਕੀਤੀ। ਤਰਨਤਾਰਨ ਸਰਕਲ ਦੇ ਕਵੀਸ਼ਰੀ ਜੱਥੇ ਨੇ ਦੇਹਧਾਰੀਆਂ ਦੇ ਪਖੰਡਾਂ ਦਾ ਪਾਜ ਉਘੇੜਿਆ ਅਤੇ ਇਹ ਗੱਲ ਦੱਸੀ ਕਿ ਭੀੜਾਂ ਅਤੇ ਸੰਘਰਸ਼ ਦੇ ਦੌਰਾਨ ਕਿਸੇ ਵੀ ਦੇਹਧਾਰੀ ਨੇ ਕੁਰਬਾਨੀ ਨਹੀਂ ਕੀਤੀ ਤੇ ਸਿੱਖਾਂ ਨੇ ਲਗਪਗ ਇਕ ਸਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਚੱਲ ਕੇ ਹਰ ਮੁਸੀਬਤ ਦਾ ਟਾਕਰਾ ਕਰਦਿਆਂ ਹੋਇਆਂ ਸਚ-ਧਰਮ ਰਾਜ ਸਥਾਪਤ ਕੀਤਾ।

ਸਨਿਚਰਵਾਰ ਰਾਤ ਅਤੇ ਐਤਵਾਰ ਨੂੰ ਚੰਡੀਗੜ੍ਹ-ਮੁਹਾਲੀ

ਸਰਕਲਾਂ ਦੇ ਵੀਰਾਂ ਨੇ ਗਤਕੇ ਦੇ ਕਰਤੱਬ ਦਿਖਾਏ, ਜਿਸ ਤੋਂ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ।

ਸਮਾਗਮ ਦੇ ਦੌਰਾਨ, ਵੀਰ ਸ: ਦੇਵਿੰਦਰ ਸਿੰਘ ਵਲੋਂ ਤਿਆਰ ਕੀਤੇ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਖਾਲਸੇ ਦੇ ਨਿਆਰੇਪਨ, ਬਿਪਰਨ ਦੀਆਂ ਰੀਤਾਂ ਦੇ ਮਾਰੂ ਅਸਰ, ਆਪ ਸਿੱਖੀ ਦੇ ਮਾਰਗ ਤੇ ਨਾ-ਚਲਣ ਵਾਲੇ 'ਕੀਰਤਨੀਆਂ' ਦੇ ਪਖੰਡ, ਸ਼ਬਦ ਗੁਰੂ, ਨੌਜੁਆਨਾਂ ਵਿਚ ਵਧ ਰਹੇ ਪਤਿਤਪੁਣੇ ਆਦਿ ਨੂੰ ਉਜਾਗਰ ਕੀਤਾ ਗਿਆ। ਪੂਰੇ ਸਮਾਗਮ ਦੇ ਦੌਰਾਨ ਇਹ ਪ੍ਰਦਰਸ਼ਨੀ ਸੰਗਤਾਂ ਦੀ ਖਿੱਚ ਦਾ ਕਾਰਨ ਬਣੀ ਰਹੀ। ਇਨ੍ਹਾਂ ਚਿੱਤਰਾਂ ਨੇ ਬਿਨਾਂ ਕਿਸੇ ਲੈਕਚਰ ਤੋਂ ਹੀ ਸਿੱਖੀ ਦੀ ਗਲ ਨੂੰ ਲੋਕਾਂ ਦੇ ਮਨਾਂ ਵਿਚ ਉਭਾਰ ਦਿੱਤਾ।

ਐਤਵਾਰ 4-10-98 ਨੂੰ ਦੁਪਹਿਰ ਸਮੇਂ 'ਅਰਦਾਸ' ਨਾਲ ਇਸ ਸਮਾਗਮ ਦੀ ਸੰਪੂਰਨਤਾ ਹੋਈ। ਸਿੱਖ ਮਿਸ਼ਨਰੀ ਵੀਰ/ਭੈਣ ਜਿਥੇ ਧਰਮ ਪ੍ਰਚਾਰ ਲਈ ਹੋਰ ਦ੍ਰਿੜਤਾ, ਬਲ ਅਤੇ ਪ੍ਰੇਰਨਾ ਲੈ ਕੇ ਗਏ, ਉੱਥੇ ਸਿੱਖ ਸੰਗਤਾਂ ਨੇ ਆਪਣੀ ਹੀ ਕਿਸਮ ਦੇ ਇਸ ਸਮਾਗਮ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਸੇਵਾ ਸ: ਹਰਜੀਤ ਸਿੰਘ ਜਲੰਧਰ ਸੰਪਾਦਕ ਸਿੱਖ ਫੁਲਵਾੜੀ ਅਤੇ ਡਾ: ਜਸਪਾਲ ਸਿੰਘ ਨੇ ਬਾਖੂਬੀ ਨਿਭਾਹੀ। ਜਲੰਧਰ ਸਰਕਲ ਦੇ ਮਿਸ਼ਨਰੀ ਵੀਰਾਂ/ਭੈਣਾਂ ਨੇ ਆਈਆਂ ਸੰਗਤਾਂ ਦੀ ਸੇਵਾ ਬੜੇ ਚਾਅ ਨਾਲ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। □□□

## ਸਰਕਲਾਂ ਦੀਆਂ ਸਰਗਰਮੀਆਂ

ਲੁਧਿਆਣਾ : ਲੁਧਿਆਣਾ ਰੇਂਜ ਦੇ ਸਾਰੇ ਸਰਕਲਾਂ ਵਲੋਂ ਰਲ ਕੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਪ੍ਰਚਾਰਕ ਸਭਾ, ਗਲੀ ਨੰ: 8 ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਮਿਤੀ 19-9-98 ਤੋਂ 24-9-98 ਤੱਕ ਮਨਾਇਆ ਗਿਆ। ਇਸ ਵਿਚ ਵਿਸ਼ੇ, ਭਰਮ, ਮਾਇਆ, ਪ੍ਰਭੂ ਭਰੋਸਾ, ਸਤਿਗੁਰੂ, ਸਤਿ ਸੰਗਤ ਤੇ 300 ਸਾਲ, ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿਚ ਵਿਚਾਰਾਂ ਆਦਿ, ਨਿਭਾਏ ਗਏ। ਇਲਾਕੇ ਦੀ ਭਾਰੀ ਸੰਗਤ ਨੇ ਰੋਜ਼ਾਨਾ ਕੀਰਤਨ ਕਥਾ ਦਾ ਲਾਹਾ ਲਿਆ। ਇਸ ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਨੇ ਮੰਗ ਕੀਤੀ ਕਿ ਹਰ ਐਤਵਾਰ ਕਾਲਜ ਵਲੋਂ ਐਸੇ ਪ੍ਰੋਗਰਾਮ ਹੋਣੇ ਚਾਹੀਦੇ ਹਨ।

ਇਸ ਵਾਸਤੇ ਪ੍ਰਭਾਤ ਨਗਰ ਸਰਕਲ ਦੇ ਸੇਵਾਦਾਰਾਂ ਨੇ ਸਵੇਰੇ 4-30 ਤੋਂ 7-30 ਵਜੇ ਮਹੀਨੇ ਦੇ ਪਹਿਲੇ ਐਤਵਾਰ ਨੂੰ ਗੁਰਮਤਿ ਸਮਾਗਮ ਕਰਨ ਦਾ ਉਪਰਾਲਾ ਕੀਤਾ ਹੈ ਤੇ ਇਸੇ ਤਰ੍ਹਾਂ ਦੂਸਰੇ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਬੇਅੰਤਪੁਰਾ ਲੁਧਿਆਣਾ ਵਿਖੇ ਸਮਾਗਮ ਕਰਨ ਦਾ ਪ੍ਰਬੰਧ ਕੀਤਾ ਹੈ। ਇਲਾਕਾ ਨਿਵਾਸੀਆਂ ਨੇ ਧਰਮ ਪ੍ਰਚਾਰ ਵਿਚ ਅੱਗੇ ਆਉਣ ਲਈ ਹੋਰ ਰੁਚੀ ਦਿਖਾਈ ਹੈ।

ਫਿਰੋਜਪੁਰ : ਸਰਕਲ ਦੇ ਵੀਰਾਂ ਵੱਲੋਂ ਪਿੰਡ ਅਲਫੂ ਕਾ ਵਿਖੇ 16.8.98 ਨੂੰ ਪ੍ਰਭਾਵੀ ਗੁਰਮਤਿ ਸਮਾਗਮ ਕੀਤਾ ਗਿਆ, ਜਿਸ ਵਿਚ ਕਥਾ, ਕੀਰਤਨ, ਲੈਕਚਰ ਦੇ ਨਾਲ ਨਾਲ ਕਵਿਤਾਵਾਂ ਸੰਗਤਾਂ ਨੂੰ ਸੁਣਾਈਆਂ ਗਈਆਂ। ਸਿੱਖ ਰਹਿਤ ਮਰਯਾਦਾ ਤੇ ਚੱਲਣ ਅਤੇ ਸ਼ਬਦ ਗੁਰੂ ਸਿਧਾਂਤ ਨੂੰ ਸਮਝਣ ਲਈ ਜ਼ੋਰ ਦਿੱਤਾ ਗਿਆ। ਮਿਸ਼ਨਰੀ ਵੀਰਾਂ ਨੇ ਆਪਣੇ ਵਿਸ਼ੇ, ਪੂਰੇ ਜੋਸ਼ ਤੇ ਲਗਨ ਨਾਲ ਨਿਭਾਏ। ਖਾਲਸੇ ਦੇ 300 ਸਾਲਾਂ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿਚ ਇਕ ਹੋਰ ਸਮਾਗਮ ਮਿਤੀ 5-9-98 ਨੂੰ ਕੀਤਾ ਗਿਆ। ਸੰਗਤਾਂ ਨੂੰ ਮਿਸ਼ਨਰੀ ਕਾਲਜ ਵੱਲੋਂ ਚਲਾਏ ਜਾ ਰਹੇ ਧਰਮ ਪ੍ਰਚਾਰ ਦੇ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ, ਕਵੀਸ਼ਰੀ ਰਾਹੀਂ ਸਿੱਖ ਇਤਿਹਾਸ ਸੁਣਾਇਆ ਗਿਆ। ਧਰਮ ਪ੍ਰਚਾਰ ਵਿਚ ਸਹਿਯੋਗ ਦੇ ਰਹੀਆਂ ਜੱਥੇਬੰਦੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸੰਗਤਾਂ ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

### ਖਰੜ

ਸਰਕਲ ਵਲੋਂ ਭਰਪੂਰ ਉੱਦਮ ਤੇ ਲਗਨ ਨਾਲ, ਸਿੱਖ ਧਰਮ ਸਿਧਾਂਤਾਂ ਨੂੰ ਘਰੋ ਘਰੀ ਪਹੁੰਚਾਉਣ ਹਿਤ ਪ੍ਰਚਾਰ ਤੇਜ ਕੀਤਾ ਗਿਆ ਹੈ। ਦੋ ਸਾਲਾ ਪੱਤਰ ਵਿਹਾਰ ਕੋਰਸ ਤੇ ਸਿੱਖ ਫੁਲਵਾੜੀ ਮਾਸਿਕ ਪੱਤਰ ਲਗਵਾਏ ਜਾ ਰਹੇ ਹਨ।

ਸ: ਅਵਤਾਰ ਸਿੰਘ ਪਿੰਡ ਜਕੋੜ ਮਾਜਰਾ (ਖਰੜ) ਵਲੋਂ ਅਲੱਗ-ਅਲੱਗ ਪਿੰਡਾਂ ਦੇ ਗੁਰਦੁਆਰਿਆਂ ਦੇ ਗ੍ਰੰਥੀ ਸਿੰਘਾਂ ਦੇ ਨਾਮ 25 ਸਿੱਖ ਫੁਲਵਾੜੀ ਤੋਂ ਵੱਧ ਮੈਗਜੀਨ ਲਗਵਾਏ ਗਏ ਹਨ।

ਮਿਤੀ 23.8.98 (ਐਤਵਾਰ) ਨੂੰ ਗੁਰਦੁਆਰਾ ਸਾਹਿਬ, ਸਿੰਘ ਸਭਾ, ਖਰੜ (ਜਿਲਾ ਰੋਪੜ) ਵਿਖੇ ਅੰਮ੍ਰਿਤ ਸੰਚਾਰ ਸਮੇਂ 58 ਪ੍ਰਾਣੀ ਗੁਰੂ ਵਾਲੇ ਬਣੇ। ਇਹ ਪ੍ਰੋਗਰਾਮ 300 ਸਾਲਾ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸੀ।

ਮਿਤੀ 1.11.98 ਦੀ ਧਾਰਮਿਕ ਪ੍ਰੀਖਿਆ ਲਈ ਇਸ ਸ਼ਹਿਰ ਦੇ ਅਲੱਗ-ਅਲੱਗ ਸਕੂਲਾਂ/ਗੁਰਦੁਆਰਾ ਸਾਹਿਬ ਵਿਖੇ ਚਲਦੀਆਂ ਧਾਰਮਿਕ ਕਲਾਸਾਂ ਦੇ 250 ਦੇ ਕਰੀਬ ਬੱਚਿਆਂ ਦੇ ਫਾਰਮ ਭਰੇ ਗਏ ਹਨ। ਹਰ ਸ਼ਨਿਚਰਵਾਰ ਕੀਰਤਨ ਦੀ ਕਲਾਸ/ ਤੇ ਐਤਵਾਰ ਸ਼ਾਮ 4 ਤੋਂ 6 ਹਫਤਾਵਾਰੀ ਮਿਸ਼ਨਰੀ ਕਲਾਸ ਲਗਾਈ ਜਾ ਰਹੀ ਹੈ।

□□□

# ਸਿੱਖ ਫੁਲਵਾੜੀ ਇਨਾਮੀ ਪ੍ਰਤੀਯੋਗਿਤਾ ਸਤਬੰਰ 1998 ਦਾ ਸਹੀ ਹੱਲ

1. ਗੁਰੂ ਅਮਰਦਾਸ ਜੀ ਦੇ ਮਾਤਾ ਸੁਲੱਖਣੀ (ਲਖਮੀ) ਜੀ, ਪਿਤਾ ਤੇਜਭਾਨ ਜੀ, ਪ੍ਰਕਾਸ਼ – 5 ਮਈ ਸੰਨ 1479, ਸਥਾਨ – ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ, ਜੋਤੀ ਜੋਤ – ੧ ਸਤੰਬਰ ਸੰਨ 1574, ਸਥਾਨ ਗੋਇੰਦਵਾਲ ਸਾਹਿਬ।
2. ਭਾਈ ਮਰਦਾਨਾ ਜੀ ਸੰਨ 1480 ਤੋਂ ਲੈ ਕੇ ਸੰਨ 1534 ਤੱਕ ਲਗਭਗ 54 ਸਾਲ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਰਹੇ।
3. ਗੁਰੂ ਕੇ ਬਾਗ ਦੇ ਮੋਰਚੇ ਸਮੇਂ ਗ੍ਰਿਫਤਾਰ ਹੋਏ ਸਿੰਘਾਂ ਨੂੰ ਅਟਕ ਜੇਲ੍ਹ ਵਿਚ ਗੱਡੀ ਰਾਹੀਂ ਲਿਜਾਉਂਦੇ ਸਮੇਂ ਪੰਜਾ ਸਾਹਿਬ ਦੇ ਸਟੇਸ਼ਨ ਤੇ ਸੰਗਤਾਂ ਵਲੋਂ ਗ੍ਰਿਫਤਾਰ ਸਿੰਘਾਂ ਨੂੰ ਲੰਗਰ ਛਕਾਉਣ, ਸੇਵਾ ਕਰਨ ਹਿੱਤ ਸਾਕਾ ਪੰਜਾ ਸਾਹਿਬ ਵਾਪਰਿਆ।
4. ਭਾਈ ਕਾਨ੍ਹ ਸਿੰਘ ਨਾਭਾ ਜੀ ਨੂੰ ਆਪਣੀ ਸੱਭ ਤੋਂ ਪ੍ਰਮੁੱਖ 'ਰਚਨਾ ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਲਈ ਸੰਨ 1912 ਤੋਂ ਸੰਨ 1926 ਤੱਕ ਲਗਭਗ 14 ਸਾਲ ਤੱਕ ਘਾਲਣਾ ਘਾਲਣੀ ਪਈ।
5. (ੳ) ਸੰਨ 1609–ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

   (ਅ) ਸੰਨ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ।
6. ਪੰਥਕ ਇਕਸਾਰਤਾ ਨੂੰ ਮੁੱਖ ਰੱਖਦੇ ਹੋਏ ਅਰਦਾਸ ਸਮੇਂ ਤੂੰ ਠਾਕਰ ਤੁਮ ਪਹਿ ਅਰਦਾਸ ਵਾਲਾ ਪਦਾ ਨਾਨਕ ਦਾਸ ਸਦਾ ਕੁਰਬਾਨੀ ਤੱਕ ਅਤੇ ਆਗਿਆ ਭਈ ਅਕਾਲ ਕੀ ਵਾਲਾ ਦੋਹਰਾ ਖੁਆਰ ਹੋਏ ਸਭ ਮਿਲੇਗੇ ਬਚੇ ਸ਼ਰਣ ਜੋ ਹੋਏ ਤਕ ਪੜ੍ਹਨਾ ਯੋਗ ਹੈ।
7. ਅੰਮ੍ਰਿਤਸਰ ਦੇ ਪੰਜ ਸਰੋਵਰ ਸ੍ਰੀ ਹਰਿਮੰਦਰ ਸਾਹਿਬ, ਰਾਮਸਰ, ਕੌਲਸਰ, ਬਿਬੇਕਸਰ ਅਤੇ ਸੰਤੋਖਸਰ ਸਰੋਵਰ ਹਨ।
8. ਗੁਰਦੁਆਰਾ ਸਾਹਿਬ ਵਿਚ ਲੱਗਾ ਹੋਇਆ ਨਿਸ਼ਾਨ ਸਾਹਿਬ ਗੁਰਦੁਆਰੇ ਦੀ ਹੋਂਦ ਦਾ ਪ੍ਰਤੀਕ ਅਤੇ ਪੰਥ ਦੀ ਆਨ-ਸ਼ਾਨ, ਅਲੱਗ ਪਹਿਚਾਣ, ਰਾਜਸੀ ਤਾਕਤ ਦਾ ਪ੍ਰਤੀਕ ਹੈ।
9. ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣੀ ਜ਼ਰੂਰੀ ਹੈ।
10. ਸਹਿਜ ਪਾਠ, ਅਖੰਡ ਪਾਠ ਜਾਂ ਹੋਰ ਧਾਰਮਿਕ ਸਮਾਗਮਾਂ ਸਮੇਂ ਕੇਵਲ ਰੁਮਾਲਾ ਹੀ ਭੇਟ ਕੀਤੇ ਜਾਣ ਦੀ ਪ੍ਰਚਲਤ ਰੀਤੀ ਠੀਕ ਨਹੀਂ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਭੋਗ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਯੋਗ ਮਾਇਆ ਅਰਦਾਸ ਕਰਾਈ ਜਾਵੇ।
11. ਸ੍ਰੀ ਗੁਰੂ ਗਰੰਥ ਸਾਹਿਬ ਵਿਚ ਪੰਨਾ ੧੪੧੦ ਤੇ ਦਰਜ ਸਿਰਲੇਖ "ਸਲੋਕ ਵਾਰਾਂ ਤੇ ਵਧੀਕ" ਤੋਂ ਭਾਵ ਹੈ ਕਿ ਸਲੋਕ ਵਾਰਾਂ ਤੋਂ ਵਧੇ ਹੋਏ। ਇੱਥੇ ਉਹ ਸਲੋਕ ਦਰਜ ਕੀਤੇ ਗਏ ਜੋ ਕਿ ਵਾਰਾਂ ਦੇ ਨਾਲ ਲਾਉਣ ਤੋਂ ਬਾਅਦ ਬਚ ਗਏ ਸਨ।
12. ਰਾਤ ਨੂੰ ਸੌਣ ਲਗਿਆਂ ਨਿਤਨੇਮ ਦੀ ਜਿਸ ਬਾਣੀ ਦਾ ਪਾਠ ਕੀਤਾ ਜਾਂਦਾ ਹੈ ਉਸ ਦਾ ਨਾਂ 'ਸੋਹਿਲਾ' ਹੈ। ਸਤਿਕਾਰ ਨਾਲ ਇਸ ਨੂੰ 'ਸੋਹਿਲਾ ਸਾਹਿਬ' ਕਿਹਾ ਜਾਂਦਾ ਹੈ।
13. ਆਸਾ ਕੀ ਵਾਰ ਮੂਲ ਰੂਪ ਵਿਚ ਪਉੜੀਆਂ ਵਿਚ ਸੀ। ਇਸ ਦੇ ਨਾਲ ਸਲੋਕ ਗੁਰੂ ਅਰਜਨ ਦੇਵ ਜੀ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਕਰਨ ਸਮੇਂ ਦਰਜ ਕੀਤੇ ਹਨ ਅਤੇ ਪਉੜੀਆਂ ਵਿਚ ਹੀ ਮੁੱਖ ਭਾਵ ਦਰਸਾਇਆ ਗਿਆ ਹੈ।
14. ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵੱਧ 30 ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ।
15. ਇਹ ਸਵਾਲ ਇਨਾਮੀ ਪ੍ਰਤੀਯੋਗਤਾ ਵਿਚ ਪੂਰਾ ਨਹੀਂ ਛਪ ਸਕਿਆ ਸੀ।

□□□

## ਕੇਸ ਗੁਰੂ ਕੀ ਮੋਹਰ ਹਨ

*ਐ ਨੌਜਵਾਨ ਖਾਲਸਾ !*

*ਜਾਗ ਤੇ ਸੰਭਾਲ ਆਪਣਾ ਗੌਰਵਮਈ ਵਿਰਸਾ ! ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਵਾਰ ਕੇ ਤੈਨੂੰ ਸਰਦਾਰੀ ਬਖਸ਼ੀ ਸੀ। ਅੱਜ ਤੂੰ ਗੁਰੂ ਨੂੰ ਛੱਡ ਕੇ, ਝੂਠੇ ਫੈਸ਼ਨਾਂ ਮਗਰ ਲੱਗ ਕੇ ਆਪਣੀ ਸਰਦਾਰੀ ਦਾ ਆਪ ਕਾਤਲ ਨਾ ਬਣ। ਕੇਸਾਂ ਦੀ ਬੇਅਦਬੀ ਛੱਡ। ਗੁਰੂ ਗੋਬਿੰਦ ਸਿੰਘ ਜੀ ਦਾ ਖਾਸ ਰੂਪ ਬਣ।*

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ ਪਹਿਲੀ ਅਪ੍ਰੈਲ ਸੰਨ 1621 ਨੂੰ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦੀ ਮਾਤਾ ਜੀ ਦਾ ਨਾਂ ਮਾਤਾ ਨਾਨਕੀ ਜੀ ਸੀ। ਆਪ ਨੌਂ ਸਾਲ ਦੀ ਉਮਰ ਤਕ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਵਿਖੇ ਰਹੇ। ਮੁਢ ਤੋਂ ਹੀ ਆਪ ਸੰਤ ਸਰੂਪ, ਡੂੰਘੇ ਵਿਚਾਰਵਾਨ, ਦਲੇਰ, ਨਿਰਭੈ ਤੇ ਤਿਆਗੀ ਸੁਭਾਅ ਦੇ ਮਾਲਕ ਸਨ। ਆਪ ਦੀ ਪੜ੍ਹਾਈ ਸਿਖਲਾਈ ਮੀਰ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਸਵਾਰੀ ਆਦਿ ਦੀ ਸਿਖਲਾਈ ਵੀ ਦਿਤੀ ਗਈ। ਤੇਗ ਦੇ ਐਸੇ ਧਨੀ ਬਣੇ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਨਾਮ ਹੀ ਤੇਗ ਬਹਾਦਰ ਰਖ ਦਿਤਾ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਤਾਂ ਆਪ ਪਿਤਾ ਗੁਰੂ ਜੀ ਦੇ ਨਾਲ ਹੀ ਸਨ। ਸੰਨ 1634 ਵਿਚ ਆਪ ਦਾ ਵਿਆਹ ਕਰਤਾਰਪੁਰ (ਜਲੰਧਰ) ਨਿਵਾਸੀ ਸ੍ਰੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਇਸੇ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਚੌਥੀ ਜੰਗ ਹੋਈ ਤਾਂ ਆਪ ਨੇ ਆਪਣੀ ਤੇਗ ਦੇ ਜੌਹਰ ਵਿਖਾਏ। ਇਸ ਜੰਗ ਤੋਂ ਪਿਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਚਲੇ ਗਏ। ਆਪ ਪਿਤਾ ਗੁਰੂ ਦੀ ਆਗਿਆ ਅਨੁਸਾਰ ਆਪਣੀ ਮਾਤਾ ਤੇ ਪਤਨੀ ਸਮੇਤ ਆਪਣੇ ਨਾਨਕੇ ਪਿੰਡ ਬਕਾਲੇ ਆ ਗਏ।

ਬਕਾਲੇ ਆ ਕੇ (ਗੁਰੂ) ਤੇਗ ਬਹਾਦਰ ਜੀ ਅਡੋਲ ਚਿਤ ਰਹਿ ਕੇ ਪ੍ਰਮਾਤਮਾ ਦਾ ਸਿਮਰਨ ਕਰਨ ਲਗੇ। ਆਪਦਾ ਘਰੋਗੀ ਜੀਵਨ ਬੜਾ ਸਾਦਾ ਤੇ ਸੁਖ ਭਰਪੂਰ ਸੀ। ਬਕਾਲੇ ਵਿਖੇ ਗ੍ਰਹਿਸਤੀ ਜੀਵਨ ਦੇ ਸਾਰੇ ਫਰਜ ਪੂਰੇ ਕਰਦੇ ਹੋਏ ਆਪ ਆਉਣ ਵਾਲੇ ਸਮੇਂ ਦੀ ਤਿਆਰੀ ਕਰ ਰਹੇ ਸਨ।

30 ਮਾਰਚ ਸੰਨ 1664 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤ ਸਮਾਏ ਤੇ ਉਹਨਾਂ ਹਦਾਇਤ ਕੀਤੀ ਕਿ 'ਬਾਬਾ ਬਸੇ ਗਰਾਮ ਬਕਾਲੇ' ਭਾਵ ਗੁਰਗੱਦੀ ਦਾ ਮਾਲਕ ਬਕਾਲੇ ਵਿਖੇ ਹੈ।

ਇਸ ਗੱਲ ਤੋਂ ਨਜਾਇਜ਼ ਫਾਇਦਾ ਉਠਾ ਕੇ ਬਾਈ ਪਖੰਡੀ ਗੁਰੂ, ਗੱਦੀ ਦਾਹਵੇਦਾਰ, ਬਕਾਲੇ ਆ ਇਕੱਠੇ ਹੋਏ। ਧੀਰਮਲ ਸਭ ਤੋਂ ਅਗੇ ਸੀ। ਇਹਨਾਂ ਪਖੰਡੀ ਗੁਰੂਆਂ ਨੇ ਆਪਣੀਆਂ ਦੁਕਾਨਾਂ ਚਮਕਾਉਣੀਆਂ ਸ਼ੁਰੂ ਕੀਤੀਆਂ। ਭੋਲੇ ਲੋਕ ਟਪਲਾ ਵੀ ਖਾਣ ਲਗੇ। ਅਖੀਰ ਗੁਰੂ ਸਾਹਿਬ ਦਾ ਸ਼ਰਧਾਲੂ ਸਿੱਖ ਮੱਖਣ ਸ਼ਾਹ ਲੁਬਾਣਾ, ਟਾਂਡਾ (ਜਿਲ੍ਹਾ ਜਿਹਲਮ) ਦਾ ਵਸਨੀਕ ਬਕਾਲੇ ਆਇਆ। ਉਹ ਆਪਣੇ ਨਾਲ ਦਸਵੰਧ ਦੀ ਰਕਮ ਪੰਜ ਸੌ ਮੋਹਰਾਂ ਲੈ ਕੇ ਆਇਆ ਸੀ। ਅਗੇ ਬਾਈ ਪਖੰਡੀ ਗੁਰੂ ਬਣੇ ਵੇਖੇ। ਹਰ ਇਕ ਅਗੇ ਦੋ ਦੋ ਮੋਹਰਾਂ ਰਖੀਆਂ ਤੇ ਪਰਖ ਲਿਆ ਕਿ ਸਭ ਬਣਾਉਟੀ ਤੇ ਦੰਭੀ ਹਨ। ਫਿਰ ਗੁਰੂ ਤੇਗ ਬਹਾਦਰ ਸਾਹਿਬ ਦੇ ਨਿਵਾਸ ਅਸਥਾਨ ਤੇ ਗਿਆ। ਉਥੇ ਵੀ ਦੋ ਮੋਹਰਾਂ ਰਖੀਆਂ ਪਰ ਅੰਤਰਜਾਮੀ ਸੱਚੇ ਗੁਰੂ ਨੇ ਪੂਰਾ ਦਸਵੰਧ ਪੰਜ ਸੌ ਮੋਹਰਾਂ ਦੇਣ ਦਾ ਚੇਤਾ ਕਰਵਾਇਆ। ਮੱਖਣ ਸ਼ਾਹ ਨੇ ਸਚੇ ਗੁਰੂ ਨੂੰ ਲਭ ਹੀ ਲਿਆ ਤੇ ਕੋਠੇ ਚੜ੍ਹ ਕੇ ਹੋਕਾ ਦੇ ਦਿਤਾ, ਗੁਰੂ ਲਾਧੋ ਰੇ! ਗੁਰੂ ਲਾਧੋ ਰੇ!

ਜਦੋਂ ਸੰਗਤਾਂ ਨੂੰ ਅਸਲੀਅਤ ਦਾ ਪਤਾ ਲਗਾ ਤਾਂ ਸੰਗਤਾਂ ਪਖੰਡੀਆਂ ਨੂੰ ਛਡ ਕੇ ਸਚੇ ਗੁਰੂ ਦੀ ਸ਼ਰਣ ਆ ਗਈਆਂ। ਬਾਬਾ ਧੀਰਮਲ ਇਹ ਗਲ ਨਾ ਸਹਾਰ ਸਕਿਆ। ਉਸ ਨੇ ਸ਼ੀਹੇਂ ਮਸੰਦ ਕੋਲੋਂ ਲਾਲਚ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਤੇ ਗੋਲੀ ਚਲਵਾਈ ਪਰ ਗੁਰੂ ਜੀ ਵਾਲ ਵਾਲ ਬਚ ਗਏ। ਸਾਥੀਆਂ ਦੀ ਸਹਾਇਤਾ ਨਾਲ ਸ਼ੀਹੇਂ ਨੇ ਗੁਰੂ ਘਰ ਵਿਚੋਂ ਜੋ ਸਮਾਨ ਲੱਭਾ, ਲੁਟ ਲਿਆ ਤੇ ਬਾਬਾ ਧੀਰਮਲ ਸਮੇਤ ਕਰਤਾਰਪੁਰ ਨੂੰ ਚਲਾ ਗਿਆ।

ਜਦੋਂ ਮੱਖਨ ਸ਼ਾਹ ਨੂੰ ਪਤਾ ਲਗਾ ਤਾਂ ਸਿੱਖਾਂ ਨੂੰ ਨਾਲ ਲੈ ਕੇ ਧੀਰਮਲ ਦਾ ਪਿਛਾ ਕੀਤਾ। ਲੁਟਿਆ ਮਾਲ ਖੋਹ ਲਿਆ। 'ਆਦਿ ਬੀੜ' ਵੀ ਲੈ ਆਏ। ਪਰੰਤੂ ਸਤਿਗੁਰੂ ਜੀ ਨਿਮਰਤਾ ਦੇ ਪੁੰਜ ਸਨ। ਉਹਨਾਂ ਧੀਰਮਲ ਤੇ ਉਸਦੇ ਸਾਥੀਆਂ ਦੀ ਵਧੀਕੀ ਨੂੰ ਨਜ਼ਰ ਅੰਦਾਜ਼ ਕਰਕੇ ਸਾਰਾ ਸਮਾਨ ਤੇ 'ਬੀੜ' ਭੀ ਵਾਪਸ ਭੇਜ ਦਿਤੀ।

ਸੰਨ 1665 ਵਿਚ ਭਾਈ ਮੱਖਣ ਸ਼ਾਹ ਨੂੰ ਨਾਲ ਲੈ ਕੇ ਆਪ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਰਸ਼ਨਾਂ ਲਈ ਗਏ। ਪੁਜਾਰੀਆਂ ਨੇ ਸਮਝਿਆ ਕਿ ਜੇ ਗੁਰੂ ਜੀ ਇਥੇ ਟਿਕ ਗਏ ਤਾਂ ਸਾਡੀ ਰੋਜ਼ੀ ਬੰਦ ਹੋ ਜਾਵੇਗੀ। ਉਹਨਾਂ ਦਰਵਾਜ਼ੇ ਬੰਦ ਕਰ ਲਏ ਤੇ ਚਲੇ ਗਏ। ਗੁਰੂ ਜੀ ਬਾਹਰ ਖੜ੍ਹੇ ਤੇ ਬੈਠੇ ਉਡੀਕ ਕਰਦੇ ਰਹੇ, ਜਿਥੇ ਅੱਜ ਗੁਰਦੁਆਰਾ ਥੜ੍ਹਾ ਸਾਹਿਬ ਹੈ। ਕਾਫੀ ਸਮਾਂ ਉਡੀਕਣ ਤੇ ਵੀ ਜਦੋਂ ਪੁਜਾਰੀ ਨਾ ਆਏ ਤਾਂ ਆਪ ਬਾਹਰੋਂ ਹੀ ਨਮਸਕਾਰ ਕਰਕੇ ਪਿੰਡ 'ਵੱਲੇ' ਦੀ ਸੰਗਤ ਵਲ ਚਲ ਪਏ। ਪਿੰਡ 'ਵੱਲੇ' ਦੀ ਸੰਗਤ ਨੇ ਸੇਵਾ ਕੀਤੀ। ਮਗਰੋਂ ਜਦੋਂ ਪੁਜਾਰੀ ਆਏ ਤਾਂ ਭਾਈ ਮੱਖਣ ਸ਼ਾਹ ਨੇ ਤਾੜਨਾ ਕੀਤੀ। ਨਾਲ ਲੈ ਕੇ ਵੱਲੇ ਪਿੰਡ ਪਹੁੰਚੇ। ਗੁਰੂ ਜੀ ਨੇ ਪੁਜਾਰੀਆਂ ਨੂੰ ਕਿਹਾ ਕਿ ਤੁਸੀਂ ਗੁਰਦੁਆਰਿਆਂ ਦੇ ਸੇਵਾਦਾਰ (ਮਸੰਦ) ਨਹੀਂ ਰਹੇ। 34 ਸਾਲ ਹੋ ਗਏ ਹਨ ਤੁਹਾਨੂੰ ਪੂਜਾ ਦਾ ਧਨ ਖਾਂਦਿਆਂ ਇਸ ਲਈ ਤੁਸੀਂ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਹੋ।

ਪਿੰਡ ਵੱਲੇ ਤੋਂ ਬਕਾਲੇ ਗਏ ਤੇ ਫਿਰ ਕਰਤਾਰਪੁਰ ਦੇ ਰਸਤੇ ਕੀਰਤਪੁਰ ਪੁਜੇ। ਕਹਿਲੂਰ ਦੇ ਰਾਜੇ ਦੀਪ ਚੰਦ ਤੋਂ ਪਿੰਡ ਮਾਖੋਵਾਲ ਦੀ ਜ਼ਮੀਨ ਮੁਲ ਲੈ ਕੇ ਅਕਤੂਬਰ ਸੰਨ 1665 ਵਿਚ ਨਗਰ ਅਨੰਦਪੁਰ ਸਾਹਿਬ ਵਸਾਇਆ।

ਔਰੰਗਜ਼ੇਬ ਨੇ ਹਿੰਦੂਆਂ ਪ੍ਰਤੀ ਸਖਤੀ ਕਰਨੀ ਅਰੰਭ ਕੀਤੀ। ਆਪ ਪੂਰਬ ਦੇਸ਼ ਵਲ ਹਿੰਦੂ ਜਨਤਾ ਨੂੰ ਢਾਰਸ ਦੇਣ ਲਈ ਤੇ ਸਿੱਖੀ ਪ੍ਰਚਾਰ ਲਈ ਪਰਵਾਰ ਸਮੇਤ ਚਲ ਪਏ।

ਅਨੰਦਪੁਰ ਤੋਂ ਘਨੌਲੀ, ਰੋਪੜ, ਮੂਲੋਵਾਲ ਆਦਿ ਹੁੰਦੇ ਹੋਏ

ਸਾਬੋ ਕੀ ਤਲਵੰਡੀ ਪਹੁੰਚੇ। ਰਸਤੇ ਵਿਚ ਦਸਵੰਧ ਦੀ ਰਕਮ ਖੂਹ, ਬਾਉਲੀਆਂ ਆਦਿ ਲੁਆਉਣ ਤੇ ਖਰਚ ਕਰਦੇ ਗਏ। ਕਈ ਪਿੰਡਾਂ ਵਿਚੋਂ ਹੁੰਦੇ ਧਮਧਾਣ ਪਹੁੰਚੇ। ਇਥੇ ਭਾਈ 'ਰਾਮਦੇਵ' ਨੂੰ ਸੰਗਤਾਂ ਦੀ ਜਲ ਨਾਲ ਸੇਵਾ ਕਰਨ ਕਰਕੇ 'ਭਾਈ ਮੀਹਾਂ' ਨਾਮ ਦਿਤਾ।

ਕੁਰਖੇਤਰ, ਆਗਰਾ, ਕਾਨਪੁਰ, ਅਲਾਹਾਬਾਦ, ਮਥਰਾ, ਪ੍ਰਯਾਗ ਕਾਸ਼ੀ ਆਦਿ ਹਿੰਦੂ ਤੀਰਥਾਂ ਤੇ ਗਏ। ਇਕੱਠੇ ਹੋਏ ਲੋਕਾਂ ਨੂੰ ਗੁਰਮਤਿ ਦ੍ਰਿੜ ਕਰਵਾਈ ਤੇ ਸੱਚਾ ਤੀਰਥ ਸਤਿ ਸੰਗਤ ਨੂੰ ਹੀ ਦਸਿਆ।

ਫਿਰ ਗਯਾ ਤੋਂ ਪਟਨੇ ਗਏ। ਇਥੇ ਭਾਈ ਜੈਤਾ ਹਲਵਾਈ ਦੇ ਘਰ ਮਾਤਾ ਗੁਜਰੀ ਜੀ ਨੂੰ ਛਡਿਆ, ਜਿਹਨਾਂ ਦੀ ਕੁੱਖ ਤੋਂ 22 ਦਸਬੰਰ ਸੰਨ 1666 ਨੂੰ (ਗੁਰੂ) ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।

ਪਟਨੇ ਤੋਂ ਰਾਜਮਹਲ, ਮਾਲਦਾ, ਮੁਰਸ਼ਿਦਾਬਾਦ ਹੁੰਦੇ ਹੋਏ ਢਾਕੇ ਪਹੁੰਚੇ। ਢਾਕੇ ਤੋਂ ਅਸਾਮ ਪੁਜੇ। ਅਸਾਮ ਵਿਖੇ ਸੰਨ 1670 ਵਿਚ ਆਪ ਨੇ ਰਾਜਾ ਰਾਮ ਸਿੰਘ ਤੇ ਅਹੋਮੀ ਕਬੀਲੇ ਦੇ ਸਰਦਾਰ ਰਾਜਾ ਚਕ੍ਰ ਧੁਜ ਦੀ ਸੁਲਾਹ ਕਰਵਾਈ ਤੇ ਦੋਹਾਂ ਪਾਸਿਓਂ ਖੂਨ ਡੁਲਣੋਂ ਬਚਾਇਆ। ਅਸਾਮ ਤੋਂ ਆਪ ਵਾਪਸ ਪੰਜਾਬ ਪਰਤੇ। ਕਿਉਂਕਿ ਔਰੰਗਜ਼ੇਬ ਨੇ ਹਿੰਦੂਆਂ ਤੇ ਸਖਤੀ ਅਰੰਭ ਕਰ ਦਿਤੀ ਸੀ ਅਤੇ ਪਾਠਸ਼ਾਲਾਂ ਤੇ ਮੰਦਰ ਢਾਹ ਦੇਣ ਦਾ ਐਲਾਨ ਕਰ ਦਿਤਾ ਸੀ।

ਗੁਰੂ ਜੀ ਪਟਨੇ ਆਏ। ਥੋੜਾ ਸਮਾਂ ਟਿਕ ਕੇ ਸਾਹਿਬਜ਼ਾਦੇ ਨੂੰ ਮਿਲ ਕੇ ਬਕਸਰ, ਬਨਾਰਸ, ਅਯੁਧਿਆ ਆਦਿ ਵਿਚੋਂ ਹੁੰਦੇ ਹੋਏ ਢਾਈ ਤਿੰਨ ਮਹੀਨਿਆਂ ਵਿਚ ਅਨੰਦਪੁਰ ਪੁਜ ਗਏ। ਥੋੜ੍ਹੇ ਚਿਰ ਪਿਛੋਂ ਪਰਵਾਰ ਨੂੰ ਭੀ ਪਟਨੇ ਤੋਂ ਅਨੰਦਪੁਰ ਸਾਹਿਬ ਮੰਗਵਾ ਲਿਆ।

ਜਦੋਂ ਕਸ਼ਮੀਰ ਵਿਚ ਸ਼ੇਰ ਅਫਗਾਨ ਖਾਂ ਨੇ ਤਲਵਾਰ ਦੇ ਜ਼ੋਰ ਨਾਲ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣਾ ਅਰੰਭਿਆ ਤਾਂ ਕਸ਼ਮੀਰੀ ਪੰਡਤ ਅਨੰਦਪੁਰ ਸਾਹਿਬ ਗੁਰੂ ਜੀ ਕੋਲ ਫਰਯਾਦ ਲੈ ਕੇ ਆਏ। ਸਤਿਗੁਰੂ ਜੀ ਨੇ ਸ਼ਰਨ ਆਇਆਂ ਦੀ ਬਾਂਹ ਪਕੜੀ ਤੇ ਦਿੱਲੀ ਜਾ ਕੇ ਸ਼ਹੀਦ ਹੋਣ ਦਾ ਫੈਸਲਾ ਕਰ ਲਿਆ।

ਅਨੰਦਪੁਰ ਤੋਂ ਚਲਕੇ ਕੀਰਤਪੁਰ, ਫੈਜ਼ਾਬਾਦ ਸਮਾਣਾ ਕੈਥਲ, ਲਖਣ ਮਾਜਰਾ, ਰੋਹਤਕ ਆਦਿ ਥਾਵਾਂ ਤੇ ਸਹਿਮੀ ਹੋਈ ਹਿੰਦੂ ਜਨਤਾ ਵਿਚ, ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ ਦਾ ਪ੍ਰਚਾਰ ਕਰਦੇ ਆਗਰਾ ਪੁਜੇ। ਖਾਸ ਸੇਵਕ ਆਪਣੇ ਨਾਲ ਇਹ ਹੀ ਰੱਖੇ— ਭਾਈ ਮਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿਤਾ ਜੀ, ਭਾਈ ਊਦਾ ਜੀ ਤੇ ਭਾਈ ਜੈਤਾ ਜੀ। ਆਪ ਦੇ ਪ੍ਰਚਾਰ ਨੇ ਲੋਕਾਂ ਵਿਚ ਜਾਗਰਤੀ ਲਿਆਂਦੀ। ਲੋਕਾਂ ਵਿਚ ਕੁਰਬਾਨੀ ਦਾ ਤੇ ਜ਼ੁਲਮ ਵਿਰੁਧ ਡੱਟ ਜਾਣ ਦਾ ਬਲ ਤੇ ਉਤਸ਼ਾਹ ਆਇਆ। ਇਸ ਗਲ ਦੀ ਰਿਪੋਰਟ ਔਰੰਗਜ਼ੇਬ ਪਾਸ 'ਹਸਨ ਅਬਦਾਲ' ਪੁਜੀ। ਉਸਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕੀਤੇ। ਆਗਰੇ ਤੋਂ ਗੁਰੂ ਜੀ, ਗ੍ਰਿਫਤਾਰ ਕਰਕੇ ਦਿੱਲੀ ਲਿਆਂਦੇ ਗਏ। ਪੰਜ ਸਿੱਖ ਨਾਲ ਸਨ।

ਗੁਰੂ ਜੀ ਨੇ ਤਿੰਨ ਸਿੱਖਾਂ ਭਾਈ ਜੈਤਾ ਜੀ, ਭਾਈ ਗੁਰਦਿਤਾ ਜੀ ਤੇ ਭਾਈ ਊਦਾ ਜੀ ਨੂੰ ਵੱਖ ਕਰ ਦਿਤਾ ਤਾਂ ਕਿ ਉਹ ਸ਼ਹਿਰ ਵਿਚ ਰਹਿਣ, ਤੇ ਜੋ ਉਹਨਾਂ ਨਾਲ ਬੀਤੇ ਉਸ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਰਿਪੋਰਟ ਪਹੁੰਚਾਣ। ਭਾਈ ਮਤੀ ਦਾਸ ਜੀ, ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਨੇ ਆਪਣੇ ਨਾਲ ਰਖਿਆ।

ਗੁਰੂ ਤੇਗ ਬਹਾਦਰ ਸਾਹਿਬ ਨੂੰ ਪਹਿਲੀ ਗੱਲ ਇਹ ਕਹੀ ਗਈ ਕਿ ਉਹ ਇਸਲਾਮ ਕਬੂਲ ਕਰਨ। ਜੇ ਉਹ ਇਹ ਨਹੀਂ ਮੰਨਦੇ ਤਾਂ ਕਰਾਮਾਤ ਵਿਖਾਉਣ, ਨਹੀਂ ਤਾਂ ਸੀਸ ਦੇਣ ਲਈ ਤਿਆਰ ਹੋ ਜਾਣ।

ਗੁਰੂ ਜੀ ਨੇ ਕਿਹਾ ਧਰਮ ਛੱਡਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕਰਾਮਾਤ ਦਿਖਾਉਣਾ ਪ੍ਰਭੂ ਦੇ ਸੇਵਕਾਂ ਨੂੰ ਸ਼ੋਭਦਾ ਨਹੀਂ। ਸੀਸ ਦੇਣ ਲਈ ਅਸੀਂ ਤਿਆਰ ਹਾਂ ਕਿਉਂਕਿ ਸੀਸ ਦੇਣ ਲਈ ਹੀ ਤਾਂ ਆਏ ਹਾਂ।

ਗੁਰੂ ਤੇਗ ਬਹਾਦਰ ਜੀ ਨੂੰ ਡਰਾਉਣ ਦੀ ਖਾਤਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਉਹਨਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਦੋ ਫਾੜ ਕੀਤਾ ਗਿਆ। ਫਿਰ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਿਆ ਗਿਆ। ਉਪਰੰਤ ਗੁਰੂ ਤੇਗ ਬਹਾਦਰ ਸਾਹਿਬ 11 ਨਵੰਬਰ 1675 ਨੂੰ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿਤੇ ਗਏ। ਜ਼ਲਾਲ-ਉਦੀਨ, ਸਮਾਨੇ ਵਾਲੇ ਜਲਾਦ ਨੇ ਤਲਵਾਰ ਨਾਲ ਗੁਰੂ ਜੀ ਦਾ ਸੀਸ ਧੜ ਨਾਲੋਂ ਵਖ ਕਰ ਦਿਤਾ।

ਭਾਈ ਜੈਤਾ ਜੀ ਤੇ ਭਾਈ ਊਦਾ ਜੀ ਨੇ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਸਲਾਹ ਮਸ਼ਵਰਾ ਕਰਕੇ ਗੁਰੂ ਜੀ ਦਾ ਧੜ ਤੇ ਸੀਸ ਸੰਭਾਲਣ ਬਾਰੇ ਪ੍ਰੋਗਰਾਮ ਬਣਾਇਆ। ਭਾਈ ਲਖੀ ਸ਼ਾਹ, ਗਡੇ ਲੈ ਕੇ ਲਾਲ ਕਿਲ੍ਹੇ ਵਿਚੋਂ ਚੂਨਾ ਕਲੀ ਸੁਟ ਕੇ ਚਾਂਦਨੀ ਚੌਂਕ ਵਿਚੋਂ ਲੰਘਿਆ। ਜਿਥੇ ਪ੍ਰੋਗਰਾਮ ਅਨੁਸਾਰ ਭਾਈ ਊਦਾ ਜੀ ਨੇ ਜੋ ਮੁਸਲਮਾਨੀ ਭੇਸ ਵਿਚ ਸੀ ਸਤਿਗੁਰੂ ਦਾ ਧੜ ਗਡੇ ਵਿਚ ਸੁਟ ਲਿਆ। ਤਿੰਨ ਮੀਲ ਜਾ ਕੇ ਪਿੰਡ ਰਕਾਬ ਗੰਜ ਵਿਖੇ ਭਾਈ ਲਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕਰ ਦਿਤਾ। ਜਿਥੇ ਅਜ ਗੁਰਦੁਆਰਾ ਰਕਾਬ ਗੰਜ ਹੈ।

ਉਧਰ ਭਾਈ ਜੈਤਾ ਜੀ ਸੀਸ ਦੀ ਭਾਲ ਵਿਚ ਤਿਆਰ ਸੀ। ਉਸਨੇ ਇਸ ਹਫੜਾ-ਤਫੜੀ ਵਿਚ ਗੁਰੂ ਜੀ ਦਾ ਪਵਿਤਰ ਸੀਸ ਚੁਕਿਆ ਤੇ ਸਿੱਧਾ ਅਨੰਦਪੁਰ ਸਾਹਿਬ ਵਾਹੋ ਦਾਹੀ ਪੈਂਡਾ ਮੁਕਾਉਂਦਾ ਪਹੁੰਚਿਆ। ਭਾਈ ਊਦਾ ਜੀ ਵੀ ਰਸਤੇ ਵਿਚ ਮਿਲ ਪਏ। ਦੋਵੇਂ ਸੀਸ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚੇ। ਗੁਰੂ ਜੀ ਨੇ ਗਲ ਨਾਲ ਲਾਇਆ ਤੇ 'ਰੰਘਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨਿਆ। ਜਿਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਥੇ ਅੱਜ ਗੁਰਦੁਆਰਾ ਸੀਸ ਗੰਜ ਸੁਸ਼ੋਭਤ ਹੈ।

□□□

# ਗੁਰੂ ਨਾਨਕ ਤੇ ਮਨੁੱਖੀ ਅਧਿਕਾਰ

(ਡਾ. ਮਦਨਜੀਤ ਕੌਰ)

ਅਧਿਕਾਰ ਉਹ ਮੰਗਾਂ ਹਨ ਜਿਸ ਦੀ ਤਲਬ ਵਿਅਕਤੀ ਸਮਾਜ ਤੋਂ ਕਰਦਾ ਹੈ। ਮਨੁੱਖ ਦੀ ਸ਼ਖਸੀਅਤ ਦੇ ਵਿਕਾਸ ਲਈ ਇਹ ਜ਼ਰੂਰੀ ਸ਼ਰਤਾਂ ਹਨ। ਪ੍ਰਸਿੱਧ ਰਾਜਨੀਤੀ ਸ਼ਾਸਤਰ ਦੇ ਵਿਦਵਾਨ ਲਾਸਕੀ ਦਾ ਕਥਨ ਹੈ, 'ਅਸਲ ਵਿੱਚ ਅਧਿਕਾਰ ਸਮਾਜ ਦੀਆਂ ਉਹ ਪ੍ਰਸਥਿਤੀਆਂ ਹਨ ਜਿਨ੍ਹਾਂ ਤੋਂ ਬਗੈਰ ਮਨੁੱਖ ਸੰਪੂਰਨ ਨਹੀਂ ਬਣ ਸਕਦਾ।'

ਮਨੁੱਖੀ ਅਧਿਕਾਰਾਂ ਦੀ ਵਿਚਾਰਧਾਰਾ ਦਾ ਢਾਂਚਾ ਉਨ੍ਹੀਵੀਂ ਸਦੀ ਦੀ ਪ੍ਰਾਪਤੀ ਹੈ। ਪਰ ਮਨੁੱਖੀ ਹੱਕਾਂ ਦੀ ਚੇਤਨਾ ਮਨੁੱਖੀ ਵਿਚਾਰਧਾਰਾ ਦੇ ਵਿਕਾਸ ਦੀ ਪ੍ਰਗਤੀ ਦਾ ਸਿੱਟਾ ਹੈ। ਇਤਿਹਾਸਿਕ ਸੰਦਰਭ ਵਿੱਚ ਮਨੁੱਖੀ ਅਧਿਕਾਰਾਂ ਦਾ ਸੰਕਲਪ ਆਧੁਨਿਕ ਕਾਲ ਵਿੱਚ ਸਮਾਜਿਕ ਪ੍ਰਬੰਧਾਂ ਦੀ ਆਲੋਚਨਾ ਵਜੋਂ ਪੈਦਾ ਹੋਇਆ। ਇਸ ਦਾ ਲਹਿਜਾ ਗਰਮ-ਖਿਆਲੀਆ ਸੀ ਅਤੇ ਮੰਤਵ ਕ੍ਰਾਂਤੀਕਾਰੀ। ਅਮਰੀਕਾ ਦੀ ਕ੍ਰਾਂਤੀ ਅਤੇ ਫਰਾਂਸ ਦੀ ਕ੍ਰਾਂਤੀ ਦਾ ਮਨੁੱਖੀ ਅਧਿਕਾਰਾਂ ਦੇ ਸੰਕਲਪ 'ਤੇ ਡੂੰਘਾ ਪ੍ਰਭਾਵ ਪਿਆ।

ਮਨੁੱਖੀ ਅਧਿਕਾਰਾਂ ਦਾ ਵਿਸ਼ਾ ਅਜੋਕੇ ਯੁੱਗ ਦਾ ਪ੍ਰਬਲ ਮਸਲਾ ਹੈ। ਦੁਨੀਆਂ ਦੀ ਦੂਸਰੀ ਜੰਗ ਤੋਂ ਉਪਰੰਤ ਯੂਨਾਈਟਿਡ ਨੇਸ਼ਨ ਦੀ ਸਰਪ੍ਰਸਤੀ ਹੇਠ ਮਾਨਵੀ ਹੱਕਾਂ ਦੀ ਸੁਰੱਖਿਆ ਲਈ ਵੱਡੇ ਯਤਨ ਕੀਤੇ ਗਏ ਅਤੇ ਹੁਣ ਐਮਨੈਸਟੀ ਇੰਟਰਨੈਸ਼ਨਲ ਦੇ ਸੰਗਠਨ ਰਾਹੀਂ ਮਨੁੱਖੀ ਅਧਿਕਾਰਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਕਾਨੂੰਨੀ ਪੱਧਰ 'ਤੇ ਮਨੁੱਖੀ ਹੱਕਾਂ ਦੀ ਸੁਰੱਖਿਆ ਖੇਤਰੀ ਅਤੇ ਰਾਸ਼ਟਰੀ ਸੀਮਾ ਦੀ ਹੱਦਬੰਦੀ ਤੋਂ ਅੰਤਰ-ਰਾਸ਼ਟਰੀ ਘੇਰੇ ਵਿੱਚ ਪਹੁੰਚ ਚੁੱਕੀ ਹੈ। ਇਹ ਹੈ ਮਨੁੱਖੀ ਅਧਿਕਾਰਾਂ ਦੇ ਵਿਕਾਸ ਦੀ ਛੋਟੀ ਕਹਾਣੀ।

ਉਪਰੋਕਤ ਪਿੱਠ ਭੂਮੀ ਸੰਦਰਭ ਵਿੱਚ ਅਸੀਂ ਮਨੁੱਖੀ ਅਧਿਕਾਰਾਂ ਪ੍ਰਤੀ ਪੰਦਰਵੀਂ ਤੇ ਸੋਲ੍ਹਵੀਂ ਸਦੀ ਦੇ ਸਿੱਖ ਚਿੰਤਨ ਦੇ ਮਿਆਰ ਦਾ ਅਧਿਐਨ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਬਾਣੀ ਦੇ ਸੰਦਰਭ ਵਿੱਚ ਕਰਾਂਗੇ। ਇਹ ਵਿਸ਼ੇ ਗੁਰੂ ਨਾਨਕ ਬਾਣੀ ਦੇ ਅਹਿਮ ਨੁਕਤਿਆਂ 'ਤੇ ਕੇਂਦਰਿਤ ਹਨ ਜਿਸ ਦਾ ਸੰਬੰਧ ਮਾਨਵੀ ਹੱਕਾਂ ਪ੍ਰਤੀ ਗੁਰੂ ਸਾਹਿਬ ਦੇ ਰਵਈਏ ਅਤੇ ਉਨ੍ਹਾਂ ਦੇ ਉਪਦੇਸ਼ਾਂ ਨਾਲ ਸੰਬੰਧਤ ਸੰਸਾਰਿਕ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਬੁਨਿਆਦੀ ਤੌਰ 'ਤੇ ਗੁਰੂ ਨਾਨਕ ਬਾਣੀ ਧਾਰਮਿਕ ਸਾਹਿਤ ਹੈ, ਪਰ ਉਨ੍ਹਾਂ ਦੇ ਉਪਦੇਸ਼ ਸਰਬੱਤ ਮਾਨਵਤਾ ਦੀ ਭਲਾਈ ਲਈ ਅਧਿਆਤਮਿਕ ਅਤੇ ਧਰਮ ਨਿਰਪੱਖ ਪੱਖਾਂ ਨੂੰ ਜੋੜ ਕੇ ਸੰਪੂਰਨ ਜੀਵਨ ਵਿਵਸਥਾ ਦੀ ਪ੍ਰਣਾਲੀ ਪੇਸ਼ ਕਰਦੇ ਹਨ, ਜਿਸ ਦਾ ਢਾਂਚਾ ਮਨੁੱਖੀ ਆਚਰਣ ਦੇ ਗੁਣਾਂ ਅਤੇ ਕਰਤੱਵ ਪਾਲਣ ਦੀਆਂ ਵਿਸ਼ੇਸ਼ ਸੀਮਾਵਾਂ ਦਾ ਮੁਹਤਾਜ ਨਹੀਂ। ਗੁਰੂ ਨਾਨਕ ਦੇਵ ਜੀ ਦਾ ਸਮਾਂ (੧੪੬੯-੧੫੩੯) ਭਾਰਤੀ ਇਤਿਹਾਸ ਵਿੱਚ ਰਾਜਨੀਤਕ, ਸਮਾਜਿਕ ਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਅਧੋਗਤੀ ਦੀ ਹਾਲਤ ਵਿੱਚ ਸੀ। ਗੁਰੂ ਸਾਹਿਬ ਦੇ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਸਮਕਾਲੀ ਇਤਿਹਾਸਕ ਵਾਸਤਵਿਕਤਾ ਦਾ ਪੂਰਾ ਅਹਿਸਾਸ ਸੀ। ਉਨ੍ਹਾਂ ਦੀ ਟਿਪਣੀ ਹੈ :

**ਕਲਿ ਕਾਤੀ ਰਾਜੇ ਕਾਸਾਈ ਧਰਮੁ,**
**ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ,**
**ਨਾਹੀ ਕਹ ਚੜਿਆ॥** (ਪੰਨਾ ੧੪੫)

ਗੁਰੂ ਨਾਨਕ ਬਾਣੀ ਇਸ ਤੱਥ ਦਾ ਪ੍ਰਮਾਣ ਹੈ ਕਿ ਗੁਰੂ ਸਾਹਿਬ ਆਪਣੇ ਸਮੇਂ ਦੀ ਬੇਚੈਨੀ, ਬਦਅਮਨੀ, ਭ੍ਰਿਸ਼ਟਾਚਾਰ, ਜ਼ੁਲਮ ਤੇ ਤਨਾਓ ਦੇ ਮਾਹੌਲ ਤੋਂ ਚਿੰਤਤ ਸਨ। ਉਨ੍ਹਾਂ ਦੀ ਗਵਾਹੀ ਹੈ :

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥**

(ਰਾਗ ਮਲਾਰ, ਵਾਰ, ਮ: ੧, ਪੰਨਾ ੧੨੮੮)

ਗੁਰੂ ਨਾਨਕ ਦੇਵ ਜੀ ਨੂੰ ਦੁਖੀ ਜਨਤਾ ਦੇ ਕਲਿਆਣ ਦੀ ਡੂੰਘੀ ਚਿੰਤਾ ਸੀ। ਇਸੇ ਚਿੰਤਾ ਵਿੱਚੋਂ ਉਨ੍ਹਾਂ ਦੇ ਮਨੁੱਖੀ ਅਧਿਕਾਰ ਦੇ ਸੰਕਲਪ ਦਾ ਨਿਕਾਸ ਹੁੰਦਾ ਹੈ। ਗੁਰੂ ਜੀ ਨੇ ਆਪਣੇ ਮਾਨਵ ਹਿੱਤਕਾਰੀ ਰਹੱਸਵਾਦ ਨੂੰ ਬਾਣੀ ਰਾਹੀਂ ਪ੍ਰਗਟ ਕਰਕੇ ਲੋਕਾਂ ਨੂੰ ਦੁੱਖਾਂ ਦੇ ਘੇਰੇ 'ਚੋਂ ਕੱਢਣ ਲਈ ਆਤਮਿਕ ਸ਼ਕਤੀ ਦੀ ਪ੍ਰੇਰਨਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਮਨੋਬਲ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ। ਅਸਲ ਵਿੱਚ ਗੁਰੂ ਨਾਨਕ ਬਾਣੀ ਭਾਰਤੀ ਸਭਿਆਚਾਰ ਦੇ ਖੇਤਰ ਵਿੱਚ ਇਕ ਨਿਵੇਕਲੀ ਵਿਚਾਰਧਾਰਾ ਦੀ ਬੁਨਿਆਦ ਪੇਸ਼ ਕਰਦੀ ਹੈ, ਜਿਸ ਦੇ ਮਾਨਵ ਹਿੱਤਕਾਰੀ ਪੱਖ ਦਾ ਵਿਸ਼ਾਲ ਘੇਰਾ ਗੰਭੀਰ ਅਤੇ ਡੂੰਘੇ ਅਧਿਐਨ ਦੀ ਮੰਗ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਅਧਿਕਾਰਾਂ ਦੇ ਜਿਸ ਸੰਕਲਪ ਦੀ ਉਸਾਰੀ ਕੀਤੀ, ਉਸ ਵਿੱਚ ਮਨੁੱਖੀ ਅਧਿਕਾਰਾਂ ਦੇ ਸਮਾਨਤਾ ਦੇ ਸਿਧਾਂਤ ਨੂੰ ਇਕ ਪਰਮਾਤਮਾ ਦੇ ਸਿਧਾਂਤ ਨਾਲ ਜੋੜ ਕੇ ਦ੍ਰਿੜ ਕਰਾਇਆ ਗਿਆ ਹੈ।

**ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥**

(ਸਿਰੀ ਰਾਗੁ ਕੀ ਵਾਰ, ਪੰਨਾ ੮੩)

ਗੁਰੂ ਨਾਨਕ ਦੇਵ ਜੀ ਦਾ ਸਮਾਜਿਕ ਵਿਧਾਨ ਮਨੁੱਖੀ ਭਾਈਚਾਰੇ ਦੇ ਸਿਧਾਂਤ 'ਤੇ ਆਧਾਰਤ ਹੈ ਜਿਥੇ ਸਭ ਮਨੁੱਖ ਸਮਾਨ ਹਨ, ਧਰਮ 'ਤੇ ਚੱਲਣ ਦਾ ਸਭ ਨੂੰ ਹੱਕ ਹੈ। ਗੁਰੂ ਸਾਹਿਬ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਹੈ। ਉਥੇ ਕਿਸੇ ਨਸਲ ਜਾਤੀ, ਖੇਤਰੀ, ਰਾਸ਼ਟਰੀ, ਭਾਸ਼ਾਈ ਅਤੇ ਵਿਸ਼ੇਸ਼ ਰਾਖਵੇਂ ਸਭਿਆਚਾਰ ਤੇ ਉਚ ਨੀਚ ਦੀ ਹੱਦਬੰਦੀ ਨਹੀਂ। ਗੁਰੂ ਸਾਹਿਬ ਦੀ ਬਾਣੀ ਵਿੱਚ ਫਿਰਕਾਪ੍ਰਸਤੀ ਨਫ਼ਰਤ, ਸਮਾਜਿਕ, ਆਰਥਿਕ

ਤੇ ਰਾਜਨੀਤਕ ਵਿਤਕਰੇ ਅਤੇ ਧਾਰਮਿਕ ਵੰਡੀਆਂ ਪਾਉਣ ਵਾਲੇ ਤੱਤਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸੱਚੇ ਧਰਮ ਨੂੰ ਸਮਝਣ ਲਈ ਲੋਕਾਂ ਨੂੰ ਇਕ ਦੂਸਰੇ ਨੂੰ ਬਰਦਾਸ਼ਤ ਕਰਨ ਲਈ ਸਹਿਣਸ਼ੀਲਤਾ ਦੀ ਪ੍ਰੇਰਨਾ ਦਿੱਤੀ ਗਈ ਹੈ। ਸੁਲਤਾਨਪੁਰ ਵਿਖੇ ਵੇਈਂ ਪ੍ਰਵੇਸ਼ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਇਲਹਾਮ ਦਾ ਪੈਗਾਮ

**ਨਾ ਕੋ ਹਿੰਦੂ ਨ ਕੋਈ ਮੁਸਲਮਾਨ।।**

ਉਨ੍ਹਾਂ ਦੇ ਵਿਸ਼ਵਾਸ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਮਨੁੱਖ ਤੇ ਮਨੁੱਖ ਵਿੱਚ ਧਰਮ ਦੇ ਨਾਂ ਹੇਠ ਵੰਡੀਆਂ ਪਾਉਣੀਆਂ ਦੇਵੀ ਵਿਧਾਨ ਦੇ ਵਿਰੁੱਧ ਹੈ। ਅਸਲ ਵਿੱਚ ਗੁਰੂ ਸਾਹਿਬ ਨੇ ਧਰਮ ਨੂੰ ਸੰਪ੍ਰਦਾਇਕ ਸੀਮਾਵਾਂ ਤੋਂ ਮੁਕਤ ਕੀਤਾ ਅਤੇ ਮਨੁੱਖੀ ਸਮਾਨਤਾ ਤੇ ਮਨੁੱਖੀ ਸੁਤੰਤਰਤਾ ਦੇ ਸਿਧਾਂਤ ਦਾ ਉਪਦੇਸ਼ ਦਿੱਤਾ ਹੈ। ਗੁਰੂ ਨਾਨਕ ਬਾਣੀ ਸਮਾਨਤਾ ਵਾਲੇ ਸਮਾਜਿਕ ਸੰਗਠਨ ਦਾ ਨਿਰਮਾਣ ਲੋਚਦੀ ਹੈ, ਜਿੱਥੇ ਮਨੁੱਖ ਇਸਤਰੀ ਅਤੇ ਪੁਰਸ਼ ਬਰਾਬਰ ਹੋਣ। ਭਾਰਤੀ ਸਮਾਜ ਵਿੱਚ ਮਨੁੱਖੀ ਸਮਾਨਤਾ ਦੀ ਸਮੱਸਿਆ ਦਾ ਸਮਾਧਾਨ ਦੱਸਦੇ ਹੋਏ ਜਾਤ-ਪਾਤ ਤੇ ਵਰਣ ਦੇ ਭੇਦ ਭਾਵ ਨੂੰ ਤਿਆਗਣ ਵਾਲੇ ਵਿਅਕਤੀ ਨੂੰ ਗੁਰੂ ਸਾਹਿਬ ਨੇ ਬਹੁਤ ਸ੍ਰੇਸ਼ਟ ਮੰਨਿਆ ਹੈ :

**ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ।।**
**ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ।।**

(ਪ੍ਰਭਾਤੀ, ਮ: ੧, ਪੰਨਾ ੧੩੪੫)

ਸਮਾਜਿਕ ਸਮਾਨਤਾ ਦੀ ਕਸਵੱਟੀ ਗੁਰੂ ਸਾਹਿਬ ਨੇ ਮਨੁੱਖੀ ਏਕਤਾ ਦੇ ਸਰੂਪ ਵਿਚ ਉਲੀਕੀ ਹੈ। ਉਹ ਉਪਦੇਸ਼ ਦਿੰਦੇ ਹਨ ਕਿ ਜਾਤ-ਪਾਤ ਦਾ ਵਿਤਕਰਾ ਵਿਅਰਥ ਹੈ। ਗੁਰੂ ਸਾਹਿਬ ਨੇ ਉਚ-ਨੀਚ ਦੇ ਸਮਾਜਿਕ ਵਿਤਕਰੇ ਨੂੰ ਮਨੋਵਿਗਿਆਨਕ ਪੱਧਰ ਤੇ ਵੀ ਦੂਰ ਕਰਨ ਦਾ ਸੰਦੇਸ਼ ਦਿੱਤਾ ਹੈ :

**ਸਭੁ ਕੋ ਉਚਾ ਆਖੀਐ ਨੀਚੁ ਨ ਦੀਸੈ ਕੋਇ।।**

(ਸਿਰੀ ਰਾਗੁ, ਮ: ੧, ਪੰਨਾ ੬੨)

ਗੁਰੂ ਨਾਨਕ ਦੇਵ ਜੀ ਦਾ ਮਨੁੱਖੀ ਅਧਿਕਾਰਾਂ ਪ੍ਰਤੀ ਸਰੋਕਾਰ ਉਨ੍ਹਾਂ ਦੇ ਦੀਨ ਤੇ ਕਿਰਤੀ ਸ੍ਰੇਣੀ ਵਲੋਂ ਰੁਚਿਤ ਹੋਣ ਤੋਂ ਵੀ ਪ੍ਰਗਟ ਹੁੰਦਾ ਹੈ। ਆਮ ਲੋਕਾਂ ਨੂੰ ਮਨੁੱਖੀ ਹੱਕਾਂ ਦੇ ਅਹਿਸਾਸ ਨੂੰ ਸਮਝਾਉਣ ਲਈ ਉਨ੍ਹਾਂ ਨੇ ਆਪਣਾ ਹਿੱਤ ਜਨ ਸਮਾਜ ਨਾਲ ਪ੍ਰਗਟਾਇਆ ਅਤੇ ਪੁਰਜ਼ੋਰ ਸ਼ਬਦਾਂ ਵਿੱਚ ਫੁਰਮਾਇਆ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।**

(ਸਿਰੀ ਰਾਗੁ ਮ: ੧, ਪੰਨਾ ੧੫)

ਇਨ੍ਹਾਂ ਕ੍ਰਾਂਤੀਕਾਰਾਂ ਵਿਚਾਰਾਂ ਨਾਲ ਗੁਰੂ ਸਾਹਿਬ ਨੇ ਲੋਕਾਂ ਨੂੰ ਹੀਣਤਾ ਦੀ ਭਾਵਨਾ ਤਿਆਗਣ ਤੇ ਬਰਾਬਰ ਹੋ ਕੇ ਸਮਾਜ ਵਿੱਚ ਵਿਚਰਣ ਦੀ ਸਿੱਖਿਆ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਸੰਗਤ, ਪੰਗਤ ਅਤੇ ਲੰਗਰ ਦੀ ਸੰਸਥਾ ਰਾਹੀਂ ਵਿਵਹਾਰਿਕ ਪੱਧਰ 'ਤੇ ਜਾਤ ਦੇ ਭੇਦ-ਭਾਵ ਦਾ ਤ੍ਰਿਸਕਾਰ ਕੀਤਾ ਅਤੇ ਉਚੀਆਂ ਸ੍ਰੇਣੀਆ ਵਲੋਂ ਹੇਠਲੀਆਂ ਸ੍ਰੇਣੀਆਂ ਦੇ ਸ਼ੋਸ਼ਣ ਦਾ ਵਿਰੋਧ ਕਰਕੇ ਮਨੁੱਖੀ ਸਮਾਨਤਾ ਤੇ ਸਮਾਜਿਕ ਨਿਆਂ ਦੀ ਹਾਮੀ ਭਰੀ ਹੈ ਅਤੇ ਆਪਣੇ ਮਨੋਰਥ ਨੂੰ ਅਮਲੀ ਜਾਮਾ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਵੈਦਿਕ ਮਾਨਵ ਧਰਮ ਦੀ ਵਰਣ-ਵਿਵਸਥਾ ਦੀ ਵਿਉਂਤਬੰਦੀ ਨੂੰ ਨਕਾਰਿਆ ਹੈ।

ਸਮਾਜਿਕ ਸਮਾਨਤਾ ਦੇ ਸੰਦਰਭ ਵਿਚ ਗੁਰੂ ਸਾਹਿਬ ਨੇ ਇਸਤਰੀ ਨੂੰ ਬਰਾਬਰੀ ਦਾ ਸਥਾਨ ਦੇਣ ਦਾ ਉਪਦੇਸ਼ ਦਿੱਤਾ ਹੈ। ਤਤਕਾਲੀ ਸਮਾਜ ਵਿਚ ਨਾਰੀ ਪ੍ਰਤੀ ਨਿਰਾਦਰੀ ਦੀ ਭਾਵਨਾ ਪ੍ਰਚਲਤ ਸੀ ਜਿਸ ਦਾ ਵੱਡਾ ਕਾਰਨ ਇਹ ਸੀ ਕਿ ਭਾਰਤੀ ਧਾਰਮਿਕ ਪਰੰਪਰਾਵਾਂ ਵਿਚ ਨਾਰੀ ਨੂੰ ਮੁਕਤੀ ਲਈ ਬੰਧਨ ਸਮਝਿਆ ਗਿਆ ਸੀ। ਮੁਸਲਿਮ ਸਮਾਜ ਵਿਚ ਵੀ ਨਾਰੀ ਦੀ ਕੋਈ ਚੰਗੀ ਸਥਿਤੀ ਨਹੀਂ ਸੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਪ੍ਰਤੀ ਨਿਰਾਦਰੀ ਦੇ ਰਵਈਏ ਦੀ ਨਿਖੇਧੀ ਕੀਤੀ। ਇਸਤਰੀ ਜਾਤੀ ਦੇ ਪੁਰਸ਼ ਨਾਲ ਸਮਾਨਤਾ ਦੇ ਸਿਧਾਂਤ ਨੂੰ ਗੁਰੂ ਨਾਨਕ ਦੇਵ ਜੀ ਨੇ ਜਿਸ ਠੋਸ ਦਲੀਲ ਨਾਲ ਪੇਸ਼ ਕੀਤਾ ਹੈ ਉਸ ਦੀ ਮਿਸਾਲ ਹੋਰ ਕਿਤੇ ਘੱਟ ਹੀ ਮਿਲਦੀ ਹੈ। ਗੁਰੂ ਸਾਹਿਬ ਦਾ ਉਪਦੇਸ਼ ਹੈ :

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।**

(ਪੰਨਾ ੪੭੩)

ਆਧੁਨਿਕ ਸ਼ਬਦਾਵਲੀ ਵਿਚ ਮਨੁੱਖੀ ਹੱਕਾਂ ਦੀ ਸੁਰੱਖਿਆ ਲਈ ਪਰਜਾਤੰਤਰ ਦੇ ਵਿਧਾਨ ਦਾ ਆਧਾਰ ਵਿਅਕਤੀ ਦੇ ਗੌਰਵ ਅਤੇ ਸਨਮਾਨ ਨੂੰ ਮੰਨਿਆ ਜਾਂਦਾ ਹੈ। ਇਹ ਗੱਲ ਬੜੀ ਮਹੱਤਵਪੂਰਨ ਹੈ ਕਿ ਸਿੱਖ ਸਭਿਆਚਾਰ ਵਿੱਚ ਇਹ ਤੱਤ ਉਹ ਧੁਰਾ ਹੈ ਜਿਸ ਦੇ ਦੁਆਲੇ ਮਨੁੱਖੀ ਅਧਿਕਾਰਾਂ ਦਾ ਸੰਕਲਪ ਉਲੀਕਿਆ ਗਿਆ ਹੈ। ਵਿਅਕਤੀ ਦੀ ਸ੍ਰੇਸ਼ਟਤਾ ਨੂੰ ਦਰਸਾਉਂਦਾ ਗੁਰੂ ਸਾਹਿਬ ਦਾ ਫੁਰਮਾਨ ਹੈ :

ਸਭਿ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।

(ਧਨਾਸਰੀ, ਮ: ੧, ਪੰਨਾ ੧੩)

ਗੁਰੂ ਨਾਨਕ ਬਾਣੀ ਵਿਚ 'ਹੱਕ' ਤੇ 'ਪੱਤ' ਦੀ ਗੱਲ ਕੀਤੀ ਗਈ ਹੈ। 'ਵਾਰ ਮਾਝ' ਵਿਚ ਗੁਰੂ ਸਾਹਿਬ ਨੇ ਵਿਅਕਤੀ ਦੇ ਆਤਮ-ਸਨਮਾਨ ਦਾ ਮੁੱਦਾ ਪੇਸ਼ ਕੀਤਾ ਹੈ।

ਗੁਰੂ ਸਾਹਿਬ ਨੇ 'ਪੰਥ' ਦੇ ਨਿਰਮਾਣ ਰਾਹੀਂ ਇਕ ਆਦਰਸ਼ ਸਮਾਜਿਕ ਸੰਗਠਨ ਦੀ ਸਥਾਪਨਾ ਕੀਤੀ, ਜਿਸ ਦੀਆਂ ਕਦਰਾਂ-

ਕੀਮਤਾਂ ਵਿਚ ਮਨੁੱਖੀ ਸਮਾਨਤਾ ਤੇ ਮਨੁੱਖੀ ਸੁਤੰਤਰਤਾ ਦੇ ਸ਼ੋਸ਼ਣ ਦਾ ਵਿਰੋਧ ਕਰਨ ਦੀ ਸਮਰੱਥਾ ਹੈ। ਪਰ ਇਸ ਯੁਗਤ ਦਾ ਜਿਹੜਾ ਵਿਧਾਨ ਗੁਰੂ ਸਾਹਿਬ ਦਰਸਾਉਂਦੇ ਹਨ, ਉਸ ਵਿੱਚ ਮਨੁੱਖ ਨੂੰ ਆਪਣੀਆਂ ਪ੍ਰਸਥਿਤੀਆਂ ਦੀ ਪੂਰੀ ਸੋਝੀ ਹੋਣੀ ਚਾਹੀਦੀ ਹੈ:

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ।।**

(ਸਲੋਕ, ਮ: ੧, ਪੰਨਾ ੧੨੪੫)

ਮਾਨਵੀ ਅਧਿਕਾਰਾਂ ਦੀ ਸੁਰੱਖਿਆ ਲਈ ਇਹ ਜ਼ਰੂਰੀ ਹੈ ਕਿ ਲੋਕਾਂ ਨੂੰ ਆਪਣੇ ਹੱਕਾਂ ਦੀ ਚੇਤਨਾ ਹੋਵੇ। ਇਸ ਗਿਆਨ ਤੋਂ ਅਵੇਸਲੇ ਮਨੁੱਖ ਕਲੇਸ਼, ਮੁਸੀਬਤਾਂ, ਜ਼ਫਰ ਤੇ ਨੁਕਸਾਨ ਦੇ ਭਾਗੀ ਬਣਦੇ ਹਨ। ਸਮਾਜਿਕ ਯਥਾਰਥ ਦੀ ਇਸ ਸਚਾਈ 'ਤੇ ਗੁਰੂ ਨਾਨਕ ਦੇਵ ਜੀ, 'ਆਸਾ ਕੀ ਵਾਰ' ਵਿੱਚ ਟਿੱਪਣੀ ਕਰਦੇ ਹਨ। ਗੁਰੂ ਸਾਹਿਬ ਦਾ ਮਨੁੱਖੀ ਅਧਿਕਾਰਾਂ ਨਾਲ ਗੂੜ੍ਹਾ ਸਰੋਕਾਰ ਉਨ੍ਹਾਂ ਦੀ ਬਾਣੀ ਵਿੱਚ ਲੋਕਾਂ ਦੇ ਦੁੱਖਾਂ ਦੇ ਵਿਰੋਧ, ਉਨ੍ਹਾਂ ਵੱਲੋਂ ਉਠਾਈ ਆਵਾਜ਼ ਅਤੇ ਕਰੁਣਾ ਦੀ ਪੁਕਾਰ ਤੋਂ ਵੀ ਪ੍ਰਗਟ ਹੁੰਦਾ ਹੈ। ਉਨ੍ਹਾਂ ਪਰਜਾ ਉੱਪਰ ਰਾਜਿਆਂ ਤੇ ਹਾਕਮਾਂ ਦਾ ਜ਼ੁਲਮ, ਨੌਕਰਸ਼ਾਹੀ ਦੇ ਭ੍ਰਿਸ਼ਟਾਚਾਰ ਅਤੇ ਵਿਦੇਸ਼ੀ ਹਮਲਾਵਰ ਦੇ ਅਤਿਆਚਾਰ ਦਾ ਖੁਲ੍ਹ ਕੇ ਵਿਰੋਧ ਕੀਤਾ। 'ਰਾਮਕਲੀ ਕੀ ਵਾਰ' ਵਿੱਚ ਗੁਰੂ ਸਾਹਿਬ ਆਪਣੀ ਸਮਕਾਲੀ ਸਭਿਆਚਾਰਕ ਅਧੋ-ਗਤੀ ਤੇ ਰਾਜਨੀਤਕ ਗੁਲਾਮੀ 'ਤੇ ਦੁੱਖ ਪ੍ਰਗਟਾਉਂਦੇ ਹਨ। ਭਾਰਤ ਦੇ ਇਤਿਹਾਸ ਵਿੱਚ ਕਿਸੇ ਵੀ ਲੋਕ ਨਾਇਕ ਨੇ ਲੋਕਾਂ ਦੇ ਸਭਿਆਚਾਰਕ ਪਤਨ ਦਾ ਇਹੋ-ਜਿਹਾ ਵਰਨਣ ਨਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਬੰਦੇ ਨੂੰ ਬੰਦੇ ਦੀ ਗੁਲਾਮੀ ਕਰਨ ਤੋਂ ਵਰਜਿਆ ਤੇ ਉਨ੍ਹਾਂ ਲੋਕਾਂ ਨੂੰ ਅਜਿਹੀ ਅਮਾਨਵੀ ਸਥਿਤੀ ਵਿੱਚੋਂ ਨਿਕਲਣ ਲਈ 'ਭਾਇ ਭਏ ਮੁਰਦਾਰ' ਕਹਿ ਕੇ ਕੁਝ ਕਰ ਗੁਜ਼ਰਨ ਦੀ ਸ਼ਰਮ ਦੁਆਈ। ਗੁਰੂ ਨਾਨਕ ਬਾਣੀ ਵਿੱਚ ਮਾਨਵੀ ਹੱਕਾਂ ਦਾ ਸੰਕਲਪ ਬੜਾ ਸਪੱਸ਼ਟ ਹੈ। ਜਿੱਥੇ ਆਪਣੇ ਹੱਕਾਂ ਬਾਰੇ ਸੋਝੀ ਅਤੇ ਗਿਆਨ ਦੀ ਲੋੜ ਵੱਲ ਸੰਕੇਤ ਕੀਤਾ ਗਿਆ ਹੈ। ਉਸ ਦੇ ਨਾਲ ਹੀ ਦੂਸਰੇ ਦੇ ਹੱਕ ਨੂੰ ਮਾਰਨ ਦੀ ਵੀ ਸਖਤ ਮਨਾਹੀ ਕੀਤੀ ਗਈ ਹੈ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।**

(ਮ: ੧, ਪੰਨਾ ੧੪੧)

ਗੁਰੂ ਸਾਹਿਬ ਆਪਣੇ ਸਮਕਾਲੀ ਦੂਸ਼ਿਤ ਰਾਜਨੀਤਕ ਢਾਂਚੇ ਵਿੱਚ ਪ੍ਰੀਵਰਤਨ ਅਤੇ ਸੁਧਾਰ ਚਾਹੁੰਦੇ ਸਨ। ਉਹ ਸੱਚੇ ਰਾਜ, ਜ਼ਿੰਮੇਵਾਰ ਪ੍ਰਸ਼ਾਸਕੀ ਪ੍ਰਬੰਧ ਤੇ ਇਨਸਾਫ ਦੀ ਮੰਗ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਕ੍ਰਾਂਤੀਕਾਰੀ ਚਿੰਤਨ ਰਾਹੀਂ ਸਮਾਜਿਕ ਪ੍ਰੀਵਰਤਨ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਨੇ ਆਪਣੇ ਅਧਿਆਤਮਵਾਦ ਦੇ ਖੇਤਰ ਵਿੱਚ ਰਾਜਨੀਤੀ ਦੇ ਪੱਖ ਨੂੰ ਅੱਖੋਂ ਓਹਲੇ ਨਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਕੀ ਵਾਰ' ਤੋਂ ਸਪੱਸ਼ਟ ਹੈ ਕਿ ਰਾਜਨੀਤਕ ਵਿਵਸਥਾ ਪ੍ਰਤੀ ਜਾਗਰੂਕ ਰਹਿਣਾ ਧਰਮੀ ਮਨੁੱਖ ਦਾ ਫਰਜ਼ ਹੈ ਅਤੇ ਜੇ ਲੋਕ-ਭਲਾਈ ਲਈ ਲੋੜ ਪਵੇ ਤਾਂ ਉਹ ਰਾਜਨੀਤਕ ਖੇਤਰ ਵਿੱਚ ਹਿੱਸਾ ਲੈ ਸਕਦਾ ਹੈ ਅਤੇ ਦਖ਼ਲ-ਅੰਦਾਜ਼ੀ ਕਰ ਸਕਦਾ ਹੈ। ਗੁਰੂ ਸਾਹਿਬ ਦੀ ਧਾਰਨਾ ਹੈ ਕਿ ਮਾਨਵੀ ਹੱਕਾਂ ਤੇ ਨਿਆਂ ਲਈ ਸੰਘਰਸ਼ ਅਤੇ ਰਾਜਨੀਤੀ ਵਿੱਚ ਹਿੱਸਾ ਲੈਣਾ ਜਾਇਜ਼ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਧਰਮੀ ਮਨੁੱਖ ਚੰਗਾ ਸ਼ਾਸਕ ਬਣ ਸਕਦਾ ਹੈ ਨਿਆਂ ਕਰ ਸਕਦਾ ਹੈ ਅਤੇ ਦੂਜਿਆਂ ਦੇ ਹੱਕ ਦੀ ਰਖਵਾਲੀ ਕਰ ਸਕਦਾ ਹੈ।

ਮਾਨਵੀ ਹੱਕਾਂ ਦੀ ਸੁਰੱਖਿਆ ਲਈ ਨਿਆਂਸ਼ੀਲ ਰਾਜ-ਨੀਤਕ ਵਿਵਸਥਾ ਦੀ ਕਾਮਨਾ ਕਰਦੇ ਹੋਏ ਉਹ ਰਾਜੇ 'ਤੇ ਸ਼ਰਤ ਲਾਉਂਦੇ ਹੋਏ ਆਦੇਸ਼ ਦਿੰਦੇ ਹਨ:

**ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ।।**

(ਸਲੋਕ ਮ: ੧, ਪੰਨਾ ੧੨੪੦)

**...ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ।।੧।।**

(ਮਾਰੂ, ਮ: ੧, ਪੰਨਾ ੯੯੨)

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਸੰਸਾਰੀ ਜੀਵਨ ਦੀਆਂ ਆਰਥਿਕ ਲੋੜਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਅਤੇ ਉਸ ਨੂੰ ਉਪਦੇਸ਼ ਦਿੱਤਾ ਹੈ ਕਿ ਉਹ ਆਪਣੀ ਉਪਜੀਵਿਕਾ ਲਈ ਕਿਰਤ ਕਰੇ ਅਤੇ ਹੱਕ ਤੇ ਹਲਾਲ ਦੀ ਕਮਾਈ ਕਰੇ। ਸਮਾਜ ਦੀ ਆਰਥਿਕ ਖੁਸ਼ਹਾਲੀ ਲਈ ਗੁਰੂ ਸਾਹਿਬ ਨੇ **'ਵੰਡ ਛਕਣਾ'** ਦੇ ਸਿਧਾਂਤ ਦੀ ਹਿਦਾਇਤ ਕੀਤੀ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ।।**

**ਨਾਨਕ ਰਾਹੁ ਪਛਾਣਹਿ ਸੇਇ।।**

(ਸਲੋਕ, ਮ: ੧, ਪੰਨਾ ੧੨੪੫)

ਆਧੁਨਿਕ ਦ੍ਰਿਸ਼ਟੀ ਤੋਂ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਮਾਜਵਾਦ ਦੇ ਸਿਧਾਂਤ ਨਾਲ ਮੇਲ ਖਾਂਦੀ ਹੈ। ਗੁਰੂ ਸਾਹਿਬ ਮਿਹਨਤਕਸ਼, ਗਰੀਬ, ਦਲਿਤ ਅਤੇ ਵਿਹੂਣੇ ਲੋਕਾਂ ਦੀ ਸਥਿਤੀ ਸੁਧਾਰਨ ਲਈ ਇਹੋ-ਜਿਹੀ ਆਦਰਸ਼ ਸਮਾਜਿਕ ਵਿਵਸਥਾ ਦੀ ਸਥਾਪਨਾ ਕਰਨਾ ਚਾਹੁੰਦੇ ਸਨ, ਜਿਥੇ ਸਮਾਜ ਦੇ ਸਾਰੇ ਸਰੋਤ ਸਮੂਹਿਕ ਭਲਾਈ ਲਈ ਵਰਤੇ ਜਾਣ। ਅਸਲ ਵਿੱਚ ਗੁਰੂ ਸਾਹਿਬ ਨੇ ਜਿਸ ਸਮਾਜਿਕ ਵਿਵਸਥਾ ਦਾ ਸੰਦੇਸ਼ ਦਿੱਤਾ ਹੈ, ਉਸ ਵਿੱਚ ਮੁਕੰਮਲ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਮਨੋਵਿਗਿਆਨਕ ਸਮਾਨਤਾ ਸਥਾਪਿਤ ਕਰਨ ਦਾ ਉਪ-ਦੇਸ਼ ਦਿੱਤਾ ਗਿਆ ਹੈ ਕਿਉਂਕਿ ਗੁਰੂ ਸਾਹਿਬ ਦੇ ਵਿਸ਼ਵਾਸ ਮੁਤਾਬਕ ਹਰ ਮਨੁੱਖ ਵਿੱਚ ਪਰਮਾਤਮਾ ਦਾ ਵਾਸ ਹੈ। ਉਸ ਨੂੰ ਯੋਗ ਸਤਿਕਾਰ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਨੂੰ ਮਾਣ ਸਕੇ।

# ਕੇਸਾਂ ਬਿਨਾਂ ਜ਼ੀਰੋ

*✻ ਗਿ: ਸੁਰਜੀਤ ਸਿੰਘ, ਨਵੀਂ ਦਿੱਲੀ*

ਕੌਣ ਜਾਣਦਾ ਸੀ ਉਸ ਦੀ ਜ਼ਿੰਦਗੀ ਵਿਚ ਏਡਾ ਵੱਡਾ ਪਲਟਾ ਆ ਜਾਵੇਗਾ।

ਸਿਆਣੇ ਆਖਦੇ ਹਨ "ਤੁਖਮ-ਤਾਸੀਰ ਸੋਭਤ-ਏ-ਅਸਰ" ਭਾਵ ਬੱਚੇ ਉੱਪਰ ਸੰਗਤ ਦਾ ਪ੍ਰਭਾਵ ਹੁੰਦਾ ਹੈ ਅਤੇ ਜਿਸ ਪ੍ਰਕਾਰ ਦੀ ਸੰਗਤ ਹੋਵੇ, ਉਹੋ ਜਿਹਾ ਹੀ ਉਸ ਦਾ ਸੁਭਾਵ ਬਣ ਜਾਂਦਾ ਹੈ। ਗੁਰੂ ਪਾਤਸ਼ਾਹ ਨੇ ਇਸੇ ਗੱਲ ਨੂੰ 'ਜੇਹਾ ਵੇਖਹਿ ਤੇਹਾ ਵੇਖ' ਕਹਿ ਕੇ ਸਮਝਾਇਆ ਹੈ।

ਮਾੜੀ ਸੰਗਤ ਨੇ ਉਸ ਨੂੰ ਗਿਰਾਵਟ ਦੇ ਡੂੰਘੇ ਟੋਏ ਵਿਚ ਸੁਟ ਦਿੱਤਾ ਸੀ। ਇਹ ਕੁਸੰਗਤ ਦਾ ਅਸਰ ਸੀ ਕਿ ਉਹ ਅਚਾਨਕ ਹੀ ਅੱਜ ਕੇਸਾਂ ਨੂੰ ਕਤਲ ਕਰਵਾ ਆਇਆ ਸੀ। ਗੁਰੂ ਪਾਤਸ਼ਾਹ ਵਲੋਂ ਬਖਸ਼ੀ ਵਿਲੱਖਣਤਾ ਉਸ ਅੱਜ ਆਪਣੀਂ ਹੱਥੀਂ ਗੁਆ ਲਈ ਸੀ। ਸਿੱਖੀ ਬਾਰੇ ਸੋਝੀ ਤਾਂ ਉਸ ਅੰਦਰ ਪਹਿਲਾਂ ਹੀ ਨਹੀਂ ਸੀ, ਪਰ ਅੱਜ ਆਪਣਾ ਸ਼ੇਰਾਂ ਵਾਲਾ ਚਿਹਰਾ ਵੀ ਉਸ ਕੋਲ ਨਹੀਂ ਸੀ ਰਿਹਾ।

ਕੁਕਰਮ ਤਾਂ ਉਹ ਕਰ ਹੀ ਚੁੱਕਾ ਸੀ, ਪਰ ਮਨ ਕਰਕੇ ਉਹ ਕਈ ਗੁੰਝਲਾਂ ਵਿਚ ਫਸਿਆ ਹੋਇਆ ਸੀ। ਕਦੇ ਕੁਸੰਗੀਆਂ ਦਾ ਧਿਆਨ ਆਉਂਦਾ ਤਾਂ ਮਨ ਨੂੰ ਢਾਰਸ ਆਉਂਦਾ "ਚਲੋ ਕੇਸ ਵਾਧੂ ਦਾ ਭਾਰ ਸਨ, ਕੰਮ ਮੁੱਕਾ"। ਜੇ ਆਪਣੇ ਘਰ ਦਾ ਧਿਆਨ ਆਉਂਦਾ ਤਾਂ ਆਪਣੇ ਪਰਿਵਾਰ ਦਾ ਡਰ ਅਤੇ ਵਿਸ਼ੇਸ਼ ਤੌਰ ਤੇ ਆਪਣੇ ਪਿਤਾ ਦਾ। ਭਾਵੇਂ ਘਰ ਵਿਚ ਕੋਈ ਸਿੱਖੀ ਦੀ ਗੱਲ ਹੈ ਸੀ ਜਾਂ ਨਹੀਂ ਪਰ ਸਰੂਪ ਦੀ ਕਾਇਮੀ ਦਾ ਫ਼ਿਕਰ ਤਾਂ ਪੱਕਾ ਸੀ। "ਅੱਜ ਪਿਤਾ ਜੀ ਨੇ ਘਰ ਨਹੀਂ ਵੜਨ ਦੇਣਾ। ਚਲੋ ਕੋਈ ਗੱਲ ਨਹੀਂ, ਇਕ-ਦੋ ਦਿਨ ਗੱਲ ਚਲੂ, ਆਪੇ ਮੁਕ ਜਾਊ, ਦੇਖੀ ਜਾਵੇਗੀ।" ਢੀਠਤਾ ਵਧਦੀ ਗਈ।

ਕੁਸੰਗੀਆਂ ਵਿਚ ਪੁੱਜਾ ਤਾਂ ਉਹਨਾਂ ਮੁਬਾਰਕਾਂ ਦਿੱਤੀਆਂ, ਚਾਹ ਪਾਰਟੀਆਂ ਹੋਈਆਂ, ਸ਼ਾਮ ਨੂੰ ਫਿਲਮ ਸ਼ੋਅ ਅਤੇ ਫਿਰ ਕਿਸੇ ਚੰਗੇ ਹੋਟਲ ਤੇ ਡਿਨਰ-ਕੈਬਰੇ ਦਾ ਪ੍ਰੋਗਰਾਮ ਵੀ, ਇਸੇ ਖ਼ੁਸ਼ੀ ਵਿਚ ਉਸ ਦੇ ਕੁਸੰਗੀਆਂ ਨੇ ਨਿਯਤ ਕਰ ਦਿੱਤਾ।

ਸਿੱਖੀ ਦੀ ਸ਼ਾਨ ਕੇਸਾਂ ਨੂੰ ਤਿਲਾਂਜਲੀ ਦੇਣ ਦੀ ਜੁਰਅਤ ਤਾਂ ਭਾਵੇਂ ਉਸ ਕਰ ਹੀ ਲਈ ਸੀ ਪਰ ਉਸ ਦਾ ਆਪਣਾ ਮਨ ਅਜੇ ਕਈ ਉਤਾਰਾ-ਚੜ੍ਹਾਵਾਂ ਵਿੱਚ ਹੀ ਗੇੜੇ ਕੱਟ ਰਿਹਾ ਸੀ। ਇਤਨੇ ਨੂੰ ਇੱਕ ਕੁਸੰਗੀ ਨੇ ਉਸ ਵੱਲ ਜਗਤ ਜੂਠ ਸਿਗਰਟਾਂ ਦੀ ਡੱਬੀ ਵਧਾਂਦੇ ਹੋਏ ਕਿਹਾ, "ਲੈ ਯਾਰ ਅੱਜ ਇਹ ਵੀ ਚਖ ਲੈ, ਨਸ਼ਾ ਆ ਜਾਵੇਗਾ।"

"ਪੀ ਲੈ, ਕੀ ਹੋਇਆ, ਖੁਸ਼ਬੂ ਤਾਂ ਤੈਨੂੰ ਰੋਜ਼ ਹੀ ਮਿਲ ਜਾਂਦੀ ਸੀ ਅਜ ਸੁਆਦ ਵੀ ਚਖ ਲੈ।" ਦੂਜੇ ਨੇ ਆਖਿਆ

"ਪੀ ਲੈ ਬਈ, ਕੀ ਹੋਇਆ, ਇਹ ਬੜੀ ਚੰਗੀ ਚੀਜ਼ ਆ ! ਹੁਣ ਕਿਹੜਾ ਤੂੰ ਸਿੱਖ ਏਂ, ਸਾਡੇ ਵਰਗਾ ਈ ਏਂ। ਹੁਣ ਸ਼ਰਮ ਕਾਹਦੀ, ਜਿਸਦੀ ਸ਼ਰਮ ਸੀ ਉਹ ਤਾਂ ਤੂੰ ਨਾਈ ਕੋਲ ਛੋਡ ਆਇਆ ਏਂ।" ਤੀਜੇ ਨੇ ਆਖਿਆ।

ਕੇਸਾਂ ਦੀ ਉੱਚਤਾ ਬਾਰੇ ਉਸ ਨੂੰ ਕੁਝ ਪਤਾ ਨਹੀਂ ਸੀ। ਪਤਾ ਲੱਗਦਾ ਵੀ ਕਿਵੇਂ ? ਕੁਸੰਗੀਆਂ ਤਾਂ ਉਸ ਨੂੰ ਦੱਸਣਾ ਹੀ ਨਹੀਂ ਸੀ। ਆਪਣੇ ਆਪ ਨੂੰ ਉਹ ਬੜਾ ਸਿਆਣਾ, ਸਮਝਦਾਰ ਅਤੇ ਪਤਾ ਨਹੀਂ ਕੀ ਕੀ ਸਮਝਦਾ ਸੀ। ਅੰਗਰੇਜ਼ੀ ਵੀ ਫਰ-ਫਰ ਬੋਲ ਸਕਦਾ ਸੀ, ਪੰਜਾਬੀ ਪੜ੍ਹਨ ਦੀ ਤਾਂ ਉਸ ਕਦੇ ਲੋੜ ਹੀ ਨਹੀਂ ਸੀ ਸਮਝੀ, ਡਿਗਰੀ ਵੀ ਉਸ ਕੋਲ ਡਬਲ ਐਮ. ਏ. ਦੀ ਸੀ। ਫ਼ਿਲਮਾਂ ਬਾਰੇ ਉਸ ਕੋਲੋਂ ਭਾਵੇਂ ਕਿਸੇ ਫਿਲਮ ਸਟਾਰ ਵਾਸਤੇ ਪੁੱਛੋ ਉਹ ਸਭ ਜਾਣਦਾ ਸੀ ਕਿ ਕਿਸ ਦਾ ਰੁਮਾਂਸ ਕਿਸ ਨਾਲ ਚਲ ਰਿਹਾ ਹੈ। ਹੋਰ ਕਈ ਪੱਖਾਂ ਤੋਂ ਵੀ ਉਸ ਨੂੰ ਕਾਫੀ ਗਿਆਨ ਸੀ, ਪਰ ਜਿਨ੍ਹਾਂ ਕੇਸਾਂ ਦੀ ਲੋੜ ਨੂੰ ਸਮਝਣ ਵਾਸਤੇ ਉਸ ਕਦੇ ਪੰਜ ਮਿੰਟ ਦਾ ਸਮਾਂ ਵੀ ਨਹੀਂ ਸੀ ਲਗਾਇਆ, ਉਹਨਾਂ ਬਾਰੇ ਜਾਣਦਾ ਵੀ ਕਿਵੇਂ ? ਜੇ ਕਦੇ ਕੋਈ ਪੰਥ ਦਰਦੀ ਉਸ ਨੂੰ ਉਸ ਦੀ ਇਸ ਕਮੀ ਬਾਰੇ ਧਿਆਨ ਦੁਆਉਂਦਾ ਤਾਂ ਬੜਾ ਦੁਖੀ ਹੋ ਕਰਕੇ ਉਸ ਤੋਂ ਪਿੱਛਾ ਛੁਡਾਉਂਦਾ, ਉਹ ਸਮਝਦਾ ਉਸ ਨੂੰ ਬੋਰ ਕੀਤਾ ਜਾ ਰਿਹਾ ਹੈ। ਜੇ ਮਲੋ ਮਲੀ ਉਸ ਨੂੰ ਕੋਈ ਲਿਟਰੇਚਰ ਹੀ ਪੜ੍ਹਨ ਵਾਸਤੇ ਦੇ ਦੇਂਦਾ ਤਾਂ ਮੂੰਹ ਰੱਖਣ ਨੂੰ ਲੈ ਤਾਂ ਲੈਂਦਾ ਪਰ ਬੇਲੋੜਾ ਸਮਝ ਕਰਕੇ ਇਧਰ-ਉਧਰ ਰਖ ਦੇਂਦਾ ਜਾਂ ਫਿਰ ਆਪਣੀਆਂ ਪੁਸਤਕਾਂ ਵਿਚ ਸਭ ਤੋਂ ਥੱਲੇ ਕਰਕੇ ਰਖ ਦੇਂਦਾ। ਕਿਸੇ ਗੁਰਸਿੱਖ ਨੇ ਉਸ ਦੀਆਂ ਅਨੇਕਾਂ ਹੁਜੱਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਵੀ, ਖਹਿੜੇ ਪੈ ਕੇ ਉਸ ਨੂੰ ਮਾੜੀ-ਮੋਟੀ ਪੰਜਾਬੀ ਜ਼ਰੂਰ ਪੜ੍ਹਵਾ ਦਿੱਤੀ ਸੀ, ਖਸ ਹੋਰ ਕੁਝ ਨਹੀਂ।

"ਖ਼ੁਸ਼ਬੂ ਤਾਂ ਰੋਜ਼ ਹੀ ਮਿਲ ਜਾਂਦੀ ਸੀ, ਅੱਜ ਸੁਆਦ ਵੀ ਲੈ ਲੈ ਅਤੇ ਪੀ ਲੈ ਸਾਡੇ ਵਰਗਾ ਈ ਏਂ ......... ਜਿਸ ਦੀ ਸ਼ਰਮ ਸੀ ਉਹ ਤਾਂ ਨਾਈ ਕੋਲ ਛੱਡ ਆਇਆ ਏਂ...।" ਉਸ ਦੇ ਅੰਦਰ ਬਚੀ ਖੁਚੀ ਅਣਖ 'ਤੇ ਸਟ ਵਜੀ।

ਕੁਸੰਗੀਆਂ ਦੇ ਉਪਰੋਕਤ ਲਫਜ਼ ਉਸ ਦੇ ਕੰਨਾਂ ਵਿਚ ਗੂੰਜਣ ਲੱਗ ਪਏ, ਉਸਨੂੰ ਸਮਝ ਆ ਗਈ ਕਿ ਜਿਹੜਾ ਸਿਗਰਟਾਂ ਦਾ ਧੂੰਆਂ ਜਾਣ-ਬੁਝ ਕੇ ਉਸ ਉਪਰ ਰੋਜ਼ਾਨਾ ਸੁਟਿਆ ਜਾਂਦਾ ਸੀ ਉਸ ਵਿਚ ਇਕ ਚਾਲ ਸੀ ਪਰ ਉਹ ਤਾਂ ਉਸ ਨੂੰ ਆਪਣੇ ਲਿਬਰਲ (ਖੁਲ੍ਹੇ ਖਿਆਲਾਂ ਵਾਲਾ) ਹੋਣ ਦੀ ਪਹਿਚਾਣ ਹੀ ਸਮਝਦਾ ਸੀ।

ਸਿਗਰਟ ਉਸ ਨੇ ਅਜੇ ਤੀਕ ਨਹੀਂ ਸੀ ਪੀਤਾ ਪਰ ਅੱਜ ਪਹਿਲੀ ਵਾਰੀ ਉਸ ਮਹਿਸੂਸ ਕੀਤਾ ਕਿ ਇਹ ਕੇਸਾਂ ਦੀ ਹੀ ਵਾੜ ਸੀ ਜਿਸ ਕਾਰਨ ਉਹ ਨਾਮ ਧਰੀਕ ਸਿੱਖ

ਹੁੰਦਾ ਹੋਇਆ ਵੀ ਇਸ ਬੁਰਾਈ ਤੋਂ ਅੱਜ ਤੀਕ ਬੱਚਿਆ ਰਿਹਾ ਸੀ।

"ਸ਼ਰਮ ਤਾਂ ਤੂੰ ਨਾਈ ਕੋਲ ਛੱਡ ਆਇਆ ਏਂ।" .... ਇਹਨਾਂ ਲਫ਼ਜ਼ਾਂ ਵਿਚੋਂ ਉਸ ਨੂੰ ਅੱਜ ਪਹਿਲੀ ਵਾਰੀ ਕੁਸੰਗਤ ਦੀ ਬਦਬੂ ਆਈ ਸੀ। ਉਸਨੇ ਪਹਿਲੀ ਵਾਰੀ ਮਹਿਸੂਸ ਕੀਤਾ ਕਿ ਜਿਹੜੇ ਕੁਝ ਗਿਣੇ ਮਿਣੇ ਸਿੱਖ ਸਰੂਪ ਵਿਚ ਹੁੰਦੇ ਹੋਏ ਵੀ ਸਿਗਰਟ ਮੂੰਹ ਨੂੰ ਲਾ ਕਰਕੇ ਆਪਣੀ ਬੇ-ਸ਼ਰਮੀ ਅਤੇ ਨੀਚਤਾ ਦਾ ਸਬੂਤ ਦੇਂਦੇ ਹਨ, ਉਹਨਾਂ ਨੂੰ ਇਸ ਬੇਸ਼ਰਮੀ ਦੀ ਖੱਡ ਵਿਚ ਸੁਟਣ ਵਾਲੇ ਉਨ੍ਹਾਂ ਦੇ ਵੱਡੇ ਦੁਸ਼ਮਣ ਇਹੋ ਹੀ ਕੁਸੰਗੀ ਹੁੰਦੇ ਹਨ। ਅੱਜ ਉਸ ਨੂੰ ਇਹਨਾਂ ਕੁਸੰਗੀਆਂ ਵਿਚ ਛਿਪਿਆ ਹੋਇਆ ਅਸਲ ਰਾਖਸ਼ ਸਾਫ਼ ਦਿਖਾਈ ਦੇਣ ਲੱਗ ਪਿਆ ਸੀ।

ਚਾਹ ਪਾਰਟੀਆਂ ਅਤੇ ਮੁਬਾਰਕਾਂ ਹੋ ਚੁੱਕੀਆਂ, ਸਿਗਰਟਾਂ ਰਾਹੀਂ, ਹੁਜਤਾਂ ਨੇ ਉਸਦੀ ਗੁਆਚੀ ਅਣਖ ਨੂੰ ਕੁਝ ਟੁੰਬਿਆ ਸੀ। ਇਸ ਤੋਂ ਬਾਅਦ ਰਾਤ ਦਾ ਹੋਟਲ ਵਿਚ ਡਿਨਰ ਅਤੇ ਸ਼ਾਮ ਦੀ ਫ਼ਿਲਮ, ਅੱਜ ਦੇ ਇਹ ਪ੍ਰੋਗ੍ਰਾਮ ਬਾਕੀ ਸਨ।

"ਮੇਰਾ ਅੱਜ ਮੂਡ ਠੀਕ ਨਹੀਂ, ਮੈਂ ਸ਼ਾਮ ਪੰਜ ਵਜੇ ਤੀਕ ਤੁਹਾਡੇ ਕੋਲ ਪਿਕਚਰ ਵਾਸਤੇ ਪੁੱਜ ਜਾਵਾਂਗਾ, ਕਿਧਰੇ ਜ਼ਰੂਰੀ ਜਾਣਾ ਏਂ।" ਕਹਿ ਕਰਕੇ ਢਿੱਲਾ ਜਿਹਾ ਹੋਇਆ ਉਹ ਆਪਣੇ 'ਦੋਸਤਾਂ' ਪਾਸੋਂ ਚੱਲ ਪਿਆ।

ਕਿਧਰੇ ਜਾਣ ਵਾਸਤੇ ਉਸ ਬੱਸ ਉਪਰ ਚੜ੍ਹਨਾ ਸੀ। ਬੱਸ ਉਪਰ ਬੜਾ ਧੱਕਾ ਤੇ ਭੀੜ ਸੀ। ਭੀੜ ਕਾਰਨ ਜਦੋਂ ਰਤਾ ਗੇਟ ਵਿਚ ਅਟਕ ਗਿਆ ਤਾਂ ਪਿਛੇ ਕਿਸੇ ਨੇ ਖਿਝ ਕੇ ਆਖਿਆ, "ਚਲ ਲਾਲਾ ! ਅੱਗੇ ਹੋ, ਦੂਜਿਆਂ ਵੀ ਤਾਂ ਚੜ੍ਹਨਾ ਹੈ, ਤੂੰ ਤਾਂ ਰਸਤਾ ਹੀ ਰੋਕ ਲਿਆ ......"।

ਇਹ ਲਫ਼ਜ਼ ਉਸ ਨੂੰ ਮਾਨੋ ਖੰਜਰ ਦੀ ਤਰ੍ਹਾਂ ਲੱਗੇ। ਅੱਜ ਪਹਿਲੀ ਵਾਰੀ ਕਿਸੇ 'ਸਰਦਾਰ ਜੀ' ਨਹੀਂ ਬਲਕਿ 'ਲਾਲਾ' ਕਰਕੇ ਉਸ ਨੂੰ ਆਖਿਆ ਸੀ।

'ਲਾਲਾ' ਦੇ ਅਰਥ ਤਾਂ ਗ਼ੁਲਾਮ ਹੁੰਦੇ ਹਨ, ਉਸ ਨੂੰ ਚੰਗੀ ਤਰ੍ਹਾਂ ਪਤਾ ਸੀ। ਉਸ ਅੰਦਰ ਸਰਦਾਰੀ ਵਾਲੇ ਕੋਈ ਗੁਣ ਨਹੀਂ ਸਨ, ਸਿੱਖੀ ਬਾਰੇ ਉਸ ਨੂੰ ਕੁੱਝ ਪਤਾ ਨਹੀਂ ਸੀ। ਫਿਰ ਵੀ ਉਸ ਨੂੰ ਅਜ ਤੀਕ ਸਰਦਾਰ ਕਰਕੇ ਹੀ ਬੁਲਾਇਆ ਜਾਂਦਾ ਸੀ। ਉਹ ਸਟਪਟਾ ਉਠਿਆ। "ਮੂੰਹ ਸੰਭਾਲ ਕੇ ਗੱਲ ਕਰ, ਮੈਂ ਸਰਦਾਰ ਆਂ, ਲਾਲਾ ਤਾਂ ਤੂੰ ਏ, ਆਪਣੀ ਸ਼ਕਲ ..." ਅੱਗੋਂ ਉਸਦੇ ਬਾਕੀ ਲਫ਼ਜ਼ ਉਸਦੇ ਅੰਦਰ ਹੀ ਰੁਕੇ ਰਹਿ ਗਏ।

"ਸਰਦਾਰ ਅਖਵਾਉਣ ਦਾ ਸ਼ੌਕ ਹਈ ਤਾਂ ਸਾਡੇ ਵਰਗਾ ਬਣ, ਲਾਲਿਆਂ ਨੂੰ ਤਾਂ ਕੋਈ ਲਾਲਾ ਹੀ ਕਹੇਗਾ" -ਕੋਲੋਂ ਦੋ ਸਿੱਖ ਨੌਜਵਾਨਾਂ ਨੇ ਉਸ ਦੀ ਗੱਲ ਨੂੰ ਕੱਟਿਆ।

ਇਹ ਉਸਦੀ ਸੁੱਤੀ ਹੋਈ ਜ਼ਮੀਰ ਤੇ ਤਾਬੜ ਤੋੜ ਹਮਲੇ ਸਨ। ਉਹ ਘਬਰਾ ਉਠਿਆ ਉਸ ਨੂੰ ਸਮਝ ਆ ਗਈ, ਕੇਸ ਉਸ ਨੂੰ ਕਿਥੋਂ-ਕਿਥੋਂ ਬਚਾਈ ਬੈਠੇ ਸਨ। ਸਿੱਖੀ ਕੇਸਾਂ ਵਿਚ ਹੀ ਹੈ, ਕੇਸਾਂ ਤੋਂ ਬਿਨਾਂ ਕੋਈ ਸਿੱਖ ਨਹੀਂ ਹੋ ਸਕਦਾ – ਉਸ ਦਾ ਮਨ ਉਸਨੂੰ ਕਹਿ ਰਿਹਾ ਸੀ। ਬੰਗਾਲੀ ਬਾਬੂ ਇੰਦੂ ਭੂਸ਼ਨ ਬੈਨਰਜੀ ਦੇ ਲਫ਼ਜ਼ਾਂ ਦੀ ਅੱਜ ਪਹਿਲੀ ਵਾਰੀ ਉਸ ਨੂੰ ਸਮਝ ਆਉਣ ਲੱਗ ਪਈ ਜਿਹੜੇ ਕਿ ਕਦੇ ਕਿਸੇ ਸਿੱਖ ਵੀਰ ਨੇ ਉਸ ਨੂੰ ਦੱਸੇ ਸਨ।

"ਕਿਸੇ ਵਿਚਾਰਧਾਰਾ ਦਾ ਆਪਣੇ ਆਪ ਵਿਚ ਮਹਾਨ ਹੋਣਾ ਹੀ ਕੇਵਲ ਉਸਦੀ ਮਹਾਨਤਾ ਨਹੀਂ ਬਲਕਿ ਇਸ ਤੋਂ ਵੱਡਾ ਕੰਮ ਹੈ ਉਸ ਦੀ ਮਹਾਨਤਾ ਨੂੰ ਸੰਭਾਲਣਾ ਦਾ ਉੱਦਮ। ਗੁਰੂ ਨਾਨਕ ਪਾਤਸ਼ਾਹ ਦੀ ਵੱਡੀ ਮਹਾਨਤਾ ਹੈ ਕਿ ਜਿੱਥੇ ਉਹਨਾਂ ਦੀ ਵਿਚਾਰਧਾਰਾ ਮਹਾਨ ਹੈ ਉੱਥੇ ਉਹਨਾਂ ਨੇ ਉਸ ਵਿਚਾਰਧਾਰਾ ਨੂੰ ਕੱਪੜੇ ਵੀ ਪੁਆ ਦਿੱਤੇ।"

ਇਹ ਕੱਪੜੇ ਪੁਆਉਣੇ ਕੀ ਸਨ ? ਇਹ ਕੇਸਾਂ ਵਾਲੇ ਸਰੂਪ ਨੂੰ ਬਖਸ਼ਣ ਦਾ ਦੂਜਾ ਨਾਉਂ ਸੀ। ਇਕ ਗ਼ੈਰ ਸਿੱਖ ਬੰਗਾਲੀ ਨੂੰ ਤਾਂ ਇਸ ਸੱਚਾਈ ਦੀ ਸਮਝ ਆ ਗਈ ਪਰ ਮੈਂ ਸਿੱਖ ਪਰਿਵਾਰ ਵਿਚ ਜੰਮ ਪਲ ਕੇ ਵੀ ਕੇਸਾਂ ਦੀ ਅਸਲੀਅਤ ਨਾ ਸਮਝ ਸਕਿਆ, ਉਸਨੂੰ ਆਪਣੇ ਆਪ ਤੋਂ ਸ਼ਰਮ ਆ ਰਹੀ ਸੀ।

ਉਸ ਫ਼ੈਸਲਾ ਕਰ ਲਿਆ ਕਿ ਆਪਣੀ ਵਿਗੜੀ ਹੋਈ ਸ਼ਕਲ ਲੈ ਕੇ ਘਰ ਨਹੀਂ ਪਰਤੇਗਾ, ਕਿਸੇ ਨਵੀਂ ਥਾਂ ਤੇ ਚਲਾ ਜਾਵੇਗਾ, ਸੰਗਤਾਂ ਦੀ ਸੇਵਾ ਕਰੇਗਾ, ਗੁਰਬਾਣੀ ਦੀ ਪੜ੍ਹਾਈ ਕਰੇਗਾ, ਸਿੱਖੀ ਨੂੰ ਸਮਝਣ ਦਾ ਯਤਨ ਕਰੇਗਾ ਅਤੇ ਅੰਤ ਮੁੜ ਸਾਬਤ ਸੂਰਤ ਅੰਮ੍ਰਿਤਧਾਰੀ ਹੋ ਕਰਕੇ ਹੀ ਘਰਦਿਆਂ ਨੂੰ ਮੂੰਹ ਦਿਖਲਾਵੇਗਾ। ਆਪਣੇ ਘਰ ਉਸ ਚਿੱਠੀ ਲਿਖੀ :–

"ਮੈਨੂੰ ਢੂੰਡਣ ਦਾ ਯਤਨ ਨਹੀਂ ਕਰਨਾ। ਕੁਸੰਗਤ ਵਿਚ ਪੈ ਕੇ ਮੈਂ ਪਤਿਤ ਹੋ ਗਿਆ ਹਾਂ। ਸਤਿਗੁਰੂ ਨੇ ਬਖਸ਼ਿਸ਼ ਕੀਤੀ ਹੈ ਅਤੇ ਹੁਣ ਅੰਮ੍ਰਿਤਧਾਰੀ ਹੋ ਕਰਕੇ ਹੀ ਆਪ ਸਾਰਿਆਂ ਦੇ ਦਰਸ਼ਨ ਕਰਾਂਗਾਂ।"

ਮਨ ਹਲਕਾ ਕਰਨ ਵਾਸਤੇ ਪਹਿਲਾਂ ਗੁਰਦੁਆਰੇ ਜਾ ਕੇ ਗੁਰੂ ਸਾਹਿਬ ਤੋਂ ਖਿਮਾਂ ਮੰਗਣੀ ਚਾਹੀ। ਗੁਰਦੁਆਰੇ ਪਹੁੰਚਿਆ ਤਾਂ ਅੱਗੇ ਇਕ ਸਿੱਖ ਮਿਸ਼ਨਰੀ ਵੀਰ ਦਾ ਭਾਸ਼ਣ ਹੋ ਰਿਹਾ ਸੀ, "ਸਿੰਘੋ ਅੱਜ ਦਾ ਨੌਜਵਾਨ ਪਤਿਤ ਹੋ ਰਿਹਾ ਹੈ, ਸਿੱਖੀ ਉਸ ਨੂੰ ਘਰੋਂ ਮਾਂ-ਬਾਪ ਤੋਂ ਨਹੀਂ ਮਿਲ ਰਹੀ, ਉਸ ਅੰਦਰ ਸਿੱਖੀ ਬਾਰੇ ਜਾਨਣ ਦਾ ਕੋਈ ਉੱਦਮ ਨਹੀਂ, ਸਕੂਲਾਂ ਵਿਚੋਂ ਭਾਵੇਂ ਉਹ ਖਾਲਸਾ ਸਕੂਲ ਜਾਂ ਕਾਲਜ ਹਨ, ਗਰਾਂਟਾਂ ਦੇ ਲਾਲਚ ਨੇ ਉਹਨਾਂ ਅੰਦਰੋਂ ਸਿੱਖੀ ਵਾਲੀ ਗੱਲ ਮੁਕਾ ਦਿੱਤੀ ਹੈ। ਪ੍ਰਚਾਰਕ ਅਨਪੜ੍ਹ ਹੈ ਅਤੇ ਸਮਾਜ ਵਿਚ ਵੀ ਸਿੱਖੀ ਵਿਰੋਧੀ ਤੱਤ ਛਾਇਆ ਪਿਆ ਹੈ। ਸਿੱਖੀ ਦੇ ਆਗੂ ਵੀ ਇਸ ਪਖੋਂ ਘੂਕ ਸੁੱਤੇ ਪਏ ਹਨ।

'ਕੁਝ ਕਹਿੰਦੇ ਹਨ, ਸਿੱਖੀ ਮਨ ਦੀ ਹੋਣੀ ਚਾਹੀਦੀ

ਹੈ ਅਸਲ ਵਿਚ ਉਹ ਸਿੱਖੀ ਦਾ ੳ... ਅ... ਵੀ ਨਹੀਂ ਜਾਣਦੇ। ਜੇ ਸੱਚਮੁੱਚ ਹੀ ਉਹਨਾਂ ਨੂੰ ਸਿੱਖੀ ਆਚਰਣ ਦਾ ਰਤਾ ਵੀ ਪਤਾ ਹੁੰਦਾ ਤਾਂ ਉਹਨਾਂ ਦੇ ਮਨਾਂ ਅੰਦਰ ਕੇਸਾਂ ਵਾਲੇ ਸਰੂਪ ਦਾ ਸਤਿਕਾਰ ਵਧਣਾ ਸੀ, ਉਹ ਖਾਲੀ ਭਾਂਡੇ ਹਨ, ਕੇਵਲ ਆਪਣੀ ਕਮਜ਼ੋਰੀ ਨੂੰ ਛੁਪਾਉਣ ਵਾਸਤੇ ਸਿੱਖੀ ਮਨ ਵਿਚ ਹੋਣੀ ਚਾਹੀਦੀ ਹੈ' ਕਹਿ ਕੇ ਆਪਣੀ ਮੂਰਖਤਾ ਦਾ ਸਬੂਤ ਦੇਂਦੇ ਹਨ। ਇਹ ਖਾਲੀ ਭਾਂਡੇ ਐਵੇਂ ਖੜ-ਖੜ ਕਰਦੇ ਹਨ। ਕਿਸੇ ਨੇ ਇਹਨਾਂ ਅੰਦਰ ਕਰਮ ਕਾਂਡਾਂ ਰੂਪੀ ਵਿਸ਼ਟਾ ਭਰ ਦਿੱਤੀ ਹੈ ਅਤੇ ਕਿਸੇ ਗੁਰੂ ਡੰਮ੍ਹ ਦੀ। ਸਚਮੁੱਚ ਜਿਸ ਦੇ ਅੰਦਰ ਸਿੱਖੀ ਹੈ ਉਹ ਕੇਸਾਂ ਵਿਰੁੱਧ, ਸਿੱਖੀ ਸਰੂਪ ਵਿਰੁੱਧ, ਇਕ ਸ਼ਬਦ ਕਹਿਣਾ ਜਾਂ ਸੁਣਨਾ ਤਾਂ ਦੂਰ, ਅਜਿਹੀ ਗੱਲ ਸੋਚ ਵੀ ਨਹੀਂ ਸਕਦਾ। ਉਹ ਬੰਦ ਬੰਦ ਕਟਵਾ ਸਕਦਾ ਹੈ, ਦੇਗਾਂ ਵਿਚ ਉਬਲ ਸਕਦਾ ਹੈ, ਉਹ ਖੋਪਰੀ ਲੁਹਾ ਸਕਦਾ ਹੈ ਤੇ ਵਡੇ ਤੋਂ ਵਡੇ ਤਸੀਹੇ ਸਹਿ ਸਕਦਾ ਹੈ ਪਰ ਕੇਸਾਂ ਦੀ ਬੇਅਦਬੀ ਨਹੀਂ ਸਹਾਰ ਸਕਦਾ। ਕੇਸਾਂ ਵਿਰੁੱਧ ਕੋਈ ਅਪਸ਼ਬਦ ਤਾਂ ਹੀ ਮੂੰਹੋਂ ਨਿਕਲਦਾ ਹੈ ਜਦੋਂ ਅੰਦਰ ਸਿੱਖੀ ਹੁੰਦੀ ਹੀ ਨਹੀਂ। ਯਾਦ ਰੱਖੋ ਸਿੱਖੀ ਤਾਂ ਮਿਲਣੀ ਹੈ ਗੁਰਬਾਣੀ ਵਿਚੋਂ ਅਤੇ ਸਾਨੂੰ ਸਿੱਖੀ ਦੇ ਸਾਂਝੇ ਪਰਿਵਾਰ ਵਿਚ, ਇਕ ਦੂਜੇ ਦੇ ਨੇੜੇ ਲਿਆਉਣਾ ਹੈ ਕੇਸਾਂ ਵਾਲੇ ਸੋਹਣੇ ਸਰੂਪ ਨੇ।'

'ਜਿਸ ਮਨੁੱਖ ਨੇ ਗੁਰਬਾਣੀ ਨੂੰ ਨਹੀਂ ਸਮਝਿਆ, ਉਸ ਮਨੁੱਖ ਵਾਸਤੇ ਕੇਸ ਇਉਂ ਹਨ ਜਿਵੇਂ ਕਿਸੇ ਖੋਤੇ ਨੂੰ ਹੀਰਿਆਂ ਨਾਲ ਲੱਦ ਦਿੱਤਾ ਹੋਵੇ ਜਾਂ ਉਸ ਉਪਰ ਸ਼ੇਰ ਦੀ ਖਲ ਪਾ ਦਿੱਤੀ ਹੋਵੇ। ਜਿਸ ਨੇ ਗੁਰਬਾਣੀ ਨੂੰ ਗਹੁ ਨਾਲ ਸਮਝਿਆ ਹੈ ਉਸ ਵਾਸਤੇ ਕੇਸਾਂ ਵਾਲਾ ਸਰੂਪ ਆਪਣੀ ਜਾਨ ਤੋਂ ਵਧ ਪਿਆਰਾ ਹੈ; ਉਹ ਤਸੀਹੇ ਝਲ ਸਕਦਾ ਹੈ, ਸ਼ਹੀਦੀਆਂ ਪਾ ਸਕਦਾ ਹੈ ਪਰ ਇਸ ਸਰੂਪ ਨੂੰ ਆਂਚ ਨਹੀਂ ਆਉਣ ਦੇਂਦਾ।'

'ਕੇਸ ਸਿੱਖੀ ਦੀ ਜਾਨ ਹਨ, ਸਿੱਖੀ ਦੀ ਪਹਿਚਾਣ ਹਨ ਅਤੇ ਸਿੱਖ ਇਹਨਾਂ ਤੋਂ ਬਿਨਾਂ ਜ਼ੀਰੋ ਹੈ ਤੇ ਹੋਰ ਕੁਝ ਨਹੀਂ।'

'ਜਿਹੜੇ ਨਾਸਮਝ ਅੱਜ ਇਹ ਕਹਿੰਦੇ ਹਨ ਕਿ ਕੋਈ ਮਨੁੱਖ ਕੇਸਾਂ ਤੋਂ ਬਿਨਾਂ ਵੀ ਸਿੱਖ ਹੋ ਸਕਦਾ ਹੈ ਅਤੇ ਕੇਸਾਂ ਦੀ ਕੀ ਲੋੜ ਹੈ, ਜੇ ਸਚਮੁੱਚ ਸਾਰੇ ਹੀ ਉਸ ਤਰ੍ਹਾਂ ਸੋਚਣ ਲੱਗ ਪੈਣ, ਅੰਦਾਜ਼ਾ ਲਗਾਓ, ਤਾਂ ਫਿਰ ਸਿੱਖ ਮਿਲੇਗਾ ਹੀ ਕਿੱਥੇ? ਉਸ ਦੀ ਤਾਂ ਹੋਂਦ ਵੀ ਖਤਮ ਹੋ ਜਾਵੇਗੀ। ਇਹ ਤਾਂ ਪਾਤਸ਼ਾਹ ਦੀ ਬਖਸ਼ਿਸ਼ ਹੈ ਜਿਥੇ ਮਨੁੱਖਤਾ ਦੀ ਸਰਦਾਰੀ ਵਾਸਤੇ ਸਾਨੂੰ ਗੁਰਬਾਣੀ ਵਰਗੀ ਦਾਤ ਮਿਲੀ ਹੈ ਉਥੇ ਕੇਸਾਂ ਕਾਰਨ ਸਰੂਪ ਵੀ ਨਿਆਰਾ ਪ੍ਰਾਪਤ ਹੋਇਆ ਹੈ। ਸਾਨੂੰ ਕੇਸਾਂ ਦੀ ਮਹਾਨਤਾ ਨੂੰ ਸਮਝਣ ਦੀ ਲੋੜ ਹੈ।'

ਭਾਸ਼ਣ ਦੇ ਇਹਨਾਂ ਅੰਤਮ ਸ਼ਬਦਾਂ ਨੇ ਉਸ ਦੇ ਕੰਨ ਖੋਲ੍ਹ ਦਿਤੇ। ਛੇ ਮਹੀਨਿਆਂ ਬਾਅਦ ਜਦੋਂ ਉਹ ਘਰ ਪਰਤਿਆ ਤਾਂ ਉਹ ਅੰਮ੍ਰਿਤਧਾਰੀ ਨੌਜੁਆਨ ਸਿੰਘ ਸੀ। ਅੱਜ ਉਸ ਦੇ ਪੁਰਾਣੇ ਕੁਸੰਗੀ ਉਸ ਸਾਹਮਣੇ ਅੱਖ ਉੱਚੀ ਕਰਨ ਤੋਂ ਵੀ ਡਰਦੇ ਸਨ। * * *

# ਕੁਝ ਡੇਰੇ, ਗੁਰਮਤਿ ਪ੍ਰਚਾਰ ਦੇ ਸੋਮੇ ਜਾਂ ਮਨਮੱਤ ਪ੍ਰਚਾਰ ਦੇ ?

*✤ ਸ: ਜਸਵੀਰ ਸਿੰਘ, ਡੇਹਰਾਦੂਨ, ਯੂ.ਪੀ.*

ਸਿੱਖ ਧਰਮ ਦਾ ਪ੍ਰਚਾਰ ਕਰ ਰਹੇ ਅਖੌਤੀ ਕੁਝ ਡੇਰਿਆਂ ਦੀ ਹਾਲਤ ਇੱਥੋਂ ਤੱਕ ਨਿੱਘਰ ਚੁੱਕੀ ਹੈ ਕਿ ਇਨ੍ਹਾਂ ਡੇਰਿਆਂ ਦੇ ਮੁਖੀ, ਮਨੁੱਖਤਾ ਨੂੰ ਇਕ ਸਮਝਣ ਦਾ ਪ੍ਰਭਾਵ ਦਿੰਦੇ ਹੋਏ, ਲੋਕਾਂ ਦੀਆਂ ਭੀੜਾਂ ਇਕੱਠੀਆਂ ਕਰਨ ਲਈ, ਕੋਈ ਨਾ ਕੋਈ ਗੁਰਮਤਿ ਵਿਰੋਧੀ ਢੌਂਗ ਰੱਚ ਕੇ, ਚੰਗੀ ਲੁੱਟ ਖਸੁੱਟ ਕਰਕੇ, ਅਮੀਰ ਡੇਰਿਆਂ ਦੀ ਕਤਾਰ ਵਿੱਚ ਖੜ੍ਹੇ ਹੋ ਰਹੇ ਹਨ। ਵੱਖਰੇ ਵੱਖਰੇ ਟ੍ਰੈਕਟਾਂ ਰਾਹੀਂ ਨਿੱਜੀ ਪ੍ਰਚਾਰ ਕੀਤਾ ਜਾ ਰਿਹਾ ਹੈ। ਅੱਡ ਅੱਡ ਧਰਮਾਂ ਦੇ ਲੋਕ ਇਕੱਠੇ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਹੋਕੇ ਦਿੱਤੇ ਜਾ ਰਹੇ ਹਨ ਜਿਵੇਂ ਬਾਬਾ ਜੀ ਨੂੰ ਸੁਪਨੇ ਵਿੱਚ ਈਸਾ ਮਸੀਹ ਨੇ ਦਰਸ਼ਨ ਦਿੱਤੇ, ਮੁਹੰਮਦ ਸਾਹਿਬ ਨਾਲ ਗੱਲਾਂ ਹੋਈਆਂ ਆਦਿ। ਮੰਤਵ ਇਹੀ ਹੈ ਕਿ ਸਾਰੇ ਧਰਮਾਂ, ਫਿਰਕਿਆਂ ਦੇ ਲੋਕੀ ਬਾਬਾ ਜੀ ਦੇ ਚਰਨ ਪੂਜਣ ਲੱਗ ਪੈਣ। ਧਰਮ ਨਿਰਪੱਖਤਾ ਦੇ ਬਹਾਨੇ, ਸਾਰੇ ਹੀ ਧਰਮਾਂ ਦੇ ਤਿਉਹਾਰ ਇਨ੍ਹਾਂ ਡੇਰਿਆਂ ਵਿੱਚ ਮਨਾਏ ਜਾਣ ਲੱਗੇ ਹਨ। ਅਜਿਹਾ ਹੀ ਇਕ ਡੇਰਾ ਦਿੱਲੀ ਵਿੱਚ ਹੈ ਜਿਸ ਦਾ ਮੁਖੀ ਬਾਬਾ .. ਸਿੰਘ ਹੈ।

ਸੋਚਣ ਵਾਲੀ ਗੱਲ ਹੈ ਕਿ ਅਸੀਂ ਇਕ ਅਕਾਲ ਪੁਰਖ ਦੀ ਪੂਜਾ ਛੱਡ ਕੇ, ਅਜਿਹੇ ਬ੍ਰਾਹਮਣਵਾਦੀ ਕਰਮ-ਕਾਂਡਾਂ ਨਾਲ ਜੁੜ ਜਾਣਾ ਸੰਗਤ ਸਮਝਦੇ ਹਾਂ। ਗੁਰਬਾਣੀ ਅਨੁਸਾਰ ਸੱਚੀ ਸੰਗਤ ਲਈ ਫੁਰਮਾਣ ਹੈ।

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥** *(ਪੰਨਾ ੭੨)*

ਚਿੰਤਾ ਦਾ ਵਿਸ਼ਾ ਹੈ ਕਿ ਸਿੱਖੀ ਪਰਚਾਰ ਦੀ ਆੜ੍ਹ ਵਿੱਚ ਸਿੱਖੀ ਸਿਧਾਂਤਾਂ/ਸਰੂਪ ਨੂੰ ਵਿਗਾੜਿਆ ਜਾ ਰਿਹਾ ਹੈ। ਇਸ ਡੇਰੇ ਵੱਲੋਂ ਭਾਰੀ ਗਿਣਤੀ ਵਿੱਚ 'ਜਾਪੁ ਸਾਹਿਬ' ਦੇ ਪਾਠ ਹਵਨ (ਅਗਨੀ ਦੇਵਤਾ) ਦੇ ਆਲੇ ਦੁਆਲੇ ਕੀਤੇ ਗਏ ਤੇ ਘੀ, ਸਮੱਗਰੀ ਆਦਿ ਸ਼ੁੱਧ ਕੀਤੇ ਗਏ। ਕੀ ਇਹ ਗੁਰਬਾਣੀ ਦੀ ਨਿਰਾਦਰੀ ਨਹੀਂ ਹੈ? ਇਹ ਵੱਧ ਲੋਕਾਂ ਦੀ ਭੀੜ ਇਕੱਠੀ ਕਰਨ ਦਾ ਸੋਹਣਾ ਜ਼ਰੀਆ ਹੈ ਕਿਉਂਕਿ ਹਵਨ ਦੇ ਨਾਂ ਹੇਠ ਹਿੰਦੂ ਪਹੁੰਚ ਜਾਣਗੇ ਤੇ ਪਾਠਾਂ ਦੀ ਲੜੀ ਦੇ ਕਾਰਨ ਸਿੱਖ ਆ ਜਾਣਗੇ।

ਇਹ ਡੇਰੇ ਤਾਂ ਮਨੁੱਖਾਂ ਨੂੰ ਰੁਜ਼ਗਾਰ ਦੇਣ ਦਾ ਸਰਕਾਰੀ ਕੰਮ ਵੀ ਨਿਜੀ ਕੰਪਨੀ ਦੇ ਤੌਰ ਤੇ ਕਰ ਰਹੇ ਹਨ ਜਿਸ ਨਾਲ ਡੇਰੇ ਦੀ ਅਮੀਰੀ ਹੋਰ ਚਮਕਦੀ ਹੈ।

ਸਿੱਖ ਧਰਮ ਦੇ ਅਸੂਲਾਂ ਦੀ ਕੀਤੀ ਜਾ ਰਹੀ ਨਿਰਾਦਰੀ ਦੇ ਵਿਗਾੜ ਲਈ ਸਿੱਖ ਚਿੰਤਕਾਂ ਤੇ ਪੰਥ ਦਰਦੀਆਂ ਨੂੰ ਇਕ ਪਲੇਟ ਫਾਰਮ ਤੇ ਇਕੱਠੇ ਹੋ ਕੇ ਢੁੱਕਵੀਂ ਕਾਰਵਾਈ ਕਰਨ ਦੀ ਲੋੜ ਹੈ ਤਾਂ ਕਿ ਅਜਿਹੇ ਅਖੌਤੀ ਡੇਰੇਦਾਰਾਂ ਕੋਲੋਂ, ਖੁਸ਼ਬੂ ਭਰੀ ਸਿੱਖ ਫੁਲਵਾੜੀ ਨੂੰ ਬਚਾਇਆ ਜਾ ਸਕੇ। ਪੰਥਕ ਚੜ੍ਹਦੀ ਕਲਾ ਲਈ ਸੁਚੇਤ ਹੋਣ ਦੀ ਅਤੀ ਲੋੜ ਹੈ। * * *

# ਆਪਿ ਜਪਹੁ, ਅਵਰਾ ਨਾਮੁ ਜਪਾਵਹੁ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਧਰਮ' ਦੀ ਵਿਆਖਿਆ ਕਰਦਿਆਂ ਹੋਇਆ ਇਹ ਫੁਰਮਾਇਆ ਹੈ ਕਿ ਪ੍ਰਭੂ ਦਾ ਨਾਮ ਜਪਣਾ ਅਤੇ ਪਵਿੱਤਰ ਆਚਰਨ ਬਣਾਉਣਾ ਹੀ ਅਸਲ ਵਿਚ ਧਰਮ ਹੈ। ਆਪ ਫੁਰਮਾਉਂਦੇ ਹਨ :—

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

(ਗਉੜੀ, ਸੁਖਮਨੀ, ਮ: ੫—੨੬੬)

ਸੋ ਧਰਮ ਦਾ ਮੁੱਖ ਅੰਗ ਹੈ—ਨਾਮ ਜਪਣਾ। ਇਸ ਲਈ ਧਰਮ-ਪਰਚਾਰ ਦਾ ਮਨੋਰਥ ਹੋਇਆ ਲੋਕਾਂ ਨੂੰ ਨਾਮ-ਮਾਰਗ ਤੇ ਤੋਰਨਾ ਅਥਵਾ ਪ੍ਰਭੂ-ਚਰਨਾਂ ਨਾਲ ਜੋੜਨਾ। ਕਿਉਂਕਿ ਇਹ ਕਰਮ ਸਭ ਤੋਂ ਉਤਮ ਹੈ, ਇਸ ਲਈ ਧਰਮ ਪ੍ਰਚਾਰਕ ਨੂੰ ਗੁਰਮਤਿ ਵਿਚ ਵਿਸ਼ੇਸ਼ ਸਤਿਕਾਰ ਦਿਤਾ ਗਿਆ ਹੈ। ਗੁਰੂ ਰਾਮਦਾਸ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਉਹ ਇਨਸਾਨ ਧੰਨਤਾ ਦੇ ਯੋਗ ਹਨ ਜੋ ਲੋਕ-ਭਲਾਈ ਲਈ ਉਪਦੇਸ਼ਕ ਅਥਵਾ ਪਰਚਾਰਕ ਬਣਦੇ ਹਨ :

**ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ,**

**ਉਪਦੇਸੁ ਕਰਹਿ ਪਰਉਪਕਾਰਿਆ ॥**

(ਵਾਰ ਗਉੜੀ, ਮ: ੪—੩੧੧)

### ਪਰਚਾਰ ਦੀ ਲੋੜ :

ਅਸਲ ਵਿਚ ਧਰਮ, ਸਚਾਈ, ਨੇਕੀ, ਪ੍ਰਭੂ-ਪ੍ਰੀਤ ਉਦੋਂ ਤਕ ਲੋਕਾਂ ਦੇ ਜੀਵਨ ਦਾ ਅੰਗ ਨਹੀਂ ਬਣਦੀ ਜਦੋਂ ਤੀਕ ਇਸਨੂੰ ਪ੍ਰਚਾਰਿਆ ਨਾ ਜਾਵੇ, ਲੋਕਾਂ ਨੂੰ ਧਰਮ-ਮਾਰਗ ਪੁਰ ਤੁਰਨ ਦੀ ਪ੍ਰੇਰਨਾ ਨਾ ਦਿਤੀ ਜਾਵੇ। ਇਸੇ ਲਈ ਹੀ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਜੀਵਨ-ਪ੍ਰਯੰਤ ਧਰਮ-ਪਰਚਾਰ ਵਿਚ ਰੁਝੇ ਰਹੇ ਅਤੇ ਬਾਕੀ ਦੇ ਗੁਰੂ ਸਾਹਿਬਾਨ ਨੇ ਵੀ ਧਰਮ-ਪਰਚਾਰ ਵਲ ਸਭ ਤੋਂ ਵਧ ਧਿਆਨ ਦਿਤਾ। ਫਲ ਸਰੂਪ ਸਿੱਖੀ ਦੇਸ਼ ਦੇ ਕੋਨੇ-ਕੋਨੇ ਵਿਚ ਫੈਲ ਗਈ। ਦਸਮ-ਪਾਤਸ਼ਾਹ ਦੇ ਮਗਰੋਂ ਸਿੱਖ ਆਪਣੀ ਹੋਂਦ ਕਾਇਮ ਰਖਣ ਲਈ ਸੰਘਰਸ਼ ਕਰਦੇ ਰਹੇ, ਸ਼ਹੀਦੀਆਂ ਦੇ ਕੇ ਇਤਿਹਾਸ ਸਿਰਜਦੇ ਰਹੇ ਅਤੇ ਧਰਮ-ਪਰਚਾਰ ਵੱਲ ਧਿਆਨ ਨਾ ਦੇ ਸਕੇ। ਰਾਜ ਪ੍ਰਾਪਤੀ ਮਗਰੋਂ ਰਾਜ ਦੀਆਂ ਹੱਦਾਂ ਵਧਾਉਣ ਲਈ ਤਾਂ ਭਾਵੇਂ ਸਿੰਘਾਂ ਨੇ ਹਰ ਯਤਨ ਕੀਤਾ, ਪਰ ਧਰਮ-ਪਰਚਾਰ ਵਲੋਂ ਉਹ ਅਵੇਸਲੇ ਹੀ ਰਹੇ। ਸਿੱਟਾ ਇਹ ਨਿਕਲਿਆ ਕਿ ਸਿੱਖਾਂ ਅੰਦਰ ਗੁਰੂ-ਸਾਹਿਬਾਨ ਲਈ ਪ੍ਰੀਤ ਤਾਂ ਰਹੀ ਪਰ ਉਹ ਗੁਰੂ-ਸਾਹਿਬਾਨ ਦੀਆਂ ਸਿਖਿਆਵਾਂ ਭੁਲ ਗਏ ਅਤੇ ਉਨ੍ਹਾਂ ਫੋਕਟ-ਕਰਮਾਂ ਵਿਚ ਉਲਝ ਗਏ, ਜਿਨ੍ਹਾਂ 'ਚੋਂ ਸਤਿਗੁਰਾਂ ਨੇ ਕੱਢਿਆ ਸੀ। ਰਾਜ-ਭਾਗ ਵੀ ਜਾਂਦਾ ਰਿਹਾ ਤੇ ਮੁੜਕੇ ਸੰਘਰਸ਼ ਦਾ ਰਾਹ ਅਪਨਾਉਣਾ ਪਿਆ।

ਇਸ ਸਮੇਂ ਸਿੱਖਾਂ ਵਿਚ ਕੁਝ ਧਰਮ ਪ੍ਰਚਾਰ ਲਹਿਰਾਂ ਚੱਲੀਆਂ, ਜਿਨ੍ਹਾਂ ਵਿਚ 'ਸਿੰਘ ਸਭਾ' ਲਹਿਰ ਦਾ ਨਾਮ ਵਿਸ਼ੇਸ਼ ਮਹੱਤਾ ਰੱਖਦਾ ਹੈ। 'ਚੀਫ਼ ਖਾਲਸਾ ਦੀਵਾਨ' ਨੇ ਵੀ ਪ੍ਰਸੰਸਾ ਯੋਗ ਕੰਮ ਕੀਤਾ। ਇਨ੍ਹਾਂ ਧਰਮ-ਪਰਚਾਰ ਲਹਿਰਾਂ ਦਾ ਚੰਗਾ ਖਾਸਾ ਅਸਰ ਹੋਇਆ ਅਤੇ ਸਿੱਖਾਂ ਅੰਦਰ ਜਾਗਰਤੀ ਆਈ, ਪਰ ਕੁਝ ਦਹਾਕਿਆਂ ਪਿਛੋਂ ਇਨ੍ਹਾਂ ਦਾ ਪ੍ਰਭਾਵ ਲਗਭਗ ਖਤਮ ਹੀ ਹੋ ਗਿਆ। ਕਾਰਣ ਇਹ ਕਿ ਜਿਹੜੇ ਪਹਿਲੇ ਪਰਚਾਰਕ ਸਨ, ਉਹ ਉੱਚੇ-ਸੁੱਚੇ ਜੀਵਨ ਵਾਲੇ, ਨਾਮ-ਰਸੀਏ, ਵਿਦਵਾਨ ਅਤੇ ਲਗਨ ਵਾਲੇ ਸਨ। ਇਨ੍ਹਾਂ ਦੇ ਜੀਵਨ-ਅੰਤ ਦੇ ਨਾਲ ਹੀ ਪਰਚਾਰਕ-ਲਹਿਰਾਂ ਦਾ ਪ੍ਰਭਾਵ ਮੱਧਮ ਪੈ ਗਿਆ।

### ਪ੍ਰਭਾਵਹੀਨ ਪਰਚਾਰ :

ਗੁਰਦੁਆਰਾ ਪ੍ਰਬੰਧ ਸਿੱਖ-ਪੰਥ ਦੇ ਹੱਥਾਂ ਵਿਚ ਆ ਜਾਣ ਮਗਰੋਂ ਵੀ ਇਸ ਪਾਸੇ ਹੰਭਲੇ ਮਾਰੇ ਗਏ। ਹੋਰਨਾਂ ਦੀ ਰੀਸੇ ਇਕ ਮਿਸ਼ਨਰੀ ਕਾਲਜ ਅਤੇ ਕੁਝ ਧਰਮ-ਵਿਦਿਆਲੇ ਖੋਹਲੇ ਗਏ—ਪਰ ਇਨ੍ਹਾਂ ਨਾਲ ਕੋਈ ਬਹੁਤ ਫ਼ਰਕ ਨਹੀਂ ਪਿਆ। ਇਸਦਾ ਕਾਰਣ ਇਹ ਹੀ ਹੈ ਕਿ ਭਾਵੇਂ ਕੁਝ ਅਜਿਹੇ ਬੰਦੇ ਤਾਂ ਤਿਆਰ ਹੋ ਗਏ ਜਿਨ੍ਹਾਂ ਨੇ ਪੁਸਤਕਾਂ ਪੜ੍ਹ ਕੇ ਗਿਆਨ ਪ੍ਰਾਪਤ ਕਰ ਲਿਆ ਅਤੇ ਲੈਕਚਰ ਦੇਣ ਵਿਚ ਪਰਬੀਨਤਾ ਹਾਸਲ ਕਰ ਲਈ, ਪਰ ਨਾਮ-ਰਸ ਤੋਂ ਵਾਂਝੇ ਰਹੇ। ਕਿਸੇ ਵੀ ਧਰਮ ਦੇ ਪਰਚਾਰ ਲਈ ਸਭ ਤੋਂ ਜ਼ਰੂਰੀ ਚੀਜ਼ ਉਸ ਧਰਮ ਦੇ ਸ਼ਰਧਾਲੂ ਬੰਦੇ ਹਨ ਜਿਹੜੇ ਉੱਚੇ-ਸੁੱਚੇ ਅਤੇ ਪਵਿਤਰ ਜੀਵਨ ਵਾਲੇ ਹੋਣ ਤੇ ਪ੍ਰਭੂ-ਪ੍ਰੀਤ ਨਾਲ ਗੜੂੰਦ ਹੋਣ। ਪਰਚਾਰ ਕਰਨ ਲਈ ਮਨੁੱਖ ਦਾ ਨਿਰੋਲ ਆਪਣੀ ਅਕਲ ਦੇ ਆਸਰੇ ਕੀਤਾ ਹੋਇਆ ਉਦਮ ਕਦੇ ਵੀ ਪੂਰੇ ਤੌਰ ਤੇ ਸਫ਼ਲ ਨਹੀਂ ਹੋ ਸਕਦਾ। ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ ਬਿਲਕੁਲ ਠੀਕ ਆਖਿਆ ਹੈ ਕਿ ਪਰਮਾਤਮਾ ਦੀ ਨਾਮ-ਸ਼ਕਤੀ ਮਾਨੋਂ ਪਵਿੱਤਰ ਅੰਮ੍ਰਿਤ ਹੈ, ਜਿਸਦਾ ਪਰਵਾਹ ਚਾਲਾਂ ਤੇ ਤਰੀਕਿਆਂ ਵਿਚੋਂ ਦੀ ਨਹੀਂ ਵਗ ਸਕਦਾ, ਮਨੁੱਖਾਂ ਦੀ ਲੋੜ ਪੈਂਦੀ ਹੈ। ਪਰਚਾਰ ਕਰਨ ਵਾਲਾ ਮਨੁੱਖ ਸੋਨੇ ਦੀ ਨਾਲੀ ਸਮਝੋ, ਜਿਸ ਵਿਚੋਂ ਦੀ ਅੰਮ੍ਰਿਤ-ਪਰਵਾਹ ਚਲਦਾ ਹੈ। ਪਰ ਇਸ ਪਰਵਾਹ ਨੂੰ ਪਵਿੱਤਰ ਰਖਣ ਲਈ ਨਿਰਾ ਇਹ ਕਾਫ਼ੀ ਨਹੀਂ ਕਿ ਨਾਲੀ ਸੋਨੇ ਦੀ ਹੋਵੇ,

ਇਸ ਗੱਲ ਦੀ ਲੋੜ ਭੀ ਹੈ ਕਿ ਨਾਲੀ ਖੁੱਲ੍ਹੀ ਹੋਵੇ ਤੇ ਉਸ ਵਿਚ ਕੋਈ ਛੇਕ ਨਾ ਹੋਵੇ, ਜਿਸ ਕਰਕੇ ਪਰਵਾਹ ਭਰ ਕੇ ਚੱਲੇ ਤੇ ਰਸਤੇ ਵਿਚ ਵੀ ਖਿੰਡ ਨਾ ਜਾਏ । .......ਸਤਿਗੁਰੂ ਦੀ ਬਾਣੀ ਦਾ ਉਪਦੇਸ਼ ਅੰਮ੍ਰਿਤ ਹੈ, ਪਰ ਜਿਸ ਪਰਚਾਰਕ ਦੀ ਰਾਹੀਂ ਆਉਂਦਾ ਹੈ ਉਸਦੇ ਆਪਣੇ ਜੀਵਨ ਦੀ ਰੰਗਣ ਵਿਚ ਆਉਂਦਾ ਹੈ । ਸ਼ੁਧ ਤੇ ਪਵਿੱਤਰ ਅੰਮ੍ਰਿਤ ਮਿੱਟੀ ਦੇ ਭਾਂਡੇ ਵਿਚ ਪਿਆ ਹੋਵੇ, ਤਾਂ ਹੋ ਸਕਦਾ ਹੈ ਕਿ ਉਸਦੇ ਸੁਆਦ ਵਿਚ ਭਾਂਡੇ ਦਾ ਸੁਆਦ ਮਿਲ ਜਾਏ ਤੇ ਰੰਗ ਵੀ ਵਿਗੜ ਜਾਏ । ਸਤਿਗੁਰੂ ਦਾ ਸੁਨੇਹਾ ਜੀਵਨ ਦਾਤਾ ਹੈ, ਪਰ ਸੁਨੇਹਾ ਅਪੜਾਉਣ ਵਾਲਾ ਭੀ ਘੱਟ ਜ਼ਰੂਰੀ ਨਹੀਂ ।

ਪਰਚਾਰਕ ਉਹ ਨਹੀਂ ਹਨ, ਜੋ ਸੁੰਦਰ ਵਖਿਆਨ ਬਣਾ ਕੇ ਦੇਣੇ ਜਾਣਦੇ ਹੋਣ । ਪਰਚਾਰਕ ਉਹ ਹਨ ਜੋ ਮਨੁੱਖ ਬਣਾਣੇ ਜਾਣਦੇ ਹਨ, ਜੋ ਸੰਤ ਬਣਾਣੇ ਜਾਣਦੇ ਹਨ । ਜਿਹੜੇ ਆਪੂੰ ਮਨੁੱਖ ਨਹੀਂ ਬਣੇ ਉਹ ਹੋਰਨਾਂ ਨੂੰ ਮਨੁੱਖ ਕਿਵੇਂ ਬਣਾ ਸਕਦੇ ਹਨ, ਜਿਨ੍ਹਾਂ ਨੇ ਆਪਣੇ ਮਨ ਨੂੰ ਸ਼ਾਂਤ ਨਹੀਂ ਕੀਤਾ, ਉਹ ਹੋਰਨਾਂ ਨੂੰ ਕਿਵੇਂ ਸ਼ਾਂਤ ਕਰ ਸਕਦੇ ਹਨ ?

ਮਨੁੱਖ ਬਣਨ ਲਈ, ਭਗਤ ਬਣਨ ਲਈ, ਇੱਕ ਸੱਚੇ ਸਿੱਖ ਲਈ ਪ੍ਰਭੂ ਦਾ ਨਾਮ ਸਿਮਰਨ ਕਰਨਾ ਪਰਮ ਅਵੱਸ਼ਕ ਹੈ । ਜਿਹਨਾਂ ਨੇ ਹੋਰਨਾਂ ਨੂੰ ਪ੍ਰਭੂ ਦੇ ਲੜ ਲਾਉਣਾ ਹੈ, ਉਨ੍ਹਾਂ ਦਾ ਆਪ ਪ੍ਰਭੂ ਨਾਲ ਜੁੜੇ ਹੋਣਾ ਅਤੀ ਜਰੂਰੀ ਹੈ । ਜਿਨ੍ਹਾਂ ਨੇ ਨਾਮ-ਰਸ ਉਤੇ ਵਖਿਆਨ ਦੇਣੇ ਹਨ, ਉਨ੍ਹਾਂ ਨੂੰ ਨਾਮ-ਰਸ ਦੇ ਸੁਆਦ ਦਾ ਪਤਾ ਹੋਣਾ ਚਾਹੀਦਾ ਹੈ । ਇਹ ਗੱਲ ਪੱਕੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿਸ ਪਰਚਾਰ ਵਿਚ ਰੂਹਾਨੀ ਤਾਕਤ ਨਹੀਂ, ਉਹ ਪਰਚਾਰ ਸੁਰਜੀਤ ਕਰਨ ਦੀ ਥਾਂ ਮੁਰਦਿਹਾਣ ਖਿਲਾਰਦਾ ਹੈ । ਵਖਿਆਨ ਨੂੰ ਅਸਰ ਵਾਲਾ ਬਣਾਉਣ ਲਈ ਪਰਚਾਰਕ ਕਈ ਢੰਗ ਵਰਤਦਾ ਹੈ, ਪਰ ਜੇ ਉਸਦੇ ਆਪਣੇ ਅੰਦਰ ਆਤਮਕ ਜੀਵਨ ਨਹੀਂ, ਤਾਂ ਉਸਦਾ ਵਖਿਆਨ ਸਰੋਤਿਆਂ ਨੂੰ ਆਤਮਕ ਜੀਵਨ ਨਹੀਂ ਦੇ ਸਕਦਾ ।

ਆਤਮਕ ਜੀਵਨ ਤੋਂ ਬਿਨਾਂ ਪਾਰਚਾਰਕ ਵਿਚ ਵਲਵਲੇ ਤਾਂ ਹੋ ਸਕਦੇ ਹਨ ਪਰ ਉਹ ਕਿਸੇ ਨਾਟਕ ਦੇ ਪਾਤਰ (ਨਟ) ਵਾਲੇ ਵਲਵਲੇ ਹੀ ਹੁੰਦੇ ਹਨ, ਜੋ ਨਿਰਾ ਸੁਆਂਗ ਹੀ ਹੁੰਦਾ ਹੈ । ਸੁਆਂਗ ਨਾਲ ਲੋਕਾਂ ਤੋਂ ਵਾਹ-ਵਾਹ ਤਾਂ ਖੱਟੀ ਜਾ ਸਕਦੀ ਹੈ, ਪਰ ਉਨ੍ਹਾਂ ਦੀ ਆਤਮਕ ਤ੍ਰਿਪਤੀ ਨਹੀਂ ਕੀਤੀ ਜਾ ਸਕਦੀ, ਮਾਇਆ ਦੀ ਅੱਗ ਵਿਚ ਸੜਦਿਆਂ ਦੇ ਹਿਰਦੇ ਸ਼ਾਂਤ ਨਹੀਂ ਕੀਤੇ ਜਾ ਸਕਦੇ, ਵਿਕਾਰਾਂ ਵਲੋਂ ਉਨ੍ਹਾਂ ਨੂੰ ਹੋੜਿਆ ਨਹੀਂ ਜਾ ਸਕਦਾ । ਇਹ ਤਾਂ ਹੀ ਸੰਭਵ ਹੈ ਜੇ ਪਰਚਾਰਕ ਦਾ ਆਪਣਾ ਮਨ ਸ਼ਾਂਤ ਹੋਵੇ, ਵਿਕਾਰਾਂ ਦੀ ਮਾਰ ਤੋਂ ਬਚਿਆ ਹੋਵੇ, ਤ੍ਰਿਪਤ ਹੋਵੇ । ਪਰਮਾਤਮਾ ਦਾ ਨਾਮ-ਰਸ ਬਿਜਲੀ ਦੀ ਤਾਕਤ ਦੀ ਨਿਆਈ ਹੈ । ਪਰਮਾਤਮਾ ਆਪ ਬਿਜਲੀ-ਘਰ ਹੈ, ਉਹ 'ਰਸ' ਦਾ ਸੋਮਾਂ ਹੈ । ਪਰਚਾਰਕ ਦਾ ਹਿਰਦਾ ਉਸ ਨਾਮ-ਰਸ ਦੀ ਬਿਜਲੀ ਨੂੰ ਸਰੋਤਿਆਂ ਤੱਕ ਪਹੁੰਚਾਣ ਲਈ ਤਾਰਾਂ ਦਾ ਕੰਮ ਦਿੰਦਾ ਹੈ । ਪਰ ਜੇ ਪਰਚਾਰਕ ਦਾ ਹਿਰਦਾ ਮਾਇਆ ਦੀ ਛਹੁ ਨਾਲ ਸਿੱਲਾ ਹੋਇਆ ਪਿਆ ਹੋਵੇ, ਤਾਂ ਇਹ ਬਿਜਲੀ ਦੀ ਤਾਕਤ ਨੂੰ ਅਗਾਂਹ ਨਹੀਂ ਅਪੜਾ ਸਕਦਾ ।

ਅੱਜ ਕਲ ਪਰਚਾਰਕਾਂ ਵਿਚ ਇੱਕ ਨਵੀਂ ਰੁਚੀ ਪਰਚਲਤ ਹੋ ਗਈ ਹੈ । ਦੋ-ਚਾਰ ਅਖਰ ਪੜ੍ਹ ਲੈਣੇ, ਇੱਕ ਦੋ ਬਾਣੀਆਂ ਕੰਠ ਕਰ ਲੈਣੀਆਂ, ਕੁਝ ਸਾਖੀਆਂ ਯਾਦ ਕਰ ਲੈਣੀਆਂ, ਗੁਰਬਾਣੀ ਦੇ ਕੁਝ ਪਰਮਾਣ ਕੰਠ ਕਰ ਲੈਣੇ ਤੇ ਆਪਣੇ ਆਪ ਨੂੰ ਪਰਚਾਰਕ ਸਮਝ ਲੈਣਾ ਤੇ ਪਰਚਾਰਕ ਵਜੋਂ ਪੇਸ਼ ਕਰਨਾ । ਇਹੋ ਜਿਹੇ ਪਰਚਾਰਕ ਇਹ ਭੁੱਲ ਜਾਂਦੇ ਹਨ ਕਿ ਪਹਿਲਾਂ ਉਨ੍ਹਾਂ ਨੂੰ ਆਪ ਰੱਬ ਦਾ ਬੰਦਾ ਬਣਨਾ ਚਾਹੀਦਾ ਹੈ, ਤਾਂ ਹੀ ਉਨ੍ਹਾਂ ਦੇ ਪਰਚਾਰ ਦਾ ਕੋਈ ਪੱਕਾ ਅਸਰ ਹੋਵੇਗਾ । ਸਿੱਟਾ ਇਹ ਨਿਕਲਦਾ ਹੈ ਕਿ ਆਪਣੇ ਹਿਰਦੇ-ਭਾਂਡੇ ਨੂੰ ਪਰਮਾਤਮਾ ਦੇ ਹੱਕ ਵਿਚ ਘੜਾਉਣ ਤੋਂ ਬਿਨਾਂ ਉਸਦਾ ਪੁਰਾਣਾ ਸੁਭਾ ਉਸ ਦੇ ਨਾਲ ਹੀ ਰਹਿੰਦਾ ਹੈ । ਉਹ ਰਾਹੇ ਪਾਉਣ ਦੇ ਥਾਂ, ਦੁਖਾਵੇਂ ਬਚਨ ਬੋਲ ਬੋਲ ਕੇ ਲੋਕਾਂ ਨੂੰ ਸਗੋਂ ਹੋਰ ਵਿੱਥ ਤੇ ਸੁੱਟ ਦਿੰਦਾ ਹੈ । ਅਜਿਹੇ ਪਰਚਾਰਕਾਂ ਬਾਰੇ ਸਤਿਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :—

**ਆਪਣਾ ਆਪੁ ਨ ਪਛਾਣੈ ਮੂੜਾ,**
**ਅਵਰਾ ਆਖਿ ਦੁਖਾਏ ॥**
**ਮੁੰਢੈ ਦੀ ਖਸਲਤਿ ਨ ਗਈਆ,**
**ਅੰਧੇ ਵਿਛੁੜਿ ਚੋਟਾ ਖਾਏ ॥**

(ਬਿਹਾਗੜਾ, ਸਲੋਮ ਮ: ੩—੫੪੯)

**ਪਰਚਾਰ ਦਾ ਮਨੋਰਥ :**

ਧਰਮ-ਪਰਚਾਰ ਦਾ ਅਸਲੀ ਮਨੋਰਥ ਹੈ ਪਰਮਾਤਮਾ ਨਾਲੋਂ ਟੁੱਟੇ ਹੋਏ ਬੰਦਿਆਂ ਨੂੰ ਮੁੜਕੇ ਪਰਮਾਤਮਾਂ ਨਾਲ ਜੋੜਨਾ । ਇਹ ਕੰਮ ਉਹੀ ਪਰਚਾਰਕ ਕਰ ਸਕਦਾ ਹੈ ਜਿਸਦੀ ਟੁੱਟਿਆਂ ਨਾਲ ਹਮਦਰਦੀ ਹੋਵੇ, ਤੇ ਦੂਜੇ ਪਾਸੇ, ਜਿਥੇ ਜੋੜਨਾ ਹੈ ਉਥੇ ਆਪ ਵੀ ਜੁੜਿਆ ਹੋਵੇ । ਇਹ ਸੁਭਾ ਤਦੋਂ ਹੀ ਕਾਇਮ ਰਹਿ ਸਕਦਾ ਹੈ ਜੇ ਪਰਚਾਰਕ ਸੁਚੇਤ ਰਹਿਕੇ ਆਪ ਨਾਮ ਜਪਦਾ ਰਹੇ । ਪਰਮਾਤਮਾ ਦੀ ਯਾਦ ਨੂੰ ਹਿਰਦੇ ਵਿਚ ਵਸਾ ਕੇ ਰਖੇ ।

ਨਾਮ-ਮਾਰਗ ਤੇ ਚੱਲਣ ਨਾਲ ਪਰਚਾਰਕ ਦਾ ਹਿਰਦਾ ਪਵਿੱਤਰ ਹੋ ਜਾਵੇਗਾ ਅਤੇ ਉਸ ਵਿਚੋਂ 'ਨਾਮ' ਦਾ ਨਿਰਮਲ ਪਰਵਾਹ ਚਲੇਗਾ ਜੋ ਹੋਰਨਾਂ ਨੂੰ ਵੀ ਪਵਿੱਤਰ ਕਰੇਗਾ । ਸੋ ਪਹਿਲਾਂ ਪਰਚਾਰਕ ਨੇ ਆਪ ਪਰਮਾਤਮਾਂ ਦੀ ਹਜ਼ੂਰੀ ਵਿਚ ਰਹਿਣ ਦੀ ਜਾਚ ਸਿਖਣੀ ਹੈ, ਨਾਮ ਬਾਣੀ ਵਿਚ ਜੁੜਨਾ ਹੈ,

ਪਰਮਾਤਮਾ ਨਾਲ ਲਿਵ ਜੋੜਨੀ ਹੈ ਤੇ ਫਿਰ ਹੋਰਨਾਂ ਦੇ ਹਿਰਦਿਆਂ ਨੂੰ ਨਾਮ-ਜਲ ਨਾਲ ਪਵਿੱਤਰ ਤੇ ਸ਼ਾਂਤ ਕਰਨਾ ਹੈ ।

ਗੱਡੀ ਦਾ ਇੰਜਣ ਭਾਵੇਂ ਪੂਰੀ ਤਰ੍ਹਾਂ ਤਿਆਰ ਹੋਵੇ, ਉਸਦੀ ਮਸ਼ੀਨਰੀ ਅਥਵਾ ਕਲ-ਪੁਰਜੇ ਪੂਰੀ ਤਰ੍ਹਾਂ ਠੀਕ ਠਾਕ ਹੋਣ ਪਰ ਉਹ ਚਲਦਾ ਤਾਂ ਹੀ ਹੈ ਜੇ ਉਸ ਵਿਚ ਅੱਗ ਭਖਾ ਕੇ ਭਾਪ ਤਿਆਰ ਕੀਤੀ ਜਾਏ । ਇਵੇਂ ਹੀ ਪਰਚਾਰਕ ਭਾਵੇਂ ਵਿਦਿਆ ਤੇ ਧਾਰਮਕ-ਗਿਆਨ ਦੀ ਮਸ਼ੀਨਰੀ ਨਾਲ ਮੁਕੰਮਲ ਹੋਵੇ, ਪਰ ਜਦੋਂ ਤਕ ਉਸ ਵਿਚ ਪਰਮਾਤਮਾਂ ਦੇ ਭਜਨ ਨਾਲ ਭਾਪ ਪੈਦਾ ਨਾ ਕੀਤੀ ਜਾਵੇ, ਉਹ ਪਰਚਾਰ ਕਰਨ ਦੇ ਸਮਰੱਥ ਨਹੀਂ ਹੋ ਸਕਦਾ ।

**ਪਰਚਾਰਕ ਦੇ ਜੀਵਨ ਦੀ ਘਾੜਤ :**

ਸੋ, ਪਰਚਾਰਕ ਨੇ ਪਰਚਾਰ ਦੀ ਤਿਆਰੀ ਲਈ ਪਹਿਲਾਂ ਆਪਣੇ ਜੀਵਨ ਦੀ ਘਾੜਤ ਘੜਨੀ ਹੈ । ਉਸਨੇ ਆਪਣੇ ਮਨ ਨੂੰ ਨਾਮ-ਜਲ ਨਾਲ ਵਿਕਾਰਾਂ ਤੋਂ ਪਾਕ ਪਵਿੱਤਰ ਕਰਨਾ ਹੈ, ਸੰਸਾਰਕ ਵਸਤਾਂ ਦੇ ਮੋਹ ਨੂੰ ਤਿਆਗਣਾ ਹੈ, ਲੋਭ-ਲਾਲਚ ਦੀ ਬਿਰਤੀ ਨੂੰ ਤਿਆਗਣਾ ਹੈ, ਆਪਣੇ ਗਿਆਨ ਦਾ ਹੰਕਾਰ ਨਹੀਂ ਕਰਨਾ ਅਤੇ ਆਪਣਾ ਵੱਧ ਤੋਂ ਵੱਧ ਸਮਾਂ ਗੁਰਬਾਣੀ ਨੂੰ ਪ੍ਰੇਮ ਸ਼ਰਧਾ ਸਹਿਤ ਪੜ੍ਹਨ ਤੇ ਸਮਝਣ ਵਿਚ ਲਾਉਣਾ ਹੈ । ਪ੍ਰਭੂ ਪਾਸ ਅਰਦਾਸਾਂ-ਅਰਜ਼ੋਈਆਂ ਕਰਦੇ ਰਹਿਣਾ ਹੈ ਕਿ ਉਹ ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਉਣ ਦੀ ਬੁੱਧੀ ਤੇ ਸਮਰੱਥਾ ਬਖਸ਼ੇ ।

ਕਈ ਵਾਰ ਪਰਚਾਰਕ ਆਮ ਲੋਕਾਂ ਦੀ ਤਰ੍ਹਾਂ ਨਿਤਨੇਮ ਵੀ ਇੱਕ ਫ਼ਰਜ਼ ਦੀ ਪੂਰਤੀ ਵਜੋਂ ਹੀ ਕਰਦਾ ਹੈ । ਬਿਨਾਂ ਸੋਚੇ ਸਮਝੇ ਕਾਹਲੀ-ਕਾਹਲੀ ਨਿਤਨੇਮ ਮੁਕਾ ਕੇ ਉਹ ਸਮਝਦਾ ਹੈ ਕਿ ਉਸਨੇ ਰਹਿਤ-ਮਰਯਾਦਾ ਦਾ ਇੱਕ ਅੰਗ ਪਾਲ ਲਿਆ ਹੈ, ਪਰ ਇੰਝ ਉਹ ਪ੍ਰਭੂ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਤੋਂ ਵਾਂਝਿਆਂ ਰਹਿੰਦਾ ਹੈ ਅਤੇ ਆਪਣੀ ਆਤਮਕ-ਮੌਤ ਵਲ ਨੂੰ ਤੁਰ ਪੈਂਦਾ ਹੈ ।

ਨਾਮ-ਜਪਣ ਵਿਚ ਸਫ਼ਲਤਾ ਉਸੇ ਮਨੁੱਖ ਨੂੰ ਹੁੰਦੀ ਹੈ ਜੋ ਆਪਣਾ ਵੱਧ ਤੋਂ ਵੱਧ ਸਮਾਂ ਇਸ ਪਾਸੇ ਲਾਉਂਦਾ ਹੈ । ਪਰਮਾਤਮਾਂ ਨਾਲ ਕਾਹਲੀ ਵਿਚ ਯਾਰੀ ਨਹੀਂ ਪੈ ਸਕਦੀ, ਸਗੋਂ ਧੀਰਜ ਰਖਕੇ ਨਿਰੰਤਰ ਯਤਨ (ਉਦਮ) ਕਰਨ ਦੀ ਲੋੜ ਹੈ । ਮਨ ਦਾ ਸੁਭਾ '**ਆਖਾਂ ਜੀਵਾ, ਵਿਸਰੈ ਮਰਿ ਜਾਉ**' ਵਾਲਾ ਬਣਾਉਣ ਦੀ ਲੋੜ ਹੈ । ਮਨ ਦੀ ਅਜਿਹੀ ਘਾੜਤ ਲਈ ਅੰਮ੍ਰਿਤ ਵੇਲੇ ਉਠਕੇ ਸਤਿਗੁਰੂ ਦੀ ਬਾਣੀ ਦੁਆਰਾ ਨਾਮ-ਰਸ ਪੀਣ ਦੀ ਲੋੜ ਹੈ । ਨਾਮ-ਰਸ ਦੀ ਪ੍ਰਾਪਤੀ ਲਈ ਨੀਂਦ-ਰਸ ਨੂੰ ਤਿਆਗਣਾ ਪਰਚਾਰਕ ਦਾ ਪਹਿਲਾ ਫ਼ਰਜ਼ ਹੈ । ਇੱਕ ਗੁਰਮੁਖ ਵਿਦਵਾਨ ਨੇ ਬਹੁਤ ਖੂਬ ਲਿਖਿਆ ਹੈ, "ਪ੍ਰਭੂ ਦੀ ਫ਼ੌਜ ਦਾ ਕਪਤਾਨ ਬਣਨ ਲਈ ਨਿਰਾ ਇਹ ਕਾਫ਼ੀ ਨਹੀਂ ਕਿ ਜਿਵੇਂ ਹੋ ਸਕੇ ਜ਼ਰੂਰ ਅੰਮ੍ਰਿਤ ਵੇਲੇ ਉਠ ਕੇ 'ਨਾਮ' ਜਪੇ, ਸਗੋਂ ਇਸ ਤੋਂ ਵਧੀਕ ਇਹ ਲੋੜ ਹੈ ਕਿ ਹਿਰਦੇ ਵਿਚ ਇਨੀ ਤੀਬਰ ਇੱਛਾ ਤੇ ਖਿੱਚ ਹੋਵੇ ਜੋ ਸਰੀਰ ਨੂੰ ਆਲਸ ਆਉਣ ਹੀ ਨਾ ਦੇਵੇ ।"

**'ਮੁਖ-ਗਿਆਨੀ' ਨਹੀਂ ਬਣਨਾ :**

ਮੁਖ-ਗਿਆਨੀ ਉਹ ਹੈ ਜੋ ਮੂੰਹੋਂ ਤਾਂ ਗਿਆਨ ਦੀਆਂ ਗੱਲਾਂ ਕਰਦਾ ਹੈ, ਪਰ ਉਸਦੇ ਹਿਰਦੇ ਵਿਚ ਸੱਚ ਨਹੀਂ ਹੁੰਦਾ, ਉਸਦੀ ਕਥਨੀ ਤੇ ਕਰਨੀ ਵਿਚ ਵਿਰੋਧ ਹੁੰਦਾ ਹੈ । ਉਹ ਪੁਸਤਕਾਂ ਪੜ੍ਹ ਪੜ੍ਹ ਕੇ ਗਿਆਨ ਤਾਂ ਪ੍ਰਾਪਤ ਕਰ ਲੈਂਦਾ ਹੈ, ਦਲੀਲਬਾਜ਼ੀ ਵਿਚ ਪਰਬੀਨ ਹੋ ਜਾਂਦਾ ਹੈ, ਆਪਣੇ ਸੁੰਦਰ ਵਖਿਆਨਾਂ ਨਾਲ ਲੋਕਾਂ ਤੇ ਪ੍ਰਭਾਵ ਪਾਉਂਦਾ ਹੈ ਅਤੇ ਉਨ੍ਹਾਂ ਤੋਂ ਵਾਹ-ਵਾਹ ਖੱਟਦਾ ਹੈ, ਪਰ ਪ੍ਰਭੂ-ਪ੍ਰੀਤ ਤੋਂ ਸਖਣਾ ਹੀ ਰਹਿੰਦਾ ਹੈ, ਆਪਣੇ ਗਿਆਨ ਦੇ ਹੰਕਾਰ ਵਿਚ ਮਸਤ ਹੋਰਨਾ ਨੂੰ ਬਹੁਤ ਤੁੱਛ ਸਮਝਦਾ ਹੈ । ਸਤਿਗੁਰੂ ਐਸੇ ਪਰਚਾਰਕ ਦੇ 'ਗੁਣ' ਇੰਝ ਦਰਸਾਉਂਦੇ ਹਨ :—

**ਕਰਮ ਧਰਮ ਜੁਗਤਿ ਬਹੁ ਕਰਤਾ,**
**ਕਰਣੈਹਾਰੁ ਨ ਜਾਨੈ ॥**
**ਉਪਦੇਸੁ ਕਰੈ ਆਪਿ ਨ ਕਮਾਵੈ,**
**ਤਤੁ ਸਬਦੁ ਨ ਪਛਾਨੈ ॥**

(ਆਸਾ, ਮ: ੫—੩੮੦)

ਕਬੀਰ ਸਾਹਿਬ ਐਸੇ ਪਰਚਾਰਕ ਨੂੰ ਆਖਦੇ ਹਨ ਹੇ ਮੁਖ-ਗਿਆਨੀ ਤੇਰੇ ਹਿਰਦੇ ਵਿਚ ਤਾਂ ਕਪਟ ਹੈ ਪਰ ਤੂੰ ਮੂੰਹੋਂ ਗਿਆਨ ਕਥਨ ਕਰਦਾ ਹੈਂ । ਹੇ ਕਪਟੀ ਮਨੁੱਖ ਤੂੰ ਪਾਣੀ ਕਿਉਂ ਰਿੜਕ ਰਿਹਾ ਹੈਂ ? ਜਿਵੇਂ ਪਾਣੀ ਰਿੜਕਣ ਦਾ ਕੋਈ ਲਾਭ ਨਹੀਂ, ਇਵੇਂ ਹੀ ਐਸੇ ਪਰਚਾਰ ਦਾ ਕੋਈ ਫਾਇਦਾ ਨਹੀਂ :—

**ਹ੍ਰਿਦੈ ਕਪਟੁ ਮੁਖ ਗਿਆਨੀ ॥**
**ਝੂਠੇ ਕਹਾ ਬਿਲੋਵਸਿ ਪਾਨੀ ॥**

(ਸੋਰਠਿ, ਕਬੀਰ ਜੀ—੬੫੬)

ਐਸਾ ਹੀ ਇਕ ਪਰਚਾਰਕ ਗੁਰੂ ਨਾਨਕ ਦੇਵ ਜੀ ਨੂੰ ਦੂਜੀ ਉਦਾਸੀ ਸਮੇਂ ਮਟਨ ਸਾਹਿਬ (ਕਸ਼ਮੀਰ) ਵਿਚ ਮਿਲਿਆ ਸੀ । ਉਸਦਾ ਨਾਮ ਸੀ ਪੰਡਤ ਬ੍ਰਹਮਦਾਸ । ਉਹ ਆਪਣੇ ਨਾਲ ਹਮੇਸ਼ਾਂ ਧਾਰਮਕ ਪੁਸਤਕਾਂ ਦੇ ਗੱਡੇ ਭਰ ਕੇ ਤੁਰਦਾ ਸੀ ਅਤੇ ਹੋਰਨਾਂ ਵਿਦਵਾਨਾਂ ਨੂੰ ਧਾਰਮਕ-ਚਰਚਾ ਵਿਚ ਹਰਾ ਕੇ ਪ੍ਰਸੰਨ ਹੁੰਦਾ ਸੀ । ਸਤਿਗੁਰਾਂ ਨੇ ਇਸ ਮਾਣ-ਮੱਤੇ ਪੰਡਤ ਨੂੰ ਸਮਝਾਇਆ ਕਿ ਧਾਰਮਕ ਪੁਸਤਕਾਂ ਦੀ ਪੜ੍ਹਾਈ ਅਤੇ ਹਉਮੈ ਉਪਜਾਉਣ ਵਾਲੀ 'ਗਿਆਨ-ਚਰਚਾ' ਨਾਲ ਪ੍ਰਭੂ ਨਹੀਂ ਪਤੀਜਦਾ, ਉਹ ਤਾਂ ਪ੍ਰੇਮਾ-ਭਗਤੀ ਦਾ ਭੁੱਖਾ ਹੈ । ਪ੍ਰਭੂ

ਦੀ ਦਰਗਾਹ ਵਿਚ ਕੋਰੇ ਗਿਆਨ ਦਾ ਕੋਈ ਮੁੱਲ ਨਹੀਂ ਪੈਣਾ, ਕੇਵਲ ਨਾਮ-ਸਿਮਰਨ ਦਾ ਹੀ ਮੁਲ ਪੈਣਾ ਹੈ । ਨਾਮ ਨੂੰ ਛੱਡ ਕੇ ਹੋਰ ਕਰਮ-ਕਮਾਉਣੇ ਕੇਵਲ ਹੰਕਾਰ ਵਿਚ ਝੱਖਾਂ ਮਾਰਨੀਆਂ ਹੀ ਹਨ :—

**ਪੜਿ ਪੜਿ ਗਡੀ ਲਦੀਅਹਿ,**
**ਪੜਿ ਪੜਿ ਭਰੀਅਹਿ ਸਾਥ ॥**
**ਪੜਿ ਪੜਿ ਬੇੜੀ ਪਾਈਐ,**
**ਪੜਿ ਪੜਿ ਗਡੀਅਹਿ ਖਾਤ ॥**
**ਪੜੀਅਹਿ ਜੇਤੇ ਬਰਸ ਬਰਸ,**
**ਪੜੀ ਅਹਿ ਜੇਤੇ ਮਾਸ ॥**
**ਪੜੀਐ ਜੇਤੀ ਆਰਜਾ,**
**ਪੜੀਅਹਿ ਜੇਤੇ ਸਾਸ ॥**
**ਨਾਨਕ ਲੇਖੈ ਇਕ ਗਲ,**
**ਹੋਰੁ ਹਉਮੈ ਝਖਣਾ ਝਾਖ ॥**
(ਵਾਰ ਆਸਾ, ਸਲੋਕ, ਮ: ੧—੪੬੭)

ਨਾਮ-ਸਿਮਰਨ ਉਤੇ ਇਸ ਲਈ ਇੰਨਾ ਜੋਰ ਦਿੱਤਾ ਗਿਆ ਤਾ ਜੋ ਮਨੁੱਖ ਪੁਸਤਕਾਂ ਪੜ੍ਹ ਕੇ ਨਿਰਾ ਮੁਖ-ਗਿਆਨੀ ਹੀ ਨਾ ਬਣੇ, ਨਿਰਾ ਵਿਦਵਾਨ ਹੀ ਨਾ ਬਣੇ, ਨਿਰੀ ਚੁੰਚ-ਚਰਚਾ ਹੀ ਨਾ ਕਰੇ, ਸਗੋਂ ਇੱਕ ਸੱਚਾ ਧਰਮੀ-ਜੀਉੜਾ ਬਣੇ, ਭਗਤ ਬਣੇ, ਗੁਰਮੁਖ ਬਣੇ । ਧਰਮੀ-ਮਨੁੱਖ ਆਪਣੇ ਕੰਮਾਂ ਤੋਂ ਪਛਾਣਿਆ ਜਾਂਦਾ ਹੈ । ਨਾਮ-ਜਪਣਾ, ਧਰਮ ਦੀ ਕਿਰਤ ਕਰਨੀ ਤੇ ਵੰਡ ਛਕਣਾ ਉਸਦੀ ਜੀਵਨ ਜਾਚ ਦੇ ਮੁੱਖ ਅੰਗ ਬਣ ਜਾਂਦੇ ਹਨ । ਉਹ ਪ੍ਰਭੂ ਦੀ ਸੰਤਾਨ ਮਨੁੱਖ ਜਾਤੀ ਦੀ ਸੇਵਾ ਵਿਚ ਲੀਨ ਰਹਿੰਦਾ ਹੈ । ਮਹਾਨ ਸਤਿਗੁਰਾਂ ਦੇ ਜੀਵਨ ਤੋਂ ਸਿਖਿਆ ਲੈ ਕੇ ਸੱਚ ਦੀ ਖਾਤਰ ਜੀਵਨ ਵੀ ਵਾਰ ਦਿੰਦਾ ਹੈ । ਉਹ **'ਸਚੁ ਸੁਣਾਇਸੀ, ਸਚ ਕੀ ਬੇਲਾ'** ਨੂੰ ਪਰਚਾਰ ਦਾ ਆਧਾਰ ਬਣਾ ਲੈਂਦਾ ਹੈ । ਮਨੁੱਖ ਜਾਂ (ਪਰਚਾਰਕ) ਦੇ ਅੰਦਰ ਇਹ ਦਲੇਰੀ ਸਿਰ (ਦਿਮਾਗ) ਨਹੀਂ ਪੈਦਾ ਕਰਦਾ, ਸਗੋਂ ਹਿਰਦਾ ਪੈਦਾ ਕਰਦਾ ਹੈ । ਇਸ ਲਈ ਸਿਆਣੇ ਆਖਦੇ ਹਨ ਕਿ ਸਿਰ ਨੂੰ ਵਿਦਿਆ ਨਾਲ ਭਰ ਲੈਣਾ ਸੁਖਾਲਾ ਕੰਮ ਹੈ, ਪਰ ਹਿਰਦੇ ਨੂੰ ਧਰਮ ਲਈ ਤਿਆਰ ਕਰਨਾ ਔਖਾ ਹੈ । ਅਕਲ ਦਾ ਭਰਿਆ ਹੋਇਆ ਵਖਿਆਨ ਤਿਆਰ ਕਰਨਾ ਸੌਖਾ ਹੈ, ਪਰ ਹਿਰਦੇ ਦੇ ਪਿਆਰ ਦੇ ਜਜ਼ਬੇ ਨਾਲ ਭਰਿਆ ਹੋਇਆ ਵਖਿਆਨ ਇਕ ਬੜਾ ਔਖਾ ਕੰਮ ਹੈ ।

### ਸੱਚਾ ਪਰਚਾਰਕ :

ਗੁਰੂ ਅਰਜਨ ਪਾਤਸ਼ਾਹ ਸਚੇ ਪਰਚਾਰਕ ਦੀ ਪਰਿਭਾਸ਼ਾ ਨਿਸਚਿਤ ਕਰਦੇ ਹੋਏ ਆਖਦੇ ਹਨ ਕਿ ਸਚਾ ਪਰਚਾਰਕ ਉਹ ਹੈ ਜੋ ਪਹਿਲਾਂ ਆਪਣੇ ਹਿਰਦੇ ਨੂੰ ਪ੍ਰਭੂ-ਗਿਆਨ ਨਾਲ ਭਰਪੂਰ ਕਰਦਾ ਹੈ ਤੇ ਉਸਦੇ ਪਿਛੋਂ ਹੋਰਨਾਂ ਨੂੰ ਰੀਝਾਉਂਦਾ ਹੈ, ਜੋ ਪਹਿਲਾਂ ਹਿਰਦੇ ਨੂੰ ਪ੍ਰਭੂ ਦੇ ਨਾਮ ਨਾਲ ਪਵਿਤਰ ਕਰਦਾ ਹੈ ਤੇ ਫਿਰ ਉਸ ਨਾਮ ਬਾਰੇ ਲੋਕਾਂ ਨੂੰ ਸਮਝਾਉਂਦਾ ਹੈ :

**ਪ੍ਰਥਮੇ ਮਨੁ ਪਰਬੋਧੈ ਅਪਨਾ, ਪਾਛੈ ਅਵਰ ਰੀਝਾਵੈ ॥**
**ਰਾਮ ਨਾਮ ਜਪੁ ਹਿਰਦੈ ਜਾਪੈ, ਮੁਖ ਤੇ ਸਗਲ ਸੁਨਾਵੈ ॥**
(ਆਸਾ, ਮ: ੫-੩੮੧)

**ਉਧਰਹਿ ਆਪਿ ਤਰੈ ਸੰਸਾਰੁ ॥**
**ਰਾਮ ਨਾਮ ਜਪਿ ਏਕੰਕਾਰੁ ॥**
**ਆਪਿ ਕਮਾਉ, ਅਵਰਾ ਉਪਦੇਸ ॥**
**ਰਾਮ ਨਾਮ ਹਿਰਦੈ ਪਰਵੇਸ ॥** (ਗਉੜੀ, ਮ: ੫—੧੮੫)

ਗੁਰੂ ਅਮਰਦਾਸ ਜੀ ਪ੍ਰਚਾਰਕ ਦੇ ਗੁਣ ਇੰਝ ਬਿਆਨ ਕਰਦੇ ਹਨ :

**ਅੰਮ੍ਰਿਤੁ ਬੋਲੇ ਸਦਾ ਮੁਖਿ ਵੈਣੀ ॥**
**ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥**
**ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ,**
**ਅਵਰਾ ਆਖਿ ਸੁਨਾਵਣਿਆ ॥** (ਮਾਝ, ਮ: ੩-੧੧੮)

**ਅਰਥ :** (ਮੈਂ ਉਸ ਮਨੁੱਖ ਤੋਂ ਸਦਕੇ ਜਾਂਦਾ ਹਾਂ) ਜਿਹੜਾ ਆਪਣੇ ਮੂੰਹ ਨਾਲ, ਬਚਨਾਂ ਦੀ ਰਾਹੀਂ, ਆਤਮਕ ਜੀਵਨ-ਦਾਤਾ ਪ੍ਰਭੂ ਨਾਮ ਸਦਾ ਉਚਾਰਦਾ ਹੈ, ਉਹ ਅੱਖਾਂ ਨਾਲ ਵੀ ਸਦਾ ਜੀਵਨ-ਦਾਤੇ ਪਰਮਾਤਮਾਂ ਨੂੰ ਹੀ ਹਰ ਥਾਂ ਵੇਖਦਾ-ਪਛਾਣਦਾ ਹੈ ਉਹ ਜੀਵਨ-ਦਾਤੇ ਪ੍ਰਭੂ ਦੀ ਸਿਫ਼ਤ-ਸਲਾਹ ਸਦਾ ਦਿਨ ਰਾਤ ਕਰਦਾ ਹੈ ਤੇ ਹੋਰਨਾਂ ਨੂੰ ਵੀ (ਸਿਫ਼ਤ-ਸਲਾਹ) ਆਖ ਕੇ ਸੁਣਾਉਂਦਾ ਹੈ ।

ਸੋ ਨਿਰੀ ਉਚੀ-ਵਿਦਿਆ, ਧਨ ਅਤੇ ਪਰਚਾਰ ਦੇ ਨਵੇਂ-ਨਵੇਂ ਢੰਗ ਮਨੁੱਖ ਨੂੰ ਸਫ਼ਲ ਪਰਚਾਰਕ ਨਹੀਂ ਬਣਾ ਸਕਦੇ । ਪਰਚਾਰ ਵਿਚ ਇਹ ਚੀਜ਼ਾਂ ਸਹਾਇਤਾ ਤਾਂ ਕਰਦੀਆਂ ਹਨ, ਪਰ ਨਿਰੀਆਂ ਇਹੀ ਕਾਫ਼ੀ ਨਹੀਂ ਹਨ । ਪਰਚਾਰਕ ਨੇ ਪਹਿਲਾਂ ਗੁਰੂ ਦੇ ਸਨਮੁਖ ਹੋਕੇ, ਗੁਰੂ ਦੀ ਰਜ਼ਾ ਵਿਚ ਤੁਰਕੇ, ਗੁਰੂ ਦੇ ਦੱਸੇ ਹੋਏ ਰਾਹ ਵਾਲਾ ਜੀਵਨ ਬਣਾਕੇ, ਆਪਣ ਆਪ ਨੂੰ ਮਾਇਆ ਦੀ ਨੀਂਦ ਵਿਚੋਂ ਜਗਾਉਣਾ ਹੈ, ਵਿਕਾਰਾਂ ਤੋਂ ਬਚਕੇ ਰਹਿਣਾ ਹੈ, ਪ੍ਰਭੂ ਦੀ ਸਿਫ਼ਤ-ਸਲਾਹ ਦੁਆਰਾ ਹਿਰਦੇ ਵਿਚ ਵਸਦੇ ਪ੍ਰਭੂ ਨੂੰ ਪਛਾਨਣਾ ਹੈ, ਉਸ ਨਾਲ ਲਿਵ ਜੋੜਨੀ ਹੈ ਤੇ ਫਿਰ ਪਰਚਾਰ ਦੇ ਖੇਤਰ ਵਿਚ ਆਪਣੇ ਫ਼ਰਜ਼ ਨਿਭਾਉਣੇ ਹਨ । ਅਜਿਹਾ ਪ੍ਰਚਾਰਕ ਹੀ ਹੋਰਨਾਂ ਨੂੰ ਨਾਮ-ਮਾਰਗ ਤੇ ਤੋਰ ਸਕਦਾ ਹੈ :—

**ਜਿਸੁ ਦੈ ਅੰਦਰਿ ਸਚੁ ਹੈ,**
**ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥**
**ਓਹੁ ਹਰਿ ਮਾਰਗਿ ਆਪਿ ਚਲਦਾ,**
**ਹੋਰਨਾ ਨੋ ਹਰਿ ਮਾਰਗਿ ਪਾਏ ॥**
(ਵਾਰ ਮਾਝ, ਮ: ੪—੧੪੦)

* * *

# ਸਰਬੱਤ ਦਾ ਭਲਾ ਮੰਗਣ ਦਾ ਸਿਧਾਂਤ ਹੀ ਸੰਸਾਰ ਅਮਨ ਦਾ ਜ਼ਾਮਨ ਬਣ ਸਕਦਾ ਹੈ

*— ਸ੍ਰ. ਸਰੂਪ ਸਿੰਘ, ਯੂ. ਕੇ.*

ਧਰਮ ਸੱਚ ਦਾ ਮਾਰਗ ਹੈ। ਇਹ ਦਇਆ, ਪਿਆਰ, ਸੰਤੋਖ, ਸਹਿਨਸ਼ੀਲਤਾ ਅਤੇ ਨਿਰਵੈਰਤਾ ਦਾ ਪ੍ਰਤੀਕ ਹੈ। ਧਰਮ ਕਦੀ ਵੀ ਜ਼ੁਲਮ ਕਰਨ ਦੀ ਆਗਿਆ ਨਹੀਂ ਦਿੰਦਾ। ਪਰ ਧਰਮ ਦੇ ਕੁਝ ਠੇਕੇਦਾਰਾਂ ਨੇ ਧਰਮ ਦੇ ਨਾਂ ਨੂੰ ਦਾਗ਼ਦਾਰ ਬਣਾ ਕੇ ਰੱਖ ਦਿੱਤਾ ਹੈ। ਸੰਸਾਰ ਦੇ ਧਰਮਾਂ ਦਾ ਇਤਿਹਾਸਿਕ ਅਧਿਐਨ ਕੀਤਿਆਂ ਇਹ ਸੱਚਾਈ ਉਭਰ ਕੇ ਸਾਹਮਣੇ ਆ ਜਾਂਦੀ ਹੈ ਕਿ ਵੱਖ-ਵੱਖ ਧਰਮਾਂ ਦੇ ਠੇਕੇਦਾਰਾਂ ਨੇ ਧਰਮ ਦੇ ਨਾਂ ਤੇ ਕਹਿਰਾਂ ਦੇ ਅੱਤਿਆਚਾਰ ਕੀਤੇ ਹਨ। ਯਹੂਦੀਆਂ ਵਲੋਂ ਈਸਾਈਆਂ 'ਤੇ ਜ਼ੁਲਮ, ਈਸਾਈਆਂ ਵਲੋਂ ਯਹੂਦੀਆਂ 'ਤੇ ਅਤਿਆਚਾਰ, ਈਸਾਈਆਂ ਤੇ ਮੁਸਲਮਾਨਾਂ ਦੀਆਂ ਲੜਾਈਆਂ, ਅਹਿੰਸਾ ਪਰਮੋ ਧਰਮ ਦੇ ਅਖੌਤੀ ਠੇਕੇਦਾਰ ਹਿੰਦੂ ਧਰਮ ਦੇ ਜਨੂਨੀਆਂ ਵਲੋਂ ਲੱਖਾਂ ਬੋਧੀਆਂ ਦਾ ਕਤਲੇਆਮ, ਮੁਸਲਮਾਨਾਂ ਦੇ ਹਿੰਦੂਆਂ 'ਤੇ ਕਹਿਰਾਂ ਦੇ ਜ਼ੁਲਮ ਤੇ ਤਸ਼ੱਦਦ, ਈਸਾਈਆਂ ਦੇ ਆਪੋ ਵਿੱਚ ਦੇ ਖ਼ੂਨ ਖਰਾਬੇ, ਸਿੱਖ ਧਰਮ ਤੇ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਲਈ ਅੱਜ ਦੀ ਇਕ ਫਿਰਕੂ ਪਾਰਟੀ ਵਲੋਂ ਹਜ਼ਾਰਾਂ ਨਿਰਦੋਸ਼ ਤੇ ਨਿਹੱਥੇ ਸਿੱਖਾਂ, ਇਸਤਰੀਆਂ, ਬੱਚਿਆਂ ਤੇ ਬਜ਼ੁਰਗਾਂ ਦਾ ਕਤਲੇਆਮ ਆਦਿਕ ਖ਼ੂਨੀ ਕਾਂਡਾਂ ਦੇ ਧੱਬੇ ਧਰਮ ਦੇ ਨਾਂ ਨੂੰ ਕਲੰਕਤ ਕਰ ਚੁੱਕੇ ਹਨ।

ਸਿੱਖ ਧਰਮ ਹੀ ਸੰਸਾਰ ਦਾ ਇਕੱਲਾ ਧਰਮ ਹੈ ਜਿਸ ਪਿਆਰ ਤੇ ਕੇਵਲ ਪਿਆਰ ਹੀ ਵੰਡਿਆ ਹੈ। ਅੱਧੀ ਸਦੀ ਕਹਿਰਾਂ ਦੇ ਜ਼ੁਲਮ ਤੇ ਜਬਰ ਸਹਿਣ ਮਗਰੋਂ ਜੇਤੂ ਬਣਕੇ ਵੀ ਆਪਣੇ ਗੁਰੂ ਦੇ ਉਪਦੇਸ਼ **"ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ"** ਨੂੰ ਸਦਾ ਚੇਤੇ ਰੱਖਿਆ ਅਤੇ ਦੂਜਿਆਂ ਦੇ ਧਰਮਾਂ, ਧਰਮ ਅਸਥਾਨਾਂ ਅਤੇ ਇਸਤਰੀਆਂ ਦਾ ਪੂਰਨ ਸਤਿਕਾਰ ਕੀਤਾ ਹੈ। ਦੂਜਿਆਂ ਦੇ ਧਰਮਾਂ ਦੇ ਹੱਕਾਂ ਦੀ ਰਾਖੀ ਲਈ ਸ਼ਹੀਦੀਆਂ ਦੇਣ ਵਾਲਾ ਵੀ ਕੇਵਲ ਤੇ ਕੇਵਲ ਸਿੱਖ ਧਰਮ ਹੀ ਹੈ। ਮੈਦਾਨੇ ਜੰਗ ਵਿਚ ਵਿਰੋਧੀ ਫੱਟੜਾਂ ਨੂੰ ਨਾ ਕੇਵਲ ਪਾਣੀ ਹੀ ਪਿਲਾਉਂਦੇ ਰਹੇ ਸਗੋਂ ਜ਼ਖ਼ਮਾਂ ਤੇ ਮਰ੍ਹਮ ਪੱਟੀ ਵੀ ਕਰਦੇ ਰਹੇ ਕਿਉਂਕਿ ਦੁਖੀ ਦਾ ਦੁਖ ਵੰਡਾਣਾ ਸਿੱਖੀ ਦਾ ਮੁੱਢਲਾ ਅਸੂਲ ਹੈ।

ਜਿਹੜਾ ਮਨੁੱਖ ਰੱਬ ਦੇ ਪੈਦਾ ਕੀਤੇ ਬੰਦੇ ਨੂੰ ਨਫ਼ਰਤ ਕਰਦਾ ਹੈ, ਉਹ ਭਾਵੇਂ ਕਿਤਨੀਆਂ ਸਮਾਧੀਆਂ ਲਗਾ ਲਵੇ, ਕਿਤਨੇ ਤੀਰਥ ਇਸ਼ਨਾਨ ਕਰ ਲਵੇ, ਧਰਮ-ਅਸਥਾਨਾਂ ਦੀਆਂ ਦਹਿਲੀਜ਼ਾਂ ਤੇ ਨੱਕ ਰਗੜ-ਰਗੜ ਕੇ ਘਸਾ ਲਵੇ, ਉਹ ਰੱਬ ਦੀ ਖ਼ੁਸ਼ੀ ਦਾ ਪਾਤਰ ਕਦੀ ਨਹੀਂ ਬਣ ਸਕਦਾ। ਨਫ਼ਰਤ ਤੇ ਈਰਖਾ ਦੇ ਫੁਰਨੇ ਮਨੁੱਖੀ ਸਰੀਰ ਅੰਦਰ ਕਈ ਪ੍ਰਕਾਰ ਦੇ ਰੋਗ ਪੈਦਾ ਕਰਦੇ ਹਨ। ਕਾਮ, ਕ੍ਰੋਧ ਤੇ ਈਰਖਾ ਮਨੁੱਖੀ ਸਰੀਰ ਨੂੰ ਗਾਲਦੇ ਹਨ। ਇਕ ਧਰਮ ਦੇ ਚਿੰਨ੍ਹ ਦੂਜੇ ਨਾਲੋਂ ਵੱਖਰੇ ਹੋ ਸਕਦੇ ਹਨ ਪ੍ਰੰਤੂ ਪਵਿੱਤਰ ਅਮਲੀ ਜੀਵਨ ਦੇ ਗੁਣ ਸਰਬ-ਸਾਂਝੇ ਹੁੰਦੇ ਹਨ। ਧਰਮ ਵਿਸ਼ੇਸ਼ ਪ੍ਰਕਾਰ ਦੇ ਚਿੰਨ੍ਹਾਂ ਵਿੱਚ ਨਹੀਂ ਸਗੋਂ ਕਰਨੀ ਵਿੱਚ ਹੈ। ਅਮਲ ਮਨੁੱਖੀ ਆਚਾਰ ਦੀ ਅਸਲ ਬੋਲੀ ਹੈ ਜਿਸਦੀ ਮਹਿਕ ਹਰ ਇਕ ਨੂੰ ਆਪਣੇ ਵਲ ਖਿੱਚ ਲੈਂਦੀ ਹੈ। ਅਮਲੀ ਸਦਾਚਾਰਕ ਜੀਵਨ ਬਿਨਾਂ, ਨਿਰੇ ਪਵਿੱਤਰ ਇਰਾਦੇ ਮਨੁੱਖ ਨੂੰ ਕਿਸੇ ਬੰਨੇ ਨਹੀਂ ਲਾ ਸਕਦੇ।

ਗੁਰੂ ਨਾਨਕ ਸਾਹਿਬ ਨੇ ਹਨੇਰੇ ਵਿੱਚ ਠੋਕਰਾਂ ਖਾ ਰਹੀ ਲੋਕਾਈ ਨੂੰ ਬਾਹੋਂ ਪਕੜ ਕੇ ਸਿੱਧੇ ਰਾਹੇ ਪਾਇਆ ਅਤੇ ਸਾਰੀ ਮਨੁੱਖਤਾ ਨੂੰ ਪਿਆਰ ਦੇ ਧਾਗੇ ਵਿੱਚ ਪਰੋਇਆ। ਹਿੰਦੂਆਂ ਤੇ ਮੁਸਲਮਾਨਾਂ ਵਿਚਲੀ ਨਾ ਟੁੱਟਣ ਵਾਲੀ ਕੰਧ ਨੂੰ ਤੋੜਿਆ ਅਤੇ ਦੋਹਾਂ ਧਿਰਾਂ ਨੂੰ ਸੱਚ ਤੇ ਸਾਂਝੀਵਾਲਤਾ ਦਾ ਰਾਹ ਵਿਖਾਇਆ ਅਤੇ ਦ੍ਰਿੜ ਕਰਵਾਇਆ ਕਿ ਸਭ ਦੇਸ਼ਾਂ, ਸਭ ਕੌਮਾਂ, ਸਭ ਧਰਮਾਂ ਦਾ ਰੱਬ ਸਾਂਝਾ ਹੈ ਅਤੇ ਉਹ ਸਭ ਜੀਵ ਜੰਤੂਆਂ ਵਿੱਚ ਸਣੇ ਪਸ਼ੂਆਂ, ਪੰਛੀਆਂ ਤੇ ਕੀੜਿਆਂ ਮਕੌੜਿਆਂ ਵਿੱਚ ਸਰਬ-ਵਿਆਪਕ ਹੈ। ਆਪ ਜੀ ਨੇ ਮਨੁੱਖੀ ਸਮਾਨਤਾ, ਬਰਾਬਰਤਾ ਅਤੇ ਭਰਾਤਰੀ ਭਾਵ 'ਤੇ ਸਿੱਖ ਧਰਮ ਦੀ ਬੁਨਿਆਦ ਰੱਖਕੇ ਡੰਕੇ ਦੀ ਚੋਟ ਨਾਲ ਐਲਾਨਿਆਂ ਕਿ ਸੰਸਾਰ ਦੇ ਸਾਰੇ ਮਨੁੱਖ ਇਕੋ ਪਿਤਾ ਦੇ ਪੁੱਤਰ ਹਨ ਅਤੇ ਸਾਰੇ ਹੀ ਬਰਾਬਰ ਦੇ ਭਰਾ ਹਨ—

**(੧) "ਏਕੁ ਪਿਤਾ ਏਕਸ ਕੇ ਹਮ ਬਾਰਿਕ"**

*(ਪੰਨਾ ੬੧੧)*

**(੨) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**

*(ਪੰਨਾ ੧੩੪੯)*

**(੩) ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**

*(ਗੁਰੂ ਗੋਬਿੰਦ ਸਿੰਘ ਜੀ)*

ਜਦ ਸਾਰੇ ਮਨੁੱਖ ਇਕੋ ਰੱਬ ਦੀ ਰਚਨਾ ਹਨ ਤਾਂ ਸਪੱਸ਼ਟ ਹੈ ਕਿ ਜਨਮ ਕਰਕੇ ਨਾ ਕੋਈ ਚੰਗਾ ਹੈ ਅਤੇ ਨਾ ਹੀ ਮੰਦਾ। ਇਹੋ ਹੀ **"ਨਾਨਕ ਉਤਮੁ ਨੀਚੁ ਨ ਕੋਇ"** ਗੁਰਮਤਿ ਦਾ ਦੋ ਟੁਕ ਫੈਸਲਾ ਹੈ। ਜੇ ਸਾਰੇ ਮਨੁੱਖ ਇਹ ਵਿਸ਼ਵਾਸ ਬਣਾ ਲੈਣ ਕਿ ਸਾਰਿਆਂ ਵਿੱਚ ਇਕੋ ਹੀ ਰੱਬ ਵਸਦਾ ਹੈ, ਸਾਰੇ ਇੱਕੋ ਜਿਹੇ ਹਨ ਅਤੇ ਗੁਰਬਾਣੀ ਦੇ **"ਹਮ ਨਹੀ ਚੰਗੇ ਬੁਰਾ ਨਹੀ ਕੋਇ"** ਦੇ ਸੁਨਹਿਰੀ ਅਸੂਲ ਨੂੰ ਸਾਹਮਣੇ ਰੱਖ ਕੇ ਵਿਚਰਨ ਅਤੇ **"ਬੁਰਾ ਭਲਾ ਕਹੁ ਕਿਸ ਨੋ ਕਹੀਐ"** (ਪੰਨਾ ੩੫੩) ਦੇ ਧਾਰਨੀ ਬਣ ਜਾਣ ਤਾਂ ਉਹ ਕਿਸੇ ਦਾ ਬੁਰਾ ਚਿਤਵ ਹੀ ਨਹੀਂ ਸਕਦੇ। ਸਰਬੱਤ ਦਾ ਭਲਾ ਉਹੋ ਹੀ ਮੰਗ ਸਕਦਾ ਹੈ ਜੋ ਦੂਜਿਆਂ ਦਾ ਬੁਰਾ ਨਹੀਂ ਚਿਤਵਦਾ ਅਤੇ ਜਿਸ ਅੰਦਰ ਅਭਿਮਾਨ ਨਹੀਂ ਹੈ। ਨਾ ਹਉਮੈਂ ਹੈ ਤੇ ਨਾ ਹੀ "ਮੈਂ ਤੇ ਮੇਰੀ" ਹੈ। ਅਜੇਹੇ ਮਨੁੱਖ ਅੰਦਰ **"ਹਮ ਤਜਿ ਭਲੋ ਸਭ ਕੋਇ"** ਦੀ ਭਾਵਨਾ ਪੁੰਗਰ ਕੇ ਉਸ ਦੇ ਹੰਕਾਰ ਨੂੰ ਸਾੜ ਦਿੰਦੀ ਹੈ ਅਤੇ ਉਸ ਦੇ ਹਿਰਦੇ ਅੰਦਰ ਮਨੁੱਖੀ

ਬਰਾਬਰਤਾ ਤੇ ਸਮਾਨਤਾ ਦੀ ਭਾਵਨਾ ਜਾਗ ਪੈਂਦੀ ਹੈ।

ਸਾਡੇ ਸਭਨਾਂ ਵਿੱਚ ਇੱਕੋ ਰੱਬੀ ਨੂਰ ਹੈ। ਸਾਰਿਆਂ ਵਿੱਚ ਇੱਕੋ ਜੋਤਿ ਪਸਰ ਰਹੀ ਹੈ। ਇਸ ਲਈ ਸਾਰੇ ਮਨੁੱਖ ਬਿਨਾਂ ਕਿਸੇ ਰੰਗ-ਭੇਦ, ਨਸਲ-ਭੇਦ, ਲਿੰਗ-ਭੇਦ, ਜ਼ਾਤ-ਭੇਦ ਦੇ ਸਾਰੇ ਭਰਾ-ਭਰਾ ਹਨ ਅਤੇ ਸੰਸਾਰ ਨੂੰ ਗੱਲਵਕੜੀ ਵਿੱਚ ਲੈਣ ਦੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ ਜਦ ਆਪਣੇ ਅੰਦਰ ਸਭ ਨੂੰ ਇੱਕੋ ਜਿਹਾ ਵੇਖਣ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਅਜੇਹੀ ਭਾਵਨਾ ਤਦ ਹੀ ਪੈਦਾ ਹੋ ਸਕਦੀ ਹੈ ਜੇ ਅਸੀਂ ਸਭ ਨੂੰ ਭਰਾ-ਭਰਾ ਸਮਝੀਏ। ਜਿਹੜਾ ਸਰਬੱਤ ਦਾ ਭਲਾ ਮੰਗ ਸਕਦਾ ਹੈ ਉਸ ਦਾ ਮਨ ਅਤਿ ਵਿਸ਼ਾਲ ਬਣ ਚੁੱਕਾ ਹੁੰਦਾ ਹੈ। ਨਾ ਉਹਦੀ ਕਿਸੇ ਨਾਲ ਕੋਈ ਦੁਸ਼ਮਣੀ ਰਹਿ ਜਾਂਦੀ ਹੈ ਅਤੇ ਨਾ ਹੀ ਉਹ ਕਿਸੇ ਨਾਲ ਈਰਖਾ ਤੇ ਵਿਤਕਰਾ ਕਰਦਾ ਹੈ ਸਗੋਂ ਸਾਰਿਆਂ ਨੂੰ ਅਕਾਲ ਪੁਰਖ ਦੀ ਅੰਸ਼ ਸਮਝਕੇ ਪਿਆਰਦਾ ਹੈ। ਇਹੀ ਕਾਰਨ ਹੈ ਕਿ ਸਾਡੇ ਮਹਾਨ ਗੁਰੂ ਨੇ ਸਰਬੱਤ ਦਾ ਭਲਾ ਮੰਗਣ ਦੇ ਸੰਕਲਪ ਨੂੰ ਸਿੱਖ ਦੇ ਰੋਜ਼ ਦੇ ਜੀਵਨ ਦਾ ਆਧਾਰ ਬਣਾਇਆ। ਹਰ ਸਿੱਖ ਦੋਵੇਂ ਵੇਲੇ ਆਪਣੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦਾ ਹੈ ਤਾਂ ਜੋ ਉਸ ਦੇ ਰੋਮ-ਰੋਮ ਵਿੱਚ ਇਹ ਭਾਵਨਾ ਰਚ ਜਾਏ।

ਸਰਬੱਤ ਦੇ ਭਲੇ ਤੋਂ ਭਾਵ ਹੈ ਸਾਰਿਆਂ ਦਾ ਭਲਾ, ਆਪਣੇ ਤੇ ਪਰਾਏ ਦਾ ਭਲਾ, ਮਿੱਤਰ ਤੇ ਦੁਸ਼ਮਣ ਦਾ ਭਲਾ, ਅਮੀਰ ਤੇ ਗਰੀਬ ਦਾ ਭਲਾ, ਵਾਕਫ਼ ਤੇ ਨਾਵਾਕਫ਼ ਦਾ ਭਲਾ, ਮਨੁੱਖ-ਮਾਤਰ ਦਾ ਭਲਾ ਅਤੇ ਸਭ ਜੀਵ-ਜੰਤੂਆਂ ਦਾ ਭਲਾ। ਭਲਾ ਸਰਬੱਤ ਦਾ ਮੰਗਣਾ ਹੈ ਅਤੇ ਮੰਗਣਾ ਵੀ ਤਨੋਂ-ਮਨੋਂ ਹੈ ਕਿਉਂਕਿ ਇਸ ਦੀ ਜ਼ਾਮਨੀ 'ਨਾਨਕ ਨਾਮ ਚੜ੍ਹਦੀ ਕਲਾ' ਵਿੱਚ ਹੈ। ਇਹ ਭਲਾ ਵਿਖਾਵੇ ਮਾਤਰ ਨਹੀਂ ਮੰਗਣਾ ਹੈ ਸਗੋਂ ਦਿਲ ਦੀ ਅੰਤ੍ਰੀਵ ਭਾਵਨਾ ਨਾਲ, ਦਿਲ ਦੇ ਧੁਰ-ਅੰਦਰੋਂ ਅਤੇ ਪੂਰੀ ਦਿਆਨਤਦਾਰੀ ਨਾਲ ਮੰਗਣਾ ਹੈ। ਇਹ ਸਿੱਖ ਧਰਮ ਦਾ ਮੁਢਲਾ ਸਿਧਾਂਤ ਹੈ। ਮਨੁੱਖ ਦੀ ਸੁਆਰਥਕ ਰੁਚੀ ਨੂੰ ਪਰ-ਸੁਆਰਥਕ ਰੁਚੀ ਬਣਾਉਣ ਲਈ ਗੁਰਮਤਿ ਦੀ ਇਹ ਵਿਗਿਆਨਕ ਜੁਗਤੀ ਹੈ। ਵਿਅਕਤੀਗਤ ਮਨੁੱਖੀ ਭਲਾਈ ਨੂੰ ਸਾਰੀ ਮਨੁੱਖਤਾ ਨਾਲ ਜੋੜਨ ਦਾ ਸੁਖੈਨ ਢੰਗ ਹੈ ਕਿਉਂਕਿ ਮਨੁੱਖ ਦੀ ਭਲਾਈ ਸਾਰੇ ਜਗਤ ਦੀ ਭਲਾਈ ਵਿਚ ਹੈ। ਸਰਬੱਤ ਦਾ ਭਲਾ ਮੰਗਣਾ ਮਨੁੱਖੀ ਸਮਾਨਤਾ ਦਾ ਸੂਚਕ ਵੀ ਹੈ।

ਸਰਬੱਤ ਦਾ ਭਲਾ ਮੰਗਣਾ ਸਿੱਖ ਧਰਮ ਦੀ ਆਧਾਰਸ਼ਿਲਾ ਹੈ। ਸਰਬੱਤ ਦੇ ਭਲੇ ਵਿਚ ਦੇਗ ਸਭ ਲਈ ਸਾਂਝੀ ਹੈ ਤਾਂ ਜੋ ਕੋਈ ਭੁੱਖਾ ਨਾ ਸਵੇਂ। ਤੇਗ ਹੈ ਇਨਸਾਫ ਤੇ ਸਚਾਈ ਦੀ ਰਾਖੀ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਤਾਂ ਜੋ ਜ਼ਾਲਮ ਦੀ ਤੇਗ ਕਿਸੇ ਨਿਰਦੋਸ਼ ਨੂੰ ਮਾਰਨ ਦਾ ਹੀਆ ਨਾ ਕਰ ਸਕੇ। ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਕਰਨਾ ਸਿੱਖ ਧਰਮ ਦਾ ਆਦਰਸ਼ ਹੈ। ਸਰਬੱਤ ਦਾ ਭਲਾ ਮੰਗਣਾ, ਸਰਬੱਤ ਦੀ ਸੇਵਾ ਕਰਨੀ, ਸਰਬੱਤ ਲਈ ਇਨਸਾਫ਼ ਮੰਗਣਾ, ਸਰਬੱਤ ਦੀ ਰਾਖੀ ਕਰਨੀ, ਸਰਬੱਤ ਦੇ ਕੰਮ ਆਉਣਾ, ਸਰਬੱਤ ਲਈ ਸ਼ੁੱਭ-ਇੱਛਕ ਹੋਣਾ, ਸਰਬੱਤ ਦੀ ਦੇਖ-ਭਾਲ ਕਰਨੀ ਅਤੇ ਲੋੜ ਪੈਣ ਤੇ ਸਰਬੱਤ ਦੇ ਹੱਕਾਂ ਦੀ ਰਾਖੀ ਲਈ ਜੂਝ ਮਰਨਾ ਸਿੱਖ ਦਾ ਮੁੱਖ ਧਾਰਮਿਕ ਫ਼ਰਜ ਹੈ। ਝੂਠ ਵਿਰੁੱਧ ਅੜਨਾ ਅਤੇ ਜ਼ੁਲਮ ਵਿਰੁੱਧ ਲੜਨਾ ਸਿੱਖ ਦਾ ਇਤਿਹਾਸਿਕ ਵਿਰਸਾ ਹੈ। ਸਿੱਖ ਦੇ ਵਿਧਾਨ ਵਿੱਚ ਜਿੱਥੇ ਜ਼ੁਲਮ ਕਰਨਾ ਪਾਪ ਹੈ, ਉੱਥੇ ਜ਼ੁਲਮ ਸਹਿਣਾ ਵੀ ਪਾਪ ਹੈ। ਨਾ ਕਿਸੇ ਤੇ ਜ਼ੁਲਮ ਕਰਨਾ ਹੈ ਹੈ ਅਤੇ ਨਾ ਹੀ ਕਿਸੇ ਦੇ ਜ਼ੁਲਮ ਅੱਗੇ ਭੇਡਾਂ ਬੱਕਰੀਆਂ ਬਣਨਾ ਹੈ। ਨਾ ਕਿਸੇ ਨੂੰ ਡਰਾਣਾ ਹੈ ਅਤੇ ਨਾ ਹੀ ਕਿਸੇ ਤੋਂ ਡਰਨਾ ਹੈ।

ਦੂਜਿਆਂ ਲਈ ਜੀਊਣਾ ਮਰਨਾ ਹੀ ਅਸਲੀ ਜੀਵਨ ਹੈ, ਨਿਰਾ ਆਪਣੇ ਲਈ ਜੀਊਣਾ ਸਹੀ ਜੀਵਨ ਨਹੀਂ ਹੈ। ਇਹ ਕੁਦਰਤ ਦੇ ਨਿਯਮ ਦੇ ਉਲਟ ਹੈ। ਆਤਮਿਕ ਮੌਤ ਹੈ। ਆਪ ਜੀਵੋ ਤੇ ਹੋਰਨਾਂ ਦੇ ਜੀਣ ਵਿੱਚ ਸਹਾਇਕ ਬਣੋ। ਦੁਖੀ ਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਹੀ ਅਸਲੀ ਮਨੁੱਖੀ ਜੀਵਨ ਹੈ। ਗੁਰੂ ਨਾਨਕ ਸਾਹਿਬ ਨੇ ਆਪਣੀ ਸੰਤਾਨ, ਆਪਣੇ ਖਾਨਦਾਨ ਜਾਂ ਪਰਵਾਰ ਸੰਬੰਧੀ ਕਦੀ ਨਹੀਂ ਸੀ ਸੋਚਿਆ ਸਗੋਂ ਸਾਰੀ ਮਨੁੱਖਤਾ ਨੂੰ ਮਾਨਸਿਕ ਪੀੜਾ ਤੋਂ ਬਚਣ ਦਾ ਰਾਹ ਵਿਖਾਇਆ ਸੀ। ਦੂਜਿਆਂ ਦੇ ਸੁੱਖਾਂ ਲਈ ਆਪਣੇ ਸੁੱਖ ਤਿਆਗਣ ਵਿੱਚ ਇਕ ਅਲੌਕਿਕ ਸੁਆਦ ਹੈ, ਖੇੜਾ ਹੈ, ਖ਼ੁਸ਼ੀ ਹੈ, ਸੰਤੁਸ਼ਟਤਾ ਹੈ, ਅਨੰਦ ਹੈ ਅਤੇ ਮਹਾਨਤਾ ਹੈ। **ਮਨੁੱਖ ਦੀ ਵਡਿਆਈ ਦੂਜਿਆਂ ਦੀ ਲੁੱਟ-ਖੋਹ ਕਰਕੇ ਆਪਣੇ ਸੁੱਖਾਂ ਵਿੱਚ ਵਾਧਾ ਕਰ ਲੈਣ ਵਿੱਚ ਨਹੀਂ ਹੈ। ਸਗੋਂ ਅਸਲੀ ਸੁੱਖ ਤੇ ਮਹਾਨਤਾ ਦੂਜਿਆਂ ਨੂੰ ਕੁਝ ਦੇਣ ਵਿਚ ਹੈ। ਜਿਸ ਮਨੁੱਖ ਅੰਦਰ ਬੇਸਬਰੀ ਦੀ ਥਾਂ ਸੰਤੋਖ, ਅਭਿਮਾਨ ਦੀ ਥਾਂ ਨਿਮਰਤਾ ਅਤੇ ਬਦਲੇ ਦੀ ਥਾਂ ਪਿਆਰ ਦੀ ਭਾਵਨਾ ਜਾਗ ਪਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਮਨੁੱਖ ਕਾਦਰ ਦੀ ਕੁਦਰਤ ਦੀ ਨਿਯਮਾਵਲੀ ਵਿਚ ਵਿਚਰ ਰਿਹਾ ਹੈ ਅਤੇ ਕਾਦਰ ਦਾ ਅਨੁਭਵੀ ਬਣ ਚੁੱਕਾ ਹੈ।**

ਪਾਦਰਥਵਾਦ ਦੀ ਅੰਨ੍ਹੀ ਦੌੜ ਵਿੱਚ ਮਨੁੱਖਤਾ ਅੱਜ ਜੰਗਲੀ ਤੇ ਵਹਿਸ਼ੀ ਦਰਿੰਦਿਆਂ ਦਾ ਅਖਾੜਾ ਬਣ ਚੁੱਕੀ ਹੈ। ਅਗਿਆਨਤਾ ਤੇ ਨਿਰਾਸ਼ਾ ਦੇ ਹਨੇਰੇ ਖੂਹ ਵਿੱਚ ਮੂਧੀ ਪਈ ਮਨੁੱਖਤਾ ਅੱਜ ਹੰਕਾਰ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਹੈ। ਈਰਖਾ ਤੇ ਸਾੜੇ ਦੀ ਅੱਗ ਨਾਲ ਅੱਜ ਦੇ ਮਨੁੱਖਾਂ ਦੇ ਮਨ ਤੰਦੂਰ ਵਾਂਗ ਤਪ ਰਹੇ ਹਨ। ਅੱਜ ਦਾ ਮਨੁੱਖ ਆਪਣਾ ਮਾਨਸਿਕ ਤਵਾਜ਼ਨ ਗਵਾ ਬੈਠਾ ਹੈ।

ਅੱਜ ਸਾਰੀ ਦੁਨੀਆਂ ਦੇ ਦੇਸ਼ ਸਿਰੇ ਦੇ ਡਾਕਟਰ, ਸਿਰੇ ਦੇ ਇੰਜੀਨੀਅਰ ਅਤੇ ਸਿਰੇ ਦੇ ਸਾਇੰਸਵੇਤਾ ਪੈਦਾ ਕਰਨ ਵਿੱਚ ਆਪਣਾ ਸਾਰਾ ਜ਼ੋਰ ਲਾ ਰਹੇ ਹਨ ਪਰ ਸਿਰੇ ਦੇ ਮਨੁੱਖ, ਸਿਰੇ ਦੇ ਪਤੀ-ਪਤਨੀ, ਸਿਰੇ ਦੇ ਮਾਂ-ਪਿਓ, ਸਿਰੇ ਦੇ ਭੈਣ-ਭਰਾ, ਸਿਰੇ ਦੇ ਧੀ-ਪੁੱਤਰ ਪੈਦਾ ਕਰਨ ਦੀ ਲੋੜ ਵੱਲ ਧਿਆਨ ਹੀ ਨਹੀਂ ਦੇ ਰਹੇ।

ਅੱਜ ਦੇ ਮਨੁੱਖ ਦੀਆਂ ਸਭ ਉਲਝਣਾਂ ਤੇ ਸਮੱਸਿਆਵਾਂ ਦਾ ਹਲ ਗੁਰਮਤਿ ਜੀਵਨ-ਜਾਚ ਵਿੱਚ ਹੈ। ਪਦਾਰਥਵਾਦ ਦੀ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੀ ਮਨੁੱਖਤਾ ਸਾਹਮਣੇ ਹੋਰ ਕੋਈ ਰਾਹ ਹੈ ਹੀ ਨਹੀਂ। ਸਭ ਭੁੱਲਾਂ, ਪਾਪਾਂ ਤੇ ਗੁਨਾਹਾਂ ਦਾ ਮੂਲ ਕਾਰਨ ਖ਼ੁਦਗ਼ਰਜ਼ੀ ਹੈ ਜਿਹੜੀ ਕਿ ਜਹਾਲਤ ਤੇ ਅਗਿਆਨਤਾ ਤੋਂ ਪੈਦਾ ਹੁੰਦੀ ਹੈ। ਅੱਜ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸੁਆਰਥ ਦਾ ਬੋਲ ਬਾਲਾ ਹੈ। ਹਰ ਕੋਈ ਪਦਾਰਥਵਾਦ ਦੀ ਅੰਨ੍ਹੀ ਦੌੜ ਵਿੱਚ ਭਟਕ ਰਿਹਾ ਹੈ। ਗੁਰਮਤਿ ਦੀ ਜੀਵਨ ਜਾਚ ਹੀ ਅੱਜ ਦੇ ਮਨੁੱਖ ਦੇ ਮਨ ਦੀ ਭਟਕਣਾ ਦੂਰ ਕਰ ਸਕਦੀ ਹੈ ਅਤੇ ਮਨ ਦਾ ਸੰਤੁਲਨ ਵੀ ਕਾਇਮ ਕਰ ਸਕਦੀ ਹੈ। ਮਨ ਦੇ ਸੰਤੁਲਨ ਲਈ ਗੁਰਮਤਿ ਦੇ ਮਾਰਗ ਦਾ ਰਾਹੀ ਬਣਨਾ ਪਏਗਾ ਅਤੇ ਗੁਰਮਤਿ ਜੀਵਨ-ਜਾਚ ਦਾ ਧਾਰਨੀ ਬਣਨਾ ਪਏਗਾ। ਵਿਅਕਤੀਗਤ ਮਨੁੱਖ ਦੇ ਮਨ ਦੀ ਘਾੜਤ ਨੂੰ ਗੁਰਮਤਿ ਚਿੰਤਨ ਮੁਤਾਬਿਕ ਸ਼ਬਦ ਸਿਮਰਨ ਤੇ ਸੇਵਾ ਅਤੇ ਸ਼ਬਦ ਬੋਧ ਦੀ ਕਮਾਈ ਦੀ ਟਕਸਾਲ ਵਿੱਚ ਘੜਨਾ ਪਏਗਾ ਤਾਂ ਹੀ ਮਨ ਦਾ ਸੰਤੁਲਨ ਕਾਇਮ ਹੋਣਾ ਹੈ। ਇਹ ਸੰਤੁਲਨ ਹੀ ਗੁਰਮਤਿ ਦਾ ਸਹਿਜ ਮਾਰਗ ਹੈ। ਇਹ ਸਹਿਜ ਮਾਰਗ ਹੀ ਸਿੱਖ ਦਾ ਜੀਵਨ ਆਦਰਸ਼ ਹੈ ਜਿਹੜਾ ਕਿ ਅਧਿਆਤਮਕ ਤੇ ਸਦਾਚਾਰਕ ਕਦਰਾਂ ਕੀਮਤਾਂ ਦਾ ਸੁਮੇਲ ਹੈ।

ਸਹਿਜ ਮਾਰਗ ਮੱਧ ਦਾ ਮਾਰਗ ਹੈ, ਵਿਚਾਲਾ ਰਾਹ ਹੈ, ਪ੍ਰਵਿਰਤੀ ਤੇ ਨਿਰਵਿਰਤੀ ਦਾ ਸਮਤੋਲ ਹੈ, ਸੰਸਾਰਕਤਾ ਤੇ ਅਧਿਆਤਮਕਤਾ ਦਾ ਸੰਜੋਗ ਹੈ, ਸਿਧਾਂਤ ਤੇ ਅਮਲ ਦਾ ਸੁਮੇਲ ਹੈ, ਅੰਦਰਲੀ ਤੇ ਬਾਹਰਲੀ ਇਕਸੁਰਤਾ ਕਾਇਮ ਰੱਖਣ ਦੀ ਵਿਗਿਆਨਕ ਜੀਵਨ ਜੁਗਤੀ ਹੈ, ਆਤਮਾ ਤੇ ਸਰੀਰ ਦਾ ਸਾਵਾਂ-ਪਨ ਹੈ, ਦੀਨ ਤੇ ਦੁਨੀ ਦਾ ਸਮਤੋਲ ਹੈ, ਰਾਜ ਤੇ ਜੋਗ ਦਾ ਸਾਵਾਂ ਤਾਲਮੇਲ ਹੈ ਅਤੇ **"ਘਰ ਹੀ ਮਾਹਿ ਉਦਾਸ"** ਤੇ **"ਅੰਜਨ ਮਾਹਿ ਨਿਰੰਜਨਿ"** ਹੋ ਕੇ ਵਿਚਰਨ ਦਾ ਨਿਰਾਲਾ ਮਾਰਗ ਹੈ। ਸੰਗਤ ਤੇ ਪੰਗਤ, ਮੀਰੀ ਤੇ ਪੀਰੀ, ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ ਦਾ ਕਮਾਲ ਦਾ ਸੁਮੇਲ ਹੈ। ਇਨ੍ਹਾਂ ਵਿਚਕਾਰ ਭਿੰਨਤਾ (Distinctiveness) ਹੈ ਪਰ ਵਿਭੰਨਤਾ (Difference) ਨਹੀਂ ਹੈ ਸਗੋਂ ਇਹ ਸਾਰੇ ਇਕ ਦੂਜੇ ਦੇ ਪੂਰਕ ਹਨ। ਦਰਿਆ ਦੇ ਦੋ ਸਾਵੇਂ ਕੰਢਿਆਂ ਵਿਚਕਾਰ ਅਡੋਲ ਚੱਲ ਰਹੇ ਪਾਣੀ ਦੇ ਪ੍ਰਵਾਹ ਵਾਂਗ, ਇਨ੍ਹਾਂ ਵਿਚਕਾਰ ਜੀਵਨ ਰੌਂ, ਬਿਨਾਂ ਕਿਸੇ ਉਲਾਰ ਦੇ ਚਲਦੀ ਹੈ। **ਦੁੱਖ-ਸੁੱਖ, ਖ਼ੁਸ਼ੀ-ਗ਼ਮੀ, ਅਮੀਰੀ-ਗ਼ਰੀਬੀ, ਨਫ਼ੇ ਨੁਕਸਾਨ, ਮਾਨ-ਅਪਮਾਨ ਦੀ ਦਸ਼ਾ ਵਿਚ ਕਿਸੇ ਇਕ ਪਾਸੇ ਉਲਾਰ ਨਾ ਹੋਣਾ ਅਤੇ ਸਾਵਾਂ-ਪਧਰਾ ਰਹਿਣਾ ਹੀ ਸਹਿਜ ਮਾਰਗ ਹੈ।**

ਇਹ ਰਾਹ ਹੈ ਤਾਂ ਕਠਨ ਪਰ ਹੈ ਇਹ ਕੁਦਰਤ ਦੀ ਨਿਯਮਾਵਲੀ ਵਾਲਾ ਰਾਹ ਅਤੇ ਇਹ ਹੈ ਵੀ ਅਕਾਲ ਪੁਰਖ ਨਾਲ ਇਕ-ਮਿਕ ਹੋ ਜਾਣ ਦਾ ਰਾਹ। ਇਸ ਮਾਰਗ ਦਾ ਰਾਹੀ ਹੀ ਸਰਬੱਤ ਦਾ ਭਲਾ ਮੰਗਦਾ ਹੈ। **"ਜਲ ਮਹਿ ਕਮਲ ਨਿਰਾਲਮ"** ਦੀ ਤਰ੍ਹਾਂ ਰਹਿਣਾ ਹੀ ਗੁਰਮਤਿ ਦੀ ਸਹਿਜ ਦੀ ਜੀਵਨ ਜਾਚ ਹੈ। ਸਹਿਜ ਦੀ ਅਵਸਥਾ **"ਪ੍ਰਭ ਕੀ ਆਗਿਆ ਆਤਮ ਹਿਤਾਵੈ"** ਦੀ ਦਸ਼ਾ ਹੈ, **"ਹੁਕਮਿ ਰਜਾਈ ਚਲਣਾ"** ਦੀ ਅਵੱਸਥਾ ਹੈ ਅਤੇ **"ਗੋਬਿੰਦ ਸਿਉ ਲੀਨ"** ਹੋਣ ਦੀ ਦਸ਼ਾ ਹੈ। ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ ਵਿਚ ਧਰਮੀ ਹੋਣਾ ਸੁਖਾਲਾ ਹੈ ਪਰ ਦੁਨਿਆਵੀ ਕਾਰ-ਵਿਹਾਰ ਦੇ ਝਮੇਲਿਆਂ ਵਿਚ ਧਰਮੀ ਰਹਿ ਸਕਣਾ ਡਾਢਾ ਔਖਾ ਹੈ। ਗੁਰਮਤਿ ਜੀਵਨ ਜਾਚ ਦਾ ਧਾਰਨੀ ਕਿਰਤ ਕਰਦਿਆਂ, ਕਾਰਵਿਹਾਰ ਕਰਦਿਆਂ, ਰੋਜ਼ੀ ਕਮਾਉਂਦਿਆਂ, ਮਾਇਆ ਵਿਚ ਵਿਚਰਦਿਆਂ ਹੋਇਆਂ ਵੀ ਕਮਲ ਫੁੱਲ ਵਾਂਗ ਮਾਇਆ ਦੇ ਚਿੱਕੜ ਵਿੱਚ ਖਚਤ ਨਾ ਹੋ ਕੇ ਧਰਮੀ ਬਣ ਸਕਦਾ ਹੈ। ਮਨੁੱਖ ਦੇ ਆਤਮਿਕ ਜੀਵਨ ਦੀ ਨਾਜ਼ਕ ਰਫ਼ਤਾਰ ਨੂੰ ਇਕਸੁਰ ਤੇ ਇਕ ਸਾਰ ਰੱਖਣ ਲਈ ਦੁਨਿਆਵੀ ਜ਼ਿੰਮੇਵਾਰੀਆਂ, ਕਾਰ-ਵਿਹਾਰ ਦੇ ਝਮੇਲਿਆਂ ਅਤੇ ਔਕੜਾਂ ਕਠਿਨਾਈਆਂ ਦਾ ਹੋਣਾ ਕੁਦਰਤ ਦਾ ਨਿਯਮ ਹੈ। ਨਿਰੀ ਪਰਵਿਰਤੀ ਜਾਂ ਨਿਰਵਿਰਤੀ ਦੋਵੇਂ ਹਾਠਾਂ ਹਨ, ਅਤਿਵਾਦੀ ਹਨ, ਹੱਦਾਂ ਬੰਨ੍ਹੇ ਟੱਪਣ ਵਾਲੀਆਂ ਇਕ ਪਾਸੜ ਬਿਰਤੀਆਂ ਹਨ। ਗੁਰਮਤਿ ਦਾ ਫੈਸਲਾ ਸਪੱਸ਼ਟ ਹੈ—

**"ਪਰਵਿਰਤਿ ਨਿਰਵਿਰਤਿ ਹਾਠਾ ਦੋਵੈ,**
**ਵਿਚਿ ਧਰਮੁ ਫਿਰੈ ਰੈਬਾਰਿਆ॥"** (ਪੰਨਾ ੧੨੮੦)

ਸਰਬੱਤ ਦਾ ਭਲਾ ਉਹ ਹੀ ਮੰਗ ਸਕਦਾ ਹੈ ਜਿਹੜਾ ਆਪਣੇ-ਆਪ ਨੂੰ ਕਾਦਰ ਦੀ ਕੁਦਰਤ ਨਾਲ ਇਕਮਿਕ ਕਰ ਲੈਂਦਾ ਹੈ ਅਤੇ ਆਪਣੇ-ਆਪ ਨੂੰ ਰੱਬ ਦੀ ਰੱਬਤਾ ਨਾਲ ਜੋੜ ਲੈਂਦਾ ਹੈ। ਰੱਬਤਾ ਨਾਲ ਜੋੜ ਲੈਣ ਤੋਂ ਭਾਵ ਸਭ ਨੂੰ ਰੱਬ ਦੀ ਕਿਰਤ ਮੰਨ ਕੇ ਸਭਨਾਂ ਨੂੰ ਪਿਆਰ ਕਰਦਾ ਹੈ। ਅਜੇਹਾ ਗੁਰਮੁਖ **"ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ॥"** (ਪੰਨਾ ੧੨੯੯) ਦੀ ਗੁਰਮਤਿ ਸੋਚ ਨਾਲ ਸਭਨਾਂ ਵਿੱਚ ਇਕੋ ਪ੍ਰਭੂ ਵਸਦਾ ਵੇਖਕੇ ਪ੍ਰਸੰਨ ਹੁੰਦਾ ਹੈ ਅਤੇ **"ਨਾ ਕੋ ਬੈਰੀ ਨਹੀ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ"** (ਪੰਨਾ ੧੨੯੯) ਦਾ ਧਾਰਨੀ ਬਣਕੇ ਸਭ ਨੂੰ ਪਿਆਰ ਕਰਦਾ ਹੈ ਅਤੇ ਇਸ ਤਰ੍ਹਾਂ ਸੰਸਾਰ ਵਿੱਚ ਪਿਆਰ ਦੀਆਂ ਲਹਿਰਾਂ ਪੈਦਾ ਕਰਦਾ ਰਹਿੰਦਾ ਹੈ ਜਿਹੜੀਆਂ ਸਾਰੀ ਮਨੁੱਖਤਾ ਅੰਦਰ ਪਿਆਰ ਦੀ ਭਾਵਨਾ ਪੈਦਾ ਕਰਦੀਆਂ ਹਨ।

ਗੁਰਮਤਿ ਮਾਰਗ ਦਾ ਪਾਂਧੀ **"ਪਰ ਕਾ ਬੁਰਾ ਨ ਰਾਖਹੁ ਚੀਤ"** ਦੇ ਗੁਰ ਉਪਦੇਸ਼ ਨੂੰ ਸਦਾ ਸਾਹਮਣੇ ਰੱਖਦਾ ਹੈ ਅਤੇ ਸਭ ਲਈ ਸ਼ੁੱਭ-ਇਛਕ ਬਣਕੇ ਹਉਮੈ ਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ-ਭੁੱਜਦੇ ਜਗਤ ਦੀ ਭਲਾਈ ਵਾਸਤੇ ਜੋਦੜੀ ਕਰਦਾ ਹੈ—

**ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥**

*(ਪੰਨਾ ੮੫੩)*

ਕਿਤਨੇ ਫ਼ਖ਼ਰ ਵਾਲੀ ਗੱਲ ਹੈ ਕਿ ਸੰਸਾਰ ਦੇ ਸਾਰੇ ਧਰਮਾਂ ਵਿਚੋਂ ਕੇਵਲ ਸਿੱਖ ਧਰਮ ਹੀ ਇਕ ਅਜਿਹਾ ਧਰਮ ਹੈ ਜਿਸ ਦੇ ਅਨੁਯਾਈ ਰੋਜ਼ਾਨਾ ਸਵੇਰੇ-ਸ਼ਾਮ ਸਾਰੀ ਮਨੁੱਖਤਾ ਦਾ ਭਲਾ ਮੰਗਦੇ ਹਨ। ਸਿੱਖ ਧਰਮ ਦਾ "ਸਰਬੱਤ ਦਾ ਭਲਾ" ਮੰਗਣ ਦਾ ਸਿਧਾਂਤ ਇਕ ਅਜਿਹਾ ਸਦੀਵੀ ਚਾਨਣ ਮੁਨਾਰਾ ਹੈ ਜਿਹੜਾ ਜੁਗਾਂ ਜੁਗਾਂਤਰਾਂ ਤੀਕ ਸਾਰੀ ਲੋਕਾਈ ਲਈ ਪਥ-ਪ੍ਰਦਰਸ਼ਕ ਬਣਿਆ ਰਹੇਗਾ। ❑❑❑

## ਭਾਈ ਭੂਮੀਆਂ

(ਭਾਈ ਸਾਹਿਬ ਭਾਈ ਵੀਰ ਸਿੰਘ ਜੀ)

ਜਦ ਭੂਮੀਏ ਨੂੰ ਖ਼ਬਰ ਹੋਈ ਕਿ ਮੇਰੇ ਘਰ ਕੋਈ ਬੜੇ ਤੇਜ਼ ਰੂਪ ਵਾਲਾ ਸਤ ਪੁਰਖ ਆਇਆ ਹੈ...ਤਾਂ ਉਹ ਆਦਰ ਕਰਨ ਲਈ ਆਇਆ ਤੇ ਬੜੇ ਭਾਉ ਨਾਲ ਸੁਹਣੇ ਟਿਕਾਣੇ ਬਿਠਾ ਕੇ ਆਦਰ ਭਾਉ ਲੱਗਾ ਕਰਨ। ਦਰਸ਼ਨ ਕਰਕੇ ਠੰਢ ਪਈ, ਦਿਲ ਨੂੰ ਕਹਿਣ ਲੱਗਾ ਕਿ ਐਸਾ ਸੁਹਣਾ ਦੀਦਾਰ ਅੱਗੇ ਨਹੀਂ ਸੀ ਕਦੇ ਡਿੱਠਾ। ...ਫੇਰ ਆਖਣ ਲੱਗਾ, ਜੀਓ ਸੰਤ ਜੀ ! ਅੰਨ ਭੋਜਨ ਤਿਆਰ ਹੈ। ਆਓ ਆਪ ਜੀਵੋ। ਤਾਂ ਸਤਿਗੁਰੂ ਜੀ ਨੇ ਆਖਿਆ, "ਭਾਈ ਭਲਾ ਹੋਵੀ, ਅਸਾਂ ਨੂੰ ਪਹਿਲੋਂ ਦਸ ਜੇ ਤੂੰ ਕਿਰਤ ਕੀਹ ਕਰਦਾ ਹੈਂ ?" ਇਹ ਸੁਣਕੇ ਭੂਮੀਏ ਦੇ ਜੀਅ ਵਿਚ ਇਕ ਟੋਆ ਜਿਹਾ ਪੈ ਗਿਆ। ਸੋਚਣ ਲੱਗਾ ਕਿ ਜੇ ਮੈਂ ਆਖਦਾ ਹਾਂ ਕਿ ਚੋਰੀ ਕਰਦਾ ਤੇ ਧਾੜੇ ਮਾਰਦਾ ਹਾਂ ਤਾਂ ਗਲ ਕੋਝੀ ਹੋਈ ਤੇ ਜੇ ਕੂੜ ਮਾਰਦਾ ਹਾਂ ਤਾਂ ਇਹ ਪੂਰੇ ਭਾਂਡੇ ਜਾਪਦੇ ਹਨ, ਲਖ ਲੈਣਗੇ। ...ਸ੍ਰੀ ਗੁਰੂ ਜੀ ਇਸਦੇ ਚੇਹਰੇ ਵਲ ਪਵਿੱਤਰ ਨਜ਼ਰ ਪਾ ਕੇ ਤਕ ਰਹੇ ਸਨ। ...ਉਸਦੇ ਮੂੰਹੋਂ ਨਿਕਲ ਗਿਆ, "ਦਾਤਾ ਮੇਰੇ ! ਰੋਜ਼ੀ ਮੇਰੀ ਮਾੜੀ ਹੈ, ਕਿਰਤ ਮੇਰੀ ਚੰਗੀ ਨਹੀਂ, ਤੁਸਾਂ ਪੁੱਛਿਆ ਹੈ ਦਸੋ ਤੇ ਮੈਨੂੰ ਡਰ ਲੱਗਦਾ ਹੈ ਸੱਚ ਬੋਲਣ ਤੋਂ, ਪਰ ਸੱਚ ਤਾਂ ਇਹ ਜੇ ਕਿ ਮੈਂ ਦਿਨੇ ਰਾਹ ਖਹਿੜੇ ਲੁਟਦਾ ਹਾਂ, ਰਾਤੀ ਚੋਰੀਆਂ ਕਰਵਾਉਂਦਾ ਹਾਂ, ਪਰ ਇਕ ਗਲ ਜੇ ! ਮੈਂ ਲਾਉਂਦਾ ਭਲੇ ਅਰਥ ਹਾਂ, ਆਇਆ ਗਿਆ ਸਾਧ ਸੰਤ ਸਭ ਵਰੋਸਾਕੇ ਜਾਂਦਾ ਹੈ ਏਥੋਂ। ...ਸਤਿਗੁਰੂ ਜੀ ਮੁਸਕਰਾਏ ਤੇ ਕਹਿਣ ਲੱਗੇ, 'ਭਲਾ ਹੋਵੀ, ਸੱਚ ਬੋਲਿਆ ਈ'।

**ਭੂਮੀਆਂ**—ਅਗੇ ਤਾਂ ਹੀਲੇ ਨਾਲ ਕਦੇ ਨਹੀਂ ਕਿਸੇ ਮੈਥੋਂ ਏਦਾਂ ਪੁਛਿਆ। ਪਰ ਹੇ ਸਤਿ ! ਤੇਰੇ ਨੈਣਾਂ ਵਿਚ ਪਤਾ ਨਹੀਂ ਕੀ ਹੈ, ਅੱਜ ਪਹਿਲਾ ਦਿਨ ਹੈ ਕਿ ਮੈਂ ਕੰਬਿਆ ਹਾਂ ਤੇ ਆਪਣਾ ਕੀਤਾ ਆਪ ਸੱਚ ਕਹਿ ਦਿੱਤਾ ਹੈ। ਲਓ ਹੁਣ ਆਓ ਭੋਜਨ ਖਾਓ।

**ਸਤਿਗੁਰੂ**—ਜਦ ਭਾਈ ਤੇਰੀ ਕਮਾਈ ਤੂੰ ਆਪ ਮਾੜੀ ਦੱਸੀ ਹੈ ਤਾਂ ਤੇਰਾ ਭੋਜਨ ਫਕੀਰਾਂ ਦੇ ਖਾਣ ਦਾ ਨਹੀਂ ਹੈ।

**ਭੂਮੀਆਂ**—ਜਦ ਸਭ ਕੁਝ ਮੈਂ ਭਲੇ ਅਰਥ ਪਿਆ ਲਾਉਂਦਾ ਹਾਂ ਤਾਂ ਵੀ ਕਮਾਈ ਵਿਚ ਦੋਸ਼ ਹੈ ?

**ਸਤਿਗੁਰੂ**—ਜਿਨ੍ਹਾਂ ਨੂੰ ਤੂੰ ਮਾਰਦਾ ਹੈਂ, ਖੋਹਦਾ ਹੈਂ, ਓਹ ਰੋਂਦੇ ਹਨ, ਦੁਖੀ ਹੁੰਦੇ ਹਨ। ਦੱਸ ਉਸ ਪਦਾਰਥ ਨਾਲ ਕੀਤੇ ਪੁੰਨ ਕਿਸ ਤਰ੍ਹਾਂ ਉਗ ਸਕਦੇ ਹਨ।...

**ਭੂਮੀਆਂ ਸੋਚੀਂ ਪੈ ਗਿਆ, ਉਸਦੇ ਪਾਪ ਕੰਬੇ...**

**ਸਤਿਗੁਰੂ**—ਭਾਈ ਇਹ ਕਿਰਤ ਛੋੜ, ਧਰਮ ਕਿਰਤ ਕਰ ਤਾਂ ਭਲਾ ਹੋਵੇਗਾ। **ਰਤ ਨਾਲ ਲਿਬੜਿਆ 'ਧਨ'** ਅਸੀਸਾਂ ਨਾਲ **'ਧਰਮ ਧਨ'** ਨਹੀਂ ਬਣ ਸਕਦਾ। ਜੇ ਤੈਨੂੰ ਫੋੜੇ ਹਨ, ਫੋੜਿਆਂ ਦਾ ਦੁੱਖ ਤੂੰ ਸਹਿਣਾ ਹੈ। ਤੇਰੇ ਫੋੜਿਆਂ ਦਾ ਦੁੱਖ ਤੇਰੇ ਘਰੋਂ ਖਾਣ ਵਾਲਿਆਂ ਨੇ ਨਹੀਂ ਸਹਿਣਾ। ਦੇਖ ਜੇ ਕਿਸੇ ਦਿਨ ਤੂੰ ਰਾਜੇ ਦੇ ਢਹੇ ਚੜ੍ਹ ਗਿਆ ਤਾਂ ਸੂਲੀ ਕੌਣ ਚੜ੍ਹੇਗਾ, ਤੂੰ ਕਿ ਤੇਰੇ ਘਰ ਖਾ ਗਏ ਸਾਧ ਫਕੀਰ ? ਏਸੇ ਤਰ੍ਹਾਂ ਵੀਚਾਰ ਲੈ ਕਿ ਧਰਮ ਜਿਥੇ ਤੁਲੇਗਾ ਉਥੇ ਤੂੰ ਮਰੇਗਾਂ (ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ)। ਆਪਣੇ ਅੰਦਰ ਝਾਤੀ ਮਾਰ...ਅੱਜ ਤੂੰ ਸੱਚ ਬੋਲਿਆ ਹੈਂ। ਤੇਰੇ ਤੇ ਮਿਹਰ ਹੋ ਸਕਦੀ ਹੈ ਪਰ ਤਾਂ, ਜੇ ਤੂੰ ਅਗੋਂ ਨੂੰ ਇਹ ਕਿੱਤਾ ਛੱਡ ਦੇਵੇਂ ਤੇ ਧਰਮ ਕਿਰਤ ਕਰੇਂ। ਧਰਮ ਦੀ ਕਿਰਤ ਵਿਚੋਂ ਭਲੇ ਅਰਥ ਲਾਵੇਂ ਤਾਂ ਤੇਰਾ ਦਿੱਤਾ ਥਾਂ ਪਵੇਗਾ (**ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ**)। ਭੂਮੀਆਂ ਸੋਚਣ ਲੱਗ ਪਿਆ, ਸਿਰ ਫੇਰਨ ਲੱਗ ਪਿਆ 'ਉਂ ਉਂ' ਦੀ ਆਵਾਜ਼ ਆਵੇ ਤੇ ਬੰਦ ਹੋ ਹੋ ਜਾਵੇ। ਫੇਰ ਮੱਥੇ ਤੇ ਹੱਥ ਫੇਰਕੇ ਕਹਿਣ ਲੱਗਾ ਹੇ ਚੀਰਵੀ ਨਜ਼ਰਾਂ ਵਾਲਿਆ ਅੰਦਰ ਵਿੰਨ੍ਹ ਘੱਤਿਆ ਈ। ਕੀਹ ਆਖਾਂ ਝੂਠ ਬੋਲਣ ਦੀ ਹਿੰਮਤ ਹਾਰ ਗਈ ਆ, ਵਲਾਂ ਕਰਨਾ ਭੁਲ ਗਿਆ ਹਾਂ, ਤੂੰ ਕੋਈ ਆਪ 'ਸੱਚ' ਹੈਂ ਜੋ ਤੇਰੇ ਸਾਹਮਣੇ ਝੂਠ ਆਉਂਦਾ ਨਹੀਂ... ਮੇਰੇ ਤੇ ਮਿਹਰ ਕਰ ਤੇ ਮੇਰੇ ਕੀਤੇ ਹੋਏ ਕਰਮ ਬਖਸ਼ ਦੇਹ, ਪਰ ਹੇ ਬਖਸ਼ਣਹਾਰ ਰੱਖ ਭਾਵੇਂ ਮਾਰ, ਮੇਰਾ ਹੋ ਚੁਕਾ ਏ ਸੁਭਾਵ ਏਹੋ ਚੋਰੀਆਂ ਤੇ ਧਾੜੇ, ਮੈਥੋਂ ਨਹੀਉਂ ਛੁਟਣੇ।...

ਸਤਿਗੁਰ ਸੂਰਾ ਵੈਦ ਸੀ। ਉਹ ਜਾਣਦਾ ਸੀ...ਪੀੜ੍ਹੀਆਂ ਦਾ ਦਿੱਤਾ ਤੇ ਉਮਰਾਂ ਦਾ ਸੁਭਾਉ ਕਹਿਣ ਮਾਤ੍ਰ ਨਾਲ ਨਹੀਂ ਛੁੱਟ ਸਕਦਾ। ਇਹ ਪਾਪ ਵਿਚ ਪਥਰਾ ਗਿਆ, ਦਿਲ ਸਹਿਜੇ ਸਹਿਜੇ ਨਰਮ ਹੋਵੇਗਾ। ਇਸਨੂੰ ਉਸ ਰਾਹੇ ਪਾ ਦੇਈਏ ਕਿ ਆਪੇ ਇਸ ਤੋਂ ਬੇ ਮਲੂੰਮੇ ਇਹ ਮਾੜਾ ਕੰਮ ਜੋ ਕਰ ਰਿਹਾ ਹੈ ਛੁੱਟ ਜਾਏ ਤਾਂ ਸ੍ਰੀ ਗੁਰੂ ਜੀ ਆਖਣ ਲੱਗੇ—ਭੂਮੀਆਂ ! ਰੱਬ ਹੈ ਤੇ ਉਸ ਸਦਾ ਰਹਿਣਾ ਹੈ ਤੇ ਹੋਰ ਸਭਨਾਂ ਮਰਨਾ ਹੈ, ਪਰ ਮਰਕੇ ਮਿਟ ਨਹੀਂ ਜਾਣਾ ਮੂਲੋਂ, ਫੇਰ ਰਹਿਣਾ ਹੈ ਨਾ ਜੀਵਨ ਨੇ ਰਹਿਣਾ ਹੈ ਕਿਸੇ ਰੰਗ। ਰਬ ਸੱਚ ਹੈ, ਸੱਚ ਨਾਲ ਮਿਲਦਾ ਹੈ ਤੇ ਸੱਚ ਨਾਲ ਮਿਲਿਆਂ ਹੀ ਕੂੜੇ ਕਰਮਾਂ ਨੇ ਨਾਸ਼ ਹੋਣਾ ਹੈ। ...ਸੱਚੀ ਸਿਖਿਆ ਧਾਰਨ ਨਾਲ ਹੀ ਮੁਕਤੀ ਦਾ ਦਰਵਾਜ਼ਾ ਖੁਲ੍ਹ ਜਾਂਦਾ ਹੈ। ਸੱਚੀ ਸਿਖਿਆ ਹੈ ਉਸਦਾ ਨਾਮ।...

**ਭੂਮੀਆਂ**—ਸੱਚ ? ਸੱਚ ? ਸੱਚ ? ਹੱਛਾ ਹੁਣ ਮੈਂ ਸੱਚ ਧਾਰਨ ਕਰ ਲਵਾਂ। ਸਦਾ ਸੱਚ ਬੋਲਾਂ ? ਸੱਚ ਨੂੰ ਪਿਆਰ ਕਰਾਂ ? ਦੂਜੀ ਗਲ, ਕੋਈ ਮੈਨੂੰ ਸੱਚੀ ਗਲ ਆਖੇ ਚਾਹੇ ਕੌੜੀ ਹੋਵੇ ਸਹਿ ਲਵਾਂ ਕਿ ਸੱਚੀ ਹੈ ? ਹੈਂ ? ਠੀਕ ਹੈ ਜੀਓ !

ਅੰਦਰੋਂ ਸੱਚਾ ਹੋਵਾਂ, ਲੋਕੀਂ ਕੁਛ ਸਮਝਣ ਪਏ, ਮੈਂ ਅੰਦਰੋਂ ਸੱਚਾ ਹੋਵਾਂ। ਹੈਂ ? ਠੀਕ ! ਮੈਂ ਫਿਰ ਸੱਚ ਲੱਭ ਲਵਾਂ, ਉਹ ਤਾਂ ਮੇਰੇ ਵੱਸ ਨਾ ਨਾ ਹੋਇਆ, ਪਰ ਹੈ ਉਹ ਸੱਚ... ਹੱਛਾ ਜੀ ! ਹੁਣ ਗਲ ਕੋਈ ਮੋਟੀ ਜਿਹੀ ਕਰਕੇ ਦੱਸ ਦਿਓ ਨਾ।

ਗੁਰੂ ਜੀ—ਭਾਈ ਇਕ ਬਚਨ ਤਾਂ ਇਹ ਹਈ ਕਿ ਸੱਚ ਧਾਰਨ ਕਰ, ਸੱਚ ਬੋਲ, ਸੱਚ ਸੁਣ, ਸੱਚੀ ਸਿੱਖਿਆ ਸੁਣ ਜੋ ਤੈਨੂੰ ਦੇ ਰਹੇ ਹਾਂ, ਅੰਦਰੋਂ ਸੱਚਾ ਰਹੁ, ਸੱਚਾ ਨਾਮ ਜਪ। ਦੂਜੀ ਗੱਲ ਇਹ ਹਈ ਕਿ ਦਇਆ ਕਰਿਆ ਕਰ, ਗਰੀਬਾਂ ਤੇ ਦਇਆ ਕਰ। ਤੀਜੀ ਗੱਲ ਇਹ ਕਿ ਤੂੰ ਇਉਂ ਸਮਝ ਲੈ ਕਿ ਲੂਣ ਖਾਕੇ ਬੁਰਾ ਨਾ ਕਰੀਂ ਕਿਸੇ ਦਾ। ਜੇ ਤੂੰ ਤਿੰਨੇ ਬਚਨ ਪਾਲੇਂਗਾ ਤਾਂ ਕਰਮ ਸ਼ੁਧ ਹੋ ਜਾਣਗੇ ਤੇ ਮਿਹਰ ਹੋ ਜਾਏਗੀ, ਤੂੰ ਬਖਸ਼ਿਆ ਜਾਏਂਗਾ...।

ਭੂਮੀਆਂ—ਹੈ ਤਾਂ ਇਹ ਔਖੀ ਗੱਲ ਪਰ ਜੇ ਆਪ ਜੀ ਦੀ ਨਦਰਿ ਹੋ ਜਾਏ ਤਾਂ ਫਿਰ ਔਖਾ ਵੀ ਸੌਖਾ ਹੋ ਜਾਂਦਾ ਹੈ। ਇਸ ਤਰ੍ਹਾਂ ਮੈਂ ਬਚਨ ਪਾਲਣ ਦਾ ਯਤਨ ਕਰਾਂਗਾ।

ਇਕ ਦਿਨ ਰਾਤ ਨੂੰ ਚੰਗੀ ਪੁਸ਼ਾਕ ਪਹਿਨ ਕੇ ਰਾਜਾ ਦੇ ਘਰ ਚੋਰੀ ਕਰਨ ਗਿਆ। ਡਿਉਢੀ ਵਾਲੇ ਨੇ ਪੁੱਛਿਆ ਕਿ ਆਪ ਕੌਣ ਹੋ ? ਉਸ ਨੇ ਸੱਚ ਕਿਹਾ ਕਿ ਮੈਂ ਚੋਰ ਹਾਂ। ਉਸ ਨੇ ਮਖੌਲ ਸਮਝ ਕੇ ਨਾ ਰੋਕਿਆ। ਅੰਦਰ ਜਾ ਕੇ ਉਹ ਕਿਲੇ ਦੇ ਇਕ ਕੋਨੇ ਵਿਚ ਲੁਕ ਗਿਆ। ਜਦ ਸਾਰੇ ਸੌਂ ਗਏ ਤਾਂ ਰਾਣੀ ਦੇ ਗਹਿਣੇ ਆਦਿਕ ਬੰਨ੍ਹ ਕੇ ਤੁਰ ਪਿਆ। ਉਸ ਨੇ ਜਾਂਦਿਆਂ ਜਾਂਦਿਆਂ ਰਸੋਈ ਵਿਚੋਂ ਲੂਣ ਆਪਣੇ ਮੂੰਹ ਵਿਚ ਪਾ ਲਿਆ। ਸੋ ਗੁਰੂ ਜੀ ਦਾ ਹੁਕਮ ਯਾਦ ਕਰਕੇ ਕਿ ਲੂਣ ਖਾ ਕੇ ਕਿਸੇ ਦਾ ਬੁਰਾ ਨਹੀਂ ਕਰਨਾ, ਪੰਡ ਬੰਨ੍ਹੀ ਬੰਨ੍ਹਾਈ ਛਡ ਕੇ ਓਹ ਉਸੇ ਤਰ੍ਹਾਂ ਹੀ ਸੱਚ ਆਖ ਕੇ ਬਾਹਰ ਚਲਾ ਗਿਆ।

ਦਿਨ ਚੜ੍ਹੇ ਰਾਜੇ ਨੂੰ ਖਬਰ ਹੋਈ ਕਿ ਸਭ ਮਾਲ ਬੰਨ੍ਹ ਕੇ ਕੋਈ ਚੋਰ ਛਡ ਗਿਆ ਹੈ। ਜਦ ਰਾਜੇ ਨੇ ਨਗਰ ਵਿਚ ਢੰਡੋਰਾ ਫਿਰਾਇਆ ਕਿ ਜਿਸ ਨੇ ਮਹੱਲਾਂ ਵਿਚ ਚੋਰੀ ਕੀਤੀ ਹੈ ਓਹ ਹਾਜਰ ਹੋਵੇ ਉਸ ਨੂੰ ਇਨਾਮ ਮਿਲੇਗਾ ਅਤੇ ਮਾਫ਼ ਕੀਤਾ ਜਾਵੇਗਾ। ਢੰਡੋਰਾ ਸੁਣ ਕੇ ਭੂਮੀਆ ਹਾਜ਼ਰ ਹੋਇਆ।

ਰਾਜੇ ਨੇ ਪੁੱਛਿਆ ਕਿ ਤੂੰ ਗਹਿਣਿਆਂ ਦੀ ਪੰਡ ਬੰਨ੍ਹ ਕੇ ਕਿਉਂ ਛੱਡ ਗਿਆ ਹੈਂ। ਉਸ ਨੇ ਕਿਹਾ ਕਿ ਮੈਂ ਗੁਰੂ ਨਾਨਕ ਜੀ ਦਾ ਹੁਕਮ ਮੰਨਿਆ ਹੈ ਜੋ ਲੂਣ ਖਾ ਕੇ ਬੁਰਾ ਨਹੀਂ ਕਰਨਾ;

ਇਹ ਸੁਣ ਕੇ ਰਾਜਾ ਬਹੁਤ ਖ਼ੁਸ਼ ਹੋਇਆ ਅਤੇ ਉਸ ਨੇ ਭੂਮੀਏ ਨੂੰ ਕਿਹਾ ਕਿ ਤੂੰ ਆਪਣਾ ਅਤੇ ਸੰਤਾਂ ਦਾ ਖਰਚ ਮੇਰੇ ਖਜ਼ਾਨੇ ਵਿਚੋਂ ਲਿਆ ਕਰ ਤੇ ਮੈਨੂੰ ਗੁਰੂ ਨਾਨਕ ਜੀ ਦਾ ਦਰਸ਼ਨ ਕਰਾ।

ਸਮਾਂ ਪਾ ਕੇ ਗੁਰੂ ਜੀ ਫਿਰ ਉਸ ਨਗਰ ਵਿਚ ਆਏ। ਰਾਜਾ ਨੂੰ ਆਪਣੇ ਨਾਲ ਲੈ ਕੇ ਭੂਮੀਆਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਦਰਸ਼ਨਾਂ ਨੂੰ ਹਾਜ਼ਰ ਹੋਇਆ। ਦੋਵੇਂ ਗੁਰੂ ਜੀ ਦੇ ਸਿੱਖ ਬਣ ਕੇ ਪਿਛਲੀ ਰਾਤ ਉਠਕੇ ਇਸ਼ਨਾਨ ਕਰਕੇ ਭਜਨ ਕਰਨ ਲੱਗੇ। ਉਸ ਦੇਸ਼ ਵਿਚ ਗੁਰਸਿੱਖੀ ਦਾ ਪ੍ਰਚਾਰ ਹੋਇਆ।

ਭਾਈ ਗੁਰਦਾਸ ਜੀ ਨੇ ਇਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ—

ਚੋਰ ਗਿਆ ਘਰ ਸ਼ਾਹ ਦੇ ਜਾ ਅੰਦਰ ਵੜਿਆ।
ਕਛਾਂ ਕੁੰਨਾ ਮਾਲਦਾ ਚੌਬਾਰੇ ਚੜਿਆ।
ਸੋਇਨਾ ਰੁਪਾ ਅਗਲਾ ਅਗਲਾ ਹੀ ਅੜਿਆ।
ਲੋਭ ਲਹਿਰ ਹਲਕਾਇਆ ਲੂਨ ਹਾਂਡਾ ਫੜਿਆ।
ਚੁਖਕ ਲੈ ਕੇ ਚਖਿਆ ਉਸ ਕਖ ਨਾ ਖੜਿਆ।
ਲੂਣ ਹਰਾਮੀ ਗੁਨਹਗਾਰ ਧੜ ਧੰਮੜ ਧੜਿਆ।।੧੯।।

## ਪਾਠਕਾਂ ਪ੍ਰਤੀ ਬੇਨਤੀ

**ਅਸੀਂ ਅਗਲੇ ਮਹੀਨੇ ਦਾ ਪਰਚਾ 28 ਤਰੀਕ ਨੂੰ ਡਾਕ ਵਿੱਚ ਪਾ ਦਿੰਦੇ ਹਾਂ। ਹਜ਼ਾਰਾਂ ਵਿੱਚੋਂ ਕਿਸੇ ਦਾ ਰੈਪਰ ਫੱਟ ਜਾਂਦਾ ਹੈ, ਕੋਈ ਚੁਰਾ ਲਿਆ ਜਾਂਦਾ ਹੈ ਤੇ ਕੋਈ ਟਿਕਾਣੇ ਪਹੁੰਚ ਕੇ ਨਜ਼ਰੋਂ ਉਟਕ ਜਾਂਦਾ ਹੈ। ਜੇਕਰ ਪਰਚਾ 15 ਤਰੀਕ ਤਕ ਨਾ ਮਿਲੇ ਤਾਂ ਚਿੱਠੀ ਲਿਖ ਕੇ ਪਰਚਾ ਮੰਗਵਾਉਣ ਤੋਂ ਸੰਕੋਚ ਨਾ ਕਰੋ। ਅਸੀਂ ਤੁਹਾਡੀ ਮੰਗ ਪਹੁੰਚਣ ਤੇ ਫੌਰਨ ਦੂਜਾ ਪਰਚਾ ਭੇਜ ਦਿੰਦੇ ਹਾਂ। ਕਈ ਪਾਠਕ 6-6 ਮਹੀਨੇ ਬਾਅਦ ਚਿੱਠੀ ਲਿਖਦੇ ਹਨ ਕਿ ਸਾਡਾ ਮੈਗਜ਼ੀਨ ਨਹੀਂ ਪਹੁੰਚਿਆ, ਉਸ ਵਕਤ ਤੱਕ ਪੁਰਾਣੇ ਮੈਗਜ਼ੀਨ ਸਾਡੇ ਸਟਾਕ ਵਿੱਚੋਂ ਖ਼ਤਮ ਹੋ ਚੁੱਕੇ ਹੁੰਦੇ ਹਨ। ਜਿਸ ਕਰਕੇ ਅਸੀਂ ਪਿਛਲਾ ਪਰਚਾ ਭੇਜਣ ਤੋਂ ਅਸਮਰਥ ਹੋ ਜਾਂਦੇ ਹਾਂ। ਸੋ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਜਿਸ ਮਹੀਨੇ ਦਾ ਪਰਚਾ ਨਾ ਮਿਲੇ, ਉਸੇ ਮਹੀਨੇ ਚਿੱਠੀ ਪੱਤਰ ਕਰਕੇ ਪਰਚਾ ਮੰਗਵਾਉਣ ਤੋਂ ਸੰਕੋਚ ਨਾ ਕਰੋ ਜੀ।**

**ਨੋਟ : ਚਿੱਠੀ ਪੱਤਰ ਕਰਨ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ ਜੀ।**




ਵੀਰ ਦਵਿੰਦਰ ਸਿੰਘ ਵਲੋਂ ਤਿਆਰ ਕੀਤੇ ਸਿੱਖ ਅਜਾਇਬ ਘਰ ਦਾ ਦ੍ਰਿਸ਼



ਪੁਛ ਗਿੱਛ ਕਾਊਂਟਰ ਤੇ ਬੈਠੇ ਵੀਰ



ਸੰਗਤ ਵਿੱਚ ਜੁੜੀਆਂ ਬੀਬੀਆਂ



ਮਿਸ਼ਨਰੀ ਵੀਰ ਤੇ ਬੀਬੀਆਂ ਗਤਕੇ ਦੇ ਜੌਹਰ ਵਿਖਾ ਰਹੇ ਹਨ